PUNJABI UNIVERSITY PATIALA

**ਬੀ. ਏ. ਭਾਗ ਤੀਜਾ** **ਇਤਿਹਾਸ-ਪਰਚਾ ਏ**

**(ਸਮੈਸਟਰ ਪੰਜਵਾਂ)** **ਵਿਸ਼ਵ ਦਾ ਇਤਿਹਾਸ (1500–1950)**

**ਯੂਨਿਟ ਨੰ. 2**

ਪਾਠ ਨੰ :


2.1 : ਉਦਯੋਗਿਕ ਕ੍ਰਾਂਤੀ ਦੇ ਕਾਰਣ ਅਤੇ ਸਿੱਟੇ

2.2 : 1917 ਈ. ਦੀ ਰੂਸੀ ਕ੍ਰਾਂਤੀ ਦੇ ਕਾਰਣ ਅਤੇ ਮਹੱਤਤਾ

2.3 : ਪਹਿਲੇ ਸੰਸਾਰ ਯੁੱਧ ਦੇ ਕਾਰਣ

2.4 : ਫਾਸਿਜ਼ਮ ਅਤੇ ਨਾਜ਼ੀਜ਼ਮ ਦਾ ਉੱਥਾਨ

2.5 : ਦੂਜੇ ਵਿਸ਼ਵ ਯੁੱਧ ਦੇ ਕਾਰਣ ਅਤੇ ਪ੍ਰਭਾਵ

2.6 : 1949 ਦੀ ਚੀਨੀ ਕ੍ਰਾਂਤੀ


**ਨੋਟ : ਵਿਦਿਆਰਥੀ ਸਿਲੇਬਸ ਵਿਭਾਗ ਦੀ ਵੈਬਸਾਈਟ www.pbidde.org ਤੋਂ ਡਾਊਨਲੋਡ ਕਰਨ।**


ਡਿਸਟੈਂਸ ਐਜੂਕੇਸ਼ਨ ਵਿਭਾਗ

ਪੰਜਾਬੀ ਯੂਨੀਵਰਸਿਟੀ, ਪਟਿਆਲਾ



(ਸਭ ਹੱਕ ਰਾਖਵੇਂ ਹਨ)

**ਪਾਠ ਨੰਬਰ : 2.1**

# ਉਦਯੋਗਿਕ ਕ੍ਰਾਂਤੀ ਦੇ ਕਾਰਣ ਅਤੇ ਸਿੱਟੇ
# (Industrial Revolution)

## ਉਦੇਸ਼ (Objectives)

ਇਸ ਪਾਠ ਨੂੰ ਪੜ੍ਹਨ ਉਪਰੰਤ ਤੁਹਾਨੂੰ ਇਸ ਤਰ੍ਹਾਂ ਦੀ ਜਾਣਕਾਰੀ ਮਿਲੇਗੀ –

* ਉਦਯੋਗਿਕ ਕ੍ਰਾਂਤੀ ਦਾ ਅਰਥ
* ਉਦਯੋਗਿਕ ਕ੍ਰਾਂਤੀ ਦੇ ਵੱਖ–ਵੱਖ ਕਾਰਣ
    1. ਵਪਾਰਕ ਅਤੇ ਉਦਯੋਗਿਕ ਉੱਨਤੀ
    2. ਆਵਾਜਾਈ ਦੇ ਸਾਧਨਾਂ ਦੀ ਉੱਨਤੀ
    3. ਪੁਨਰ ਜਾਗ੍ਰਤੀ ਦੀ ਦੇਣ
* ਉਦਯੋਗਿਕ ਕ੍ਰਾਂਤੀ ਦਾ ਵੱਖ–ਵੱਖ ਦੇਸ਼ਾਂ ਵਿਚ ਵਿਕਾਸ
    1. ਇੰਗਲੈਂਡ
    2. ਬੈਲਜੀਅਮ
    3. ਫਰਾਂਸ
    4. ਜਰਮਨੀ
    5. ਇਟਲੀ
    6. ਰੂਸ
    7. ਅਮਰੀਕਾ
* ਉਦਯੋਗਿਕ ਕ੍ਰਾਂਤੀ ਦੇ ਪ੍ਰਭਾਵ
    1. ਸਮਾਜਿਕ
    2. ਆਰਥਿਕ
    3. ਰਾਜਨੀਤਿਕ
    4. ਫੈਕਟਰੀ ਕਾਨੂੰਨ
    5. ਟਰੇਡ ਯੂਨੀਅਨ ਅਤੇ ਮਜ਼ਦੂਰ ਅੰਦੋਲਨ

**ਉਦਯੋਗਿਕ ਕ੍ਰਾਂਤੀ ਦਾ ਅਰਥ :** ਉਦਯੋਗਕ ਕ੍ਰਾਂਤੀ ਤੋਂ ਭਾਵ ਉਨ੍ਹਾਂ ਸਾਰੇ ਆਰਥਿਕ ਅਤੇ ਸਮਾਜਿਕ ਪਰਿਵਰਤਨਾਂ ਤੋਂ ਹੈ ਜਿਨ੍ਹਾਂ ਰਾਹੀਂ ਵਿਸ਼ਵ ਸਭਿਅਤਾ ਵਿਚ ਉਦਯੋਗਿਕ ਵਿਕਾਸ ਹੋਇਆ। ਮਸ਼ੀਨਾਂ ਰਾਹੀਂ

ਬਹੁਤ ਜ਼ਿਆਦਾ ਮਾਤਰਾ ਵਿਚ ਚੀਜ਼ਾਂ ਬਣੀਆਂ ਅਤੇ ਉਨ੍ਹਾਂ ਦੀ ਦੁਨੀਆਂ ਵਿਚ ਵੰਡ ਬਹੁਤ ਆਬਾਦੀ ਤੇ ਨਿਰਭਰ ਕਰਦੀ ਹੈ। ਇਸ ਤਰ੍ਹਾਂ ਉਦਯੋਗਿਕ ਕ੍ਰਾਂਤੀ ਵਿਚ ਬਹੁਤ ਸਾਰੀਆਂ ਛੋਟੀਆਂ-ਛੋਟੀਆਂ ਕ੍ਰਾਂਤੀਆਂ ਜਿਵੇਂ ਮਕੈਨਿਕੀ, ਟ੍ਰਾਂਸਪੋਰਟ, ਕਾਮਰਸ ਅਤੇ ਸੰਪਤੀ ਦੀ ਵਰਤੋਂ ਸ਼ਾਮਿਲ ਹਨ। ਸਭ ਤੋਂ ਪਹਿਲਾਂ 1884 ਈ. ਵਿਚ ਉਦਯੋਗਿਕ ਕ੍ਰਾਂਤੀ ਦਾ ਨਾਮ ਆਰਨੋਲਡ ਟਾਇਨਬੀ ਨੇ ਦਿੱਤਾ। ਇੰਞ ਕਹਿਣ ਦੇ ਕਾਰਣ ਉਸ ਦੇ ਅਨੁਸਾਰ ਇਹ ਹਨ : ਇਨ੍ਹਾਂ ਤਬਦੀਲੀਆਂ ਤੋਂ ਬਾਅਦ ਵੱਡੇ-ਵੱਡੇ ਕਾਰਖਾਨਿਆਂ ਵਿਚ ਮਸ਼ੀਨਾਂ ਦੀ ਸ਼ਕਤੀ ਨਾਲ ਬਹੁਤ ਗਿਣਤੀ ਵਿਚ ਚੀਜ਼ਾਂ ਇਕੱਠੀਆਂ ਹੀ ਤਿਆਰ ਹੋ ਜਾਂਦੀਆਂ ਹਨ। ਇਨ੍ਹਾਂ ਕਾਰਖਾਨਿਆਂ ਨੂੰ ਚਾਲੂ ਕਰਨ ਲਈ ਬਹੁਤ ਪੈਸਾ ਲਾਇਆ ਜਾਂਦਾ ਸੀ ਤੇ ਇਕ ਮਸ਼ੀਨ ਤੇ ਕੰਮ ਕਰਨ ਲਈ ਮਜ਼ਦੂਰ ਲਗਾਉਣੇ ਪੈਂਦੇ ਸਨ। ਪਰ ਕੁਝ ਵਿਚਾਰਵਾਨ ਕ੍ਰਾਂਤੀ ਸ਼ਬਦ ਨੂੰ ਠੀਕ ਨਹੀਂ ਮੰਨਦੇ ਤੇ ਇਨ੍ਹਾਂ ਤਬਦੀਲੀਆਂ ਲਈ ਵਿਕਾਸ (Evolution) ਦਾ ਸ਼ਬਦ ਵਰਤਣਾ ਠੀਕ ਸਮਝਦੇ ਹਨ, ਕਿਉਂਕਿ ਇਨ੍ਹਾਂ ਤਬਦੀਲੀਆਂ ਦੇ ਆਉਣ ਵਿਚ ਕਈ ਸੌ ਸਾਲ ਲੱਗ ਗਏ। ਭਾਵੇਂ ਇਹ ਤਬਦੀਲੀ ਲਿਆਉਣ ਵਿਚ ਇੰਨਾ ਸਮਾਂ ਲੱਗ ਗਿਆ, ਪਰੰਤੂ ਇਸ ਨੇ ਪੈਦਾਵਾਰ ਦੇ ਸਾਧਨ ਬਿਲਕੁਲ ਬਦਲ ਦਿੱਤੇ ਤੇ ਪੂਰੇ ਉਦਯੋਗ ਨੂੰ ਜੜੋਂ ਹੀ ਬਦਲ ਦਿੱਤਾ। ਪਹਿਲਾਂ ਚੀਜ਼ਾਂ ਹੱਥਾਂ ਨਾਲ ਤਿਆਰ ਕੀਤੀਆਂ ਜਾਂਦੀਆਂ ਸਨ, ਪਰੰਤੂ ਹੁਣ ਵੱਡੇ-ਵੱਡੇ ਕਾਰਖਾਨਿਆਂ ਵਿਚ ਬਣਨ ਲਗੀਆਂ। ਇਸ ਨੂੰ ਕ੍ਰਾਂਤੀ ਕਹਿਣ ਦਾ ਇਕ ਹੋਰ ਕਾਰਣ ਹੈ। ਇਤਿਹਾਸ ਵਿਚ ਕਦੇ ਵੀ ਇੰਨੇ ਥੋੜੇ ਸਮੇਂ ਵਿਚ ਇਹੋ ਜਿਹੀਆਂ ਉਦਯੋਗਿਕ ਤਬਦੀਲੀਆਂ ਨਹੀਂ ਆਇਆ ਜਿੰਨੀਆਂ ਕਿ ਇਨ੍ਹਾਂ 150 ਸਾਲਾਂ ਵਿਚ ਆਈਆ।

## ਕਾਰਣ

**ਵਪਾਰਕ ਅਤੇ ਉਦਯੋਗਿਕ ਉੱਨਤੀ :** ਮੱਧ ਕਾਲੀਨ ਸਮੇਂ ਤੱਕ ਲੋਕ ਆਮ ਤੌਰ ਤੇ ਪਿੰਡਾਂ ਵਿਚ ਰਹਿੰਦੇ ਸਨ ਤੇ ਜ਼ਮੀਨ ਉਨ੍ਹਾਂ ਦੀ ਆਮਦਨ ਦਾ ਸਾਧਨ ਹੁੰਦੀ ਸੀ। ਕੁਝ ਲੋਕ ਜ਼ਮੀਨ ਦੇ ਮਾਲਕ ਹੁੰਦੇ ਸਨ। ਬਾਕੀ ਕਾਸ਼ਤਕਾਰਾਂ ਨੇ ਕਸਬਿਆਂ ਵਿਚ ਰਹਿਣਾ ਸ਼ੁਰੂ ਕਰ ਦਿੱਤਾ ਤੇ ਲੁਹਾਰ, ਤਰਖਾਣ ਤੇ ਸੁਨਿਆਰ ਆਦਿ ਦੇ ਪੇਸ਼ੇ ਅਖਤਿਆਰ ਕਰ ਲਏ। ਇਸ ਕਾਲ ਵਿਚ ਘਰੇਲੂ ਦਸਤਕਾਰੀ ਦਾ ਮੁੱਢ ਬੱਝਾ। ਪੈਸੇ ਦੀ ਘਾਟ ਦੇ ਕਾਰਣ ਇਹ ਲੋੜੀਂਦੀਆਂ ਚੀਜ਼ਾਂ ਦੇ ਬਦਲੇ ਚੀਜ਼ਾਂ ਵਟਾ ਲਿਆ ਕਰਦੇ ਸਨ।

**ਆਵਾਜਾਈ ਦੇ ਸਾਧਨਾਂ ਦੀ ਉੱਨਤੀ :** ਮੱਧ ਕਾਲੀਨ ਯੁੱਗ ਬਹੁਤ ਸਾਰੇ ਯੂਰਪੀ ਪੂਰਬੀ ਦੇਸ਼ ਵਿਚ ਨਿਰਯਾਤ ਅਤੇ ਉਹਨਾਂ ਦੇਸ਼ਾਂ ਵਿਚ ਯੂਰਪੀ ਦੇਸ਼ਾਂ ਲਈ ਆਯਾਤ ਕਰਨ ਲੱਗੇ ਰਹਿੰਦੇ ਸਨ। ਖੇਤੀਬਾੜੀ ਵਾਲੀ ਜ਼ਮੀਨ ਦੇ ਵੱਡੇ ਫਾਰਮ ਬਣ ਜਾਣ ਕਰਕੇ ਬਹੁਤ ਸਾਰੇ ਕਿਸਾਨ ਵਿਹਲੇ ਹੋ ਗਏ ਸਨ। ਉਹਨਾਂ ਨੂੰ ਸ਼ਹਿਰਾਂ ਵਿਚ ਛੋਟੀਆਂ-ਛੋਟੀਆਂ ਫੈਕਟਰੀਆਂ ਵਿਚ ਨੌਕਰੀ ਕਰਨੀ ਪਈ। ਹੁਣ ਇਨ੍ਹਾਂ ਕਾਮਿਆਂ ਲਈ ਸ਼ਹਿਰਾਂ ਵਿਚ ਅਨਾਜ ਦੀ ਲੋੜ ਸੀ। ਇਸ ਨੇ ਖੇਤੀਬਾੜੀ ਵਿਚ, ਨਹਿਰਾਂ ਦੀ ਖੁਦਾਈ ਲਈ, ਬੀਜਾਂ ਅਤੇ ਪਸ਼ੂਆਂ ਦੇ ਸੁਧਾਰ ਲਈ ਹੱਥ ਮਸ਼ੀਨਾਂ ਨੂੰ ਹੱਲਾਸ਼ੇਰੀ ਦਿੱਤੀ। ਹੌਲੀ-ਹੌਲੀ ਉਤਪਤੀ ਵਿਚ ਵਾਧਾ ਹੋ ਗਿਆ ਅਤੇ ਛੋਟੀਆਂ-ਛੋਟੀਆਂ ਫੈਕਟਰੀਆਂ ਲਾਉਣ ਵਿਚ ਪੈਸਾ ਬਚਾਇਆ ਜਾਣ ਲੱਗਾ।

ਖੇਤੀਬਾੜੀ ਦੀ ਉਤਪਤੀ ਤੋਂ ਬਚੇ ਹੋਏ ਧਨ ਨਾਲ ਸੜ੍ਹਕਾਂ ਦਾ ਵਿਕਾਸ ਕੀਤਾ ਜਿਹੜੀਆਂ ਉਦਯੋਗਿਕ ਧੰਦਿਆਂ ਵਿਚ ਬਹੁਤ ਲਾਭਦਾਇਕ ਸਿੱਧ ਹੋਇਆਂ। ਯੂਰਪੀ ਦੇਸ਼ਾਂ ਵਿਚ ਵਪਾਰਿਕ ਮੁਕਾਬਲੇ ਨੇ ਯੂਰਪੀ ਕੌਮ ਨੂੰ ਮੰਡੀਆਂ ਤੋਂ ਨੌ-ਅਬਾਦੀਆਂ ਲੱਭ ਦਿੱਤੀਆਂ ਤੇ ਏਸ਼ੀਆਂ ਤੇ ਅਫਰੀਕਾ ਵਿਚ ਬਣੇ ਹੋਏ ਮਾਲ ਦੀ ਖਪਤ ਹੋਣ ਲੱਗੀ ਤੇ ਉਥੋਂ ਕੱਚੇ ਮਾਲ ਦੀ ਪ੍ਰਾਪਤੀ ਹੋਣ ਲੱਗੀ।

**ਪੁਨਰ ਜਾਗ੍ਰਿਤੀ ਦੀ ਦੇਣ :** ਪੁਨਰ ਜਾਗ੍ਰਿਤੀ ਦੀ ਲਹਿਰ ਦੀ ਵੀ ਕੋਈ ਘੱਟ ਦੇਣ ਨਹੀਂ ਜਿਸ ਨੇ ਕਿ ਵਿਗਿਆਨ ਦਾ ਵਿਕਾਸ ਕੀਤਾ। ਵਿਗਿਆਨ ਨੇ ਉਦਯੋਗੀਕਰਣ ਨੂੰ ਯੂਰਪ ਵਿਚ ਉਤੇਜਿਤ ਕੀਤਾ।

**ਗੁਲਾਮੀ ਪ੍ਰਥਾ ਦਾ ਖਾਤਮਾ :** 19ਵੀਂ ਸਦੀ ਵਿਚ ਗੁਲਾਮੀ ਪ੍ਰਥਾ ਦੇ ਖਾਤਮੇ ਨਾਲ ਉਦਯੋਗ ਨੂੰ ਪ੍ਰਫੁੱਲਿਤ ਕਰਨ ਵਿੱਚ ਥੋੜੀ ਤਨਖਾਹ ਤੇ ਕੰਮ ਮਿਲਣੇ ਆਰੰਭ ਹੋ ਗਏ।

## ਉਦਯੋਗਿਕ ਕ੍ਰਾਂਤੀ ਦੀ ਉੱਨਤੀ

**ਇੰਗਲੈਂਡ :** ਇੰਗਲੈਂਡ ਵਿਚ ਦਸਤਕਾਰੀ ਦਾ ਵਿਕਾਸ ਉਦੋਂ ਬਹੁਤ ਹੋਇਆ ਜਦੋਂ ਸਾਰੇ ਕਾਰੀਗਰ ਆਪਣੇ ਦੇਸ਼ਾਂ ਚੋਂ ਨਿਕਲ ਕੇ ਇਥੇ ਆ ਵਸੇ। ਯੂਰਪ ਵਿਚ ਧਰਮ ਯੁੱਧ ਚਲ ਰਹੇ ਸਨ ਤੇ ਬਹੁਤ ਸਾਰੇ ਪਰੋਟੈਸਟੈਂਟ ਆਪਣੇ-ਆਪਣੇ ਘਰ ਛੱਡਣ ਲਈ ਮਜਬੂਰ ਹੋ ਗਏ। ਸਪੇਨ ਦੀ ਸਰਕਾਰ ਨੀਦਰਲੈਂਡ ਦੀ ਬਗਾਵਤ ਦਬਾਉਣ ਲਈ ਲੜ ਰਹੀ ਸੀ। 30,000 ਦੇ ਕਰੀਬ ਨੀਦਰਲੈਂਡ ਦੇ ਕਾਰੀਗਰ ਇੰਗਲੈਂਡ ਵਿਚ ਆ ਵਸੇ। ਮਲਕਾ ਅਲਿਜ਼ਬੈਥ ਨੇ ਉਨ੍ਹਾਂ ਨੂੰ ਇਸ ਸ਼ਰਤ ਤੇ ਰਹਿਣ ਦਿੱਤਾ ਕਿ ਉਨ੍ਹਾਂ ਦਾ ਹਰ ਘਰ ਇਕ ਅੰਗਰੇਜ਼ ਸ਼ਗਿਰਦ ਨੂੰ ਕੰਮ ਸਿਖਾਉਣ ਲਈ ਰੱਖੇ। ਇਸ ਨਾਲ ਬਹੁਤ ਸਾਰੇ ਅੰਗਰੇਜ਼ਾਂ ਨੂੰ ਕੰਮ ਆ ਗਿਆ। ਇੰਗਲੈਂਡ ਵਿਚ ਕੱਪੜਾ ਬੁਣਨ ਦਾ ਕੰਮ ਸ਼ੁਰੂ ਹੋ ਗਿਆ। ਜਦੋਂ ਫਰਾਂਸੀਸੀ ਪਰੋਟੈਸਟੈਂਟ ਆਏ ਤਾਂ ਉਨ੍ਹਾਂ ਨੇ ਰੇਸ਼ਮੀ ਕਪੜਾ ਬਣਾਉਣਾ ਸਿਖਿਆ। ਸਤਾਰ੍ਹਵੀਂ ਸਦੀ ਦੇ ਪਿਛਲੇਰੇ ਅੱਧ ਵਿਚ ਯੂਰਪ ਵਿਚੋਂ ਹੋਰ ਬਹੁਤ ਸਾਰੇ ਲੋਕ ਆ ਵਸੇ ਤੇ ਉਨ੍ਹਾਂ ਕੋਲੋਂ ਅੰਗਰੇਜ਼ਾਂ ਨੇ ਕਾਗਜ਼, ਖਿਡਾਉਣੇ, ਘੜੀਆਂ ਆਦਿ ਬਣਾਉਣੀਆਂ ਸਿਖੀਆਂ।

ਇਸ ਵੇਲੇ ਤਕ ਜਿੰਨੇ ਵੀ ਉਦਯੋਗ ਪ੍ਰਫੁੱਲਿਤ ਹੋਏ, ਸਭ ਘਰੇਲੂ ਦਸਤਕਾਰੀਆਂ ਦੀ ਸ਼ਕਲ ਵਿਚ ਹੀ ਸਨ। ਕਾਰੀਗਰ ਲੋਕ ਆਪਣੇ-ਆਪਣੇ ਘਰਾਂ ਵਿਚ ਜਾਂ ਛੋਟੇ-ਛੋਟੇ ਗਰੁੱਪ ਬਣਾ ਕੇ ਕੰਮ ਕਰਦੇ ਸਨ। ਤਜਰਬੇਕਾਰ ਕਾਰੀਗਰ ਨਵੇਂ ਸ਼ਾਗਿਰਦ ਭਰਤੀ ਕਰਦੇ ਸਨ ਤੇ ਉਨ੍ਹਾਂ ਨੂੰ ਕੰਮ ਸਿਖਾਉਂਦੇ ਸਨ। ਕਈ ਵਾਰ ਜੁਲਾਹੇ ਇਕੱਠੇ ਹੋ ਕੇ ਖੱਡੀ ਤੇ ਕੰਮ ਕਰਦੇ ਤੇ ਇਸ ਤਰ੍ਹਾਂ ਦੁਨੀਆਂ ਭਰ ਦੇ ਦੇਸ਼ਾਂ ਵਿਚ ਘਰੇਲੂ ਦਸਤਕਾਰੀ ਚਲਦੀ ਰਹੀ। ਕਈ ਵਾਰ ਕੋਈ ਇਕ ਅਮੀਰ ਆਦਮੀ ਆਪਣੇ ਕੋਲੋਂ ਕੱਚਾ ਮਾਲ ਤੇ ਸੰਦ ਆਦਿ ਦੇ ਕੇ ਕੰਮ ਕਰਨ ਨੂੰ ਆਦਮੀ ਰੱਖ ਲੈਂਦਾ ਸੀ ਅਤੇ ਕਾਰੀਗਰ ਆਪਣੇ ਘਰ ਬੈਠ ਕੇ ਮਾਲ ਤਿਆਰ ਕਰਕੇ ਮਾਲਕ ਨੂੰ ਦੇਂਦੇ ਸਨ।ਹਾਲੀਂ ਇਹ ਕਾਮੇ ਬਕਾਇਦਾ ਮੁਲਾਜ਼ਮ ਨਹੀਂ ਸਨ, ਉਹਨਾਂ ਨੂੰ ਕੰਮ ਦੇ ਮੁਤਾਬਕ ਤਨਖਾਹ ਦੱਤੀ ਜਾਂਦੀ ਸੀ। ਕਈ ਅਮੀਰ ਮਾਲਕ ਕੰਮ ਕਰਾਉਣ ਲਈ ਦੁਕਾਨਾਂ ਖੋਲ੍ਹ ਦੇਂਦੇ ਸਨ, ਤੇ ਫਿਰ ਕਾਰੀਗਰ ਉਥੇ ਹੀ ਮਾਲ ਤਿਆਰ ਕਰਦੇ ਸਨ। ਇਸ ਸਮੇਂ ਵਿਚ ਤਿਆਰ ਹੋਇਆ ਮਾਲ ਬਹੁਤ ਘੱਟ ਮਾਤਰਾ ਵਿਚ ਮਿਲਦਾ ਸੀ ਕਿਉਂਕਿ ਹੱਥਾਂ ਨਾਲ ਕਾਰੀਗਰ ਬਹੁਤ ਤੇਜ਼ੀ ਨਾਲ ਤਿਆਰ ਨਹੀਂ ਕਰ ਸਕਦੇ ਸਨ। ਦੂਸਰੇ ਆਵਾਜਾਈ ਦੇ ਸਾਧਨ ਪ੍ਰਫੁੱਲਿਤ ਨਾ ਹੋਣ ਕਾਰਣ ਕੱਚਾ ਮਾਲ ਦੂਰੋਂ ਲਿਆਉਣ ਵਿਚ ਸਮਾਂ ਲਗਦਾ ਸੀ।

## ਉਦਯੋਗਿਕ ਕ੍ਰਾਂਤੀ ਇੰਗਲੈਂਡ ਵਿਚ ਸਭ ਤੋਂ ਪਹਿਲਾਂ ਕਿਉਂ ਆਈ?

ਸੁਆਲ ਉਤਪੰਨ ਹੁੰਦਾ ਹੈ ਕਿ ਉਦਯੋਗਿਕ ਕ੍ਰਾਂਤੀ ਇੰਗਲੈਂਡ ਵਿਚ ਸਭ ਤੋਂ ਪਹਿਲਾਂ ਕਿਉਂ ਆਈ? ਇਸ ਦੇ ਕਾਰਣ ਨਿਮਨਲਿਖਤ ਹਨ :

**ਰਾਜਨੀਤਿਕ ਕਾਰਣ :** ਯੂਰਪ ਦੇ ਦੂਜੇ ਦੇਸ਼ਾਂ ਦੇ ਮੁਕਾਬਲੇ ਵਿਚ ਇੰਗਲੈਂਡ ਰਾਜਨੀਤਿਕ ਤੌਰ ਤੇ ਵਧੇਰੇ ਜਥੇਬੰਦ ਤੇ ਸੰਗਠਿਤ ਸੀ। ਕਈ ਚਿਰਾਂ ਤੋਂ ਇਥੇ ਕੋਈ ਜਾਨਸ਼ਾਨੀ ਦੀ ਜੰਗ ਨਹੀਂ ਲੜੀ ਗਈ ਸੀ, ਕਿਉਂਕਿ ਇਹ ਅਮਨ ਸ਼ਾਂਤੀ ਨਾਲ ਰਹਿਣ ਵਾਲੇ ਸਨ, ਇਸ ਲਈ ਆਪਣਾ ਸਾਰਾ ਸਮਾਂ ਤੇ ਸ਼ਕਤੀ ਆਰਥਿਕ ਤਰੱਕੀ ਕਰਨ ਲਈ ਲਾ ਦੇਂਦੇ ਸਨ। ਇੰਗਲੈਂਡ ਵਿਚ ਇਸ ਵੇਲੇ ਤਕ ਵਿਧਾਨਕ ਸਰਕਾਰ ਸਥਾਪਤ ਹੋ ਚੁਕੀ ਸੀ। ਲੋਕਾਂ ਨੂੰ ਹਰੇਕ ਖੇਤਰ ਵਿਚ ਪੂਰਣ ਆਜ਼ਾਦੀ ਸੀ, ਉਹ ਨਵੇਂ ਤਜਰਬੇ ਕਰਦੇ ਰਹਿੰਦੇ ਸਨ। ਸਰਕਾਰ ਨੇ ਉਨ੍ਹਾਂ ਤੇ ਕਦੇ ਬੇਲੋੜੀਂਦੀਆਂ ਰੋਕਾਂ ਨਹੀਂ ਲਾਈਆਂ ਸਨ। ਲੋਕਾਂ ਨੇ ਉਦਯੋਗਿਕ ਪੈਦਾਵਾਰ ਦੇ ਨਵੇਂ ਤਰੀਕੇ ਲੱਭਣੇ ਸ਼ੁਰੂ ਕਰ ਦਿੱਤੇ ਨਤੀਜੇ ਵਜੋਂ ਬਹੁਤ ਸਾਰੀਆਂ ਨਵੀਆਂ ਕਾਢਾਂ ਨਿਕਲ ਆਈਆਂ। ਇੰਗਲੈਂਡ ਨੇ ਇਸ ਵੇਲੇ ਸ਼ਾਨਦਾਰ ਅੱਡ ਰਹਿਣ (Splendid Isolation) ਦੀ ਨੀਤੀ ਅਖਤਿਆਰ ਕੀਤੀ ਹੋਈ ਸੀ, ਜਿਸ ਕਾਰਣ ਉਹ ਯੂਰਪ ਦੇ ਬਾਕੀ ਦੇਸ਼ਾਂ ਨਾਲ ਜੰਗ ਵਿਚ ਹਿੱਸਾ ਨਹੀਂ ਸੀ ਲੈਂਦਾ। ਇਸ ਤਰ੍ਹਾਂ ਉਸ ਨੇ ਆਪਣੇ ਬਹੁਤ ਸਾਰਾ ਪੈਸਾ, ਜੋ ਲੜਾਈਆਂ ਵਿਚ ਖਰਚ ਹੋ ਜਾਂਦਾ ਸੀ, ਬਚਾ ਲਿਆ ਸੀ।

**ਅੰਗਰੇਜ਼ੀ ਜਲ ਸੈਨਾ :** ਇੰਗਲੈਂਡ ਇਕ ਟਾਪੂ ਹੈ। ਇਸ ਨੇ ਬਾਹਰਲੇ ਹਮਲਾਵਰਾਂ ਤੋਂ ਬਚਣ ਲਈ ਹੋਰ ਕਿਸੀ ਵੀ ਦੇਸ਼ ਤੋਂ ਦੁੱਗਣੀ ਜਲ ਸੈਨਾ ਰੱਖਣ ਦੀ ਨੀਤੀ ਅਖਤਿਆਰ ਕੀਤੀ ਹੋਈ ਸੀ। ਇਸ ਦੀ ਸ਼ਕਤੀਸ਼ਾਲੀ ਜਲ ਸੈਨਾ ਵਿਰੋਧੀ ਯੂਰਪੀ ਦੇਸ਼ਾਂ ਨੂੰ ਨਵੀਆਂ ਮੰਡੀਆਂ ਲੱਭਣ ਤੇ ਨੋ ਆਬਾਦੀਆਂ ਵਸਾਉਣ ਵਿਚ ਬੜੀ ਭਾਰੀ ਰੁਕਾਵਟ ਸੀ। ਫਰਾਂਸ, ਸਪੇਨ, ਹਾਲੈਂਡ, ਪੁਰਤਗਾਲ ਆਦਿ ਦੇਸ਼ਾਂ ਨੂੰ ਆਪਣਾ ਤਿਆਰ ਕੀਤਾ ਮਾਲ ਆਪਣੇ ਦੇਸ਼ਾਂ ਵਿਚ ਹੀ ਵੇਚਣਾ ਪੈਂਦਾ ਸੀ।

ਅੰਗਰੇਜ਼ੀ ਸਾਮਰਾਜ ਬਹੁਤ ਵਿਸ਼ਾਲ ਸੀ ਤੇ ਇਸ ਦੀਆਂ ਕਈ ਨੋ ਆਬਾਦੀਆਂ ਸਨ, ਜਿਨ੍ਹਾਂ ਵਿਚੋਂ ਇਸਨੂੰ ਕੱਚਾ ਮਾਲ ਮਿਲ ਜਾਂਦਾ ਸੀ ਤੇ ਤਿਆਰ ਹੋਇਆ ਮਾਲ ਉਥੇ ਵਿਕ ਜਾਂਦਾ ਸੀ। ਸ਼ਕਤੀਸ਼ਾਲੀ ਜਲ ਸੈਨਾ ਦੇ ਕਾਰਣ ਇਸ ਦਾ ਵਪਾਰ ਬਾਹਰਲੇ ਦੇਸ਼ਾਂ ਨਾਲ ਬਹੁਤ ਜ਼ੋਰਾਂ ਤੇ ਸੀ, ਜਿਸ ਨਾਲ ਬਹੁਤ ਸਾਰਾ ਪੈਸਾ ਇਸ ਮੁਨਾਫੇ ਵਜੋਂ ਬਚ ਜਾਂਦਾ ਸੀ, ਜਿਸ ਪੈਸੇ ਨੂੰ ਕਾਰਖਾਨਿਆਂ ਵਿਚ ਲਗਾ ਕੇ ਉਪਜ ਵਧਾਈ ਜਾ ਸਕਦੀ ਸੀ। ਯੂਰਪ ਨੇ ਮੁਕਾਬਲੇ ਵਿਚ ਜਿਥੋਂ ਤਕ ਘਰੋਂ ਕੱਚਾ ਮਾਲ ਮਿਲਣ ਦਾ ਸੁਆਲ ਸੀ, ਇੰਗਲੈਂਡ ਬਹੁਤ ਖੁਸ਼ਕਿਸਮਤ ਸੀ, ਕਿਉਂਕਿ ਚੰਗੀਆਂ ਭੇਡਾਂ ਤੋਂ ਇਸ ਨੂੰ ਚੰਗੀ ਕਿਸਮ ਦੀ ਉੱਨ ਮਿਲ ਜਾਂਦੀ ਸੀ।

**ਆਰਥਿਕ ਕਾਰਣ :** ਇੰਗਲੈਂਡ ਦਾ ਬੈਂਕ ਪ੍ਰਬੰਧ ਬੜੀਆਂ ਪੱਕੀਆਂ ਨੀਹਾਂ ਤੇ ਚਲ ਰਿਹਾ ਸੀ। ਲੋਕ ਆਮ ਕਰਕੇ ਬਹੁਤ ਸਾਰਾ ਪੈਸਾ ਬੈਂਕਾਂ ਵਿਚ ਜਮ੍ਹਾਂ ਕਰਾ ਛੱਡਦੇ ਸਨ ਤੇ ਸਰਕਾਰ ਬੈਂਕ ਆਫ ਇੰਗਲੈਂਡ ਦੇ ਰਾਹੀਂ ਬੈਂਕਾਂ ਨੂੰ ਭਰੋਸਾ ਦਿਵਾਉਣ ਤੋਂ ਬਾਅਦ ਪੈਸਾ ਵਪਾਰੀ ਲੋਕਾਂ ਨੂੰ ਕਾਰਖਾਨਿਆਂ ਤੇ ਲਾਉਣ ਲਈ ਦੇਂਦੀ ਸੀ ਤੇ ਬੈਂਕਾਂ ਕੋਲੋਂ ਪੈਸਾ ਲੈ ਕੇ ਲੋਕਾਂ ਨੂੰ ਆਪਣਾ ਵਪਾਰ ਬਹੁਤ ਵਧਾ ਲਿਆ ਸੀ। ਇਸ ਤਰ੍ਹਾਂ ਉਦਯੋਗ ਤਰੱਕੀ ਕਰ ਗਿਆ।

**ਸਸਤੀ ਮਜ਼ਦੂਰੀ :** ਉਦਯੋਗਿਕ ਕ੍ਰਾਂਤੀ ਤੋਂ ਪਹਿਲਾਂ ਖੇਤੀਬਾੜੀ ਵਿਚ ਵੀ ਬੜੀਆਂ ਭਾਰੀਆਂ ਤਬਦੀਲੀਆਂ ਆਈਆਂ। ਇਨ੍ਹਾਂ ਤਬਦੀਲੀਆਂ ਕਾਰਣ ਬਹੁਤ ਸਾਰੇ ਲੋਕਾਂ ਨੂੰ ਖੇਤੀ ਦਾ ਕੰਮ ਛੱਡਣਾ ਪਿਆ ਤੇ ਉਨ੍ਹਾਂ ਨੇ ਥੋੜੀ ਮਜ਼ਦੂਰੀ ਤੇ ਕਾਰਖਾਨਿਆਂ ਵਿਚ ਕੰਮ ਕਰਨਾ ਸ਼ੁਰੂ ਕਰ ਦਿੱਤਾ। ਯੂਰਪ ਦੇ ਦੂਜੇ ਦੇਸ਼ਾਂ ਨਾਲੋਂ ਪਹਿਲਾਂ ਇੰਗਲੈਂਡ ਨੇ ਗੁਲਾਮੀ ਦੀ ਪ੍ਰਥਾ ਖਤਮ ਕਰ ਦਿੱਤੀ ਸੀ। ਇਸ ਪ੍ਰਥਾ ਦੇ ਖਤਮ ਹੋਣ ਨਾਲ ਬਹੁਤ ਸਾਰੇ ਲੋਕ ਜ਼ਮੀਨਾਂ ਤੇ ਪਿੰਡ ਛੱਡ ਕੇ ਕਸਬਿਆਂ ਵਿਚ ਆ ਗਏ। ਕਾਰਖਾਨਿਆਂ ਵਿਚ ਕੰਮ ਸ਼ੁਰੂ ਕਰ ਦਿੱਤਾ ਤੇ ਇਸ ਮਜ਼ਦੂਰੀ ਨੂੰ ਉਹ ਖੇਤੀ ਨਾਲੋਂ ਚੰਗਾ ਸਮਝਣ ਲਗ ਪਏ, ਕਿਉਂਕਿ ਉਨ੍ਹਾਂ ਨੂੰ ਚੰਗੇ ਪੈਸੇ ਮਿਲ ਜਾਂਦੇ ਸਨ। ਹੌਲੀ-ਹੌਲੀ ਇਹ ਮਜ਼ਦੂਰ ਕਾਰੀਗਰ ਬਣ ਗਏ ਤੇ ਚੰਗੀਆਂ ਸੋਹਣੀਆਂ ਚੀਜ਼ਾਂ ਤਿਆਰ ਕਰਨ ਲੱਗ ਪਏ।

**ਕੋਲੇ ਦੀ ਖੋਜ ਤੇ ਵਰਤੋਂ :** 1750 ਈ. ਤਕ ਲੋਹੇ ਨੂੰ ਢਾਲਣ ਲਈ ਲੱਕੜ ਤੇ ਕੋਲੇ ਦੀ ਵਰਤੋਂ ਕੀਤੀ ਜਾਂਦੀ ਸੀ। ਲਾਰਡ ਡਰਬੀ ਨੇ ਇਕ ਨਵੀਂ ਖੋਜ ਕੀਤੀ ਤੇ ਸਾਬਤ ਕੀਤਾ ਕਿ ਪੱਥਰ ਦਾ ਕੋਲਾ ਵੀ ਲੋਹੇ ਨੂੰ ਪਿੰਗਲਾਣ ਲਈ ਵਰਤਿਆ ਜਾ ਸਕਦਾ ਹੈ। ਇੰਗਲੈਂਡ ਤੇ ਸਕਾਟਲੈਂਡ ਵਿਚ ਕੋਲੇ ਦੀਆਂ ਨਵੀਆਂ ਖਾਣਾਂ ਲੱਭੀਆਂ ਗਈਆਂ। ਇਸ ਨਾਲ ਲੋਹੇ ਤੇ ਫੋਲਾਦ ਦੇ ਕਾਰਖਾਨਿਆਂ ਨੂੰ ਬਹੁਤ ਲਾਭ ਪੁੱਜਾ। ਅੰਗਰੇਜ਼ੀ ਕੋਲਾ ਫਰਾਂਸੀਸੀ ਕੋਲੇ ਦੇ ਮੁਕਾਬਲੇ ਵਿਚ ਬਹੁਤ ਚੰਗਾ ਸੀ। ਖੁਸ਼ਕਿਸਮਤੀ ਨਾਲ ਬਰਮਿੰਗਮ ਵਿਚ ਲੋਹਾ ਅਤੇ ਕੋਲਾ ਆਮ ਮਿਲਣ ਲੱਗ ਪਿਆ ਸੀ।

**ਆਵਾਜਾਈ ਦੇ ਸਾਧਨਾਂ ਵਿਚ ਉੱਨਤੀ :** ਇਸ ਸਮੇਂ ਵਿਚ ਇੰਗਲੈਂਡ ਵਿਚ ਆਵਾਜਾਈ ਦੇ ਸਾਧਨਾਂ ਵਿਚ ਭਾਰੀ ਉੱਨਤੀ ਹੋਈ, ਜਿਸ ਵਿਚ ਕੱਚਾ ਤੇ ਤਿਆਰ ਮਾਲ ਬੜੀ ਆਸਾਨੀ ਨਾਲ ਭੇਜਿਆ ਜਾ ਸਕਦਾ ਸੀ। 1761 ਈ. ਵਿਚ ਬਰਿੰਡਲੇ, ਨੇ ਜਹਾਜ਼ਰਾਨੀ ਯੋਗ ਪਹਿਲੀ ਨਹਿਰ ਬਣਵਾਈ ਜੋ ਮਾਨਚੈਸਟਰ ਤੋਂ ਵਰਸਲੇ (Worsley) ਤਕ ਸੀ। ਇਹ ਬਾਰਾਂ ਮੀਲ ਲੰਮੀ ਸੀ ਤੇ ਇਸ ਨੂੰ ਬਰਿਜ ਵਾਟਰ ਕੈਨਾਲ ਵੀ ਕਿਹਾ ਜਾਂਦਾ ਸੀ ਤੇ ਇਸ ਤੋਂ ਬਾਅਦ ਇੰਗਲੈਂਡ ਵਿਚ ਬਹੁਤ ਸਾਰੀਆਂ ਜਹਾਜ਼ੀ ਨਹਿਰਾਂ ਕੱਢੀਆਂ ਗਈਆਂ। ਸਕਾਟਲੈਂਡ ਦੇ ਇੰਜੀਨੀਅਰਾਂ ਜਾਨ ਮੇਕਡਮ ਤਲਫੋਰਡ ਤੇ ਮੈਟਾਕਾਫ ਨੇ

ਪੱਕੀਆਂ ਸੜਕਾਂ ਬਣਵਾਉਣੀਆਂ ਸ਼ੁਰੂ ਕੀਤੀਆਂ ਤੇ ਫਿਰ ਬਹੁਤ ਸਾਰੀਆਂ ਸੜਕਾਂ ਬਣਾਈਆਂ। 1804 ਈ. ਵਿਚ ਜਾਰਜ ਸਟੀਫਨਸਨ ਨੇ ਭਾਫ਼ ਦਾ ਇੰਜਣ ਬਣਾਇਆ। 1823ਈ. ਵਿਚ ਰੇਲਵੇ ਲਾਈਨ ਸਟਾਕਰਨ ਤੇ ਦਰਲਿਗਟਨ ਵਿਚਕਾਰ ਵਿਛਾਈ ਗਈ। 1830ਈ. ਵਿਚ ਰੇਲਵੇ ਲਾਈਨ ਤੇ ਇੰਜਨ ਨੂੰ ਮੁਸਾਫਰਾਂ ਦੀ ਗੱਡੀ ਖਿਚਣ ਲਈ ਵਰਤਿਆ ਗਿਆ। ਇਕ ਰੇਲਵੇ ਲਾਈਨ ਮਾਨਚੈਸਟਰ ਤੋਂ ਲਿਵਰਪੂਲ ਤਕ ਸੀ। ਹੌਲੀ–ਹੌਲੀ ਸਾਰੇ ਦੇਸ਼ਾਂ ਵਿਚ ਰੇਲਾਂ ਦਾ ਜਾਲ ਵਿਛ ਗਿਆ। 1833 ਈ. ਵਿਚ ਭਾਫ਼ ਨਾਲ ਚਲਣ ਵਾਲੇ ਇਕ ਜਹਾਜ਼ ਨੇ ਸ਼ਾਂਤ ਮਹਾਂਸਾਗਰ ਨੂੰ ਪਾਰ ਕੀਤਾ। ਇਸ ਨਾਲ ਚੀਜ਼ਾਂ ਲਿਆਉਣ ਅਤੇ ਭੇਜਣ ਦੀ ਬਹੁਤ ਸਹੂਲਤ ਹੋ ਗਈ।

**ਵਪਾਰ ਤੇ ਸਰਕਾਰੀ ਕੰਟਰੋਲ ਦੀ ਅਣਹੋਂਦ :** ਅੰਗਰੇਜ਼ਾਂ ਨੂੰ ਵਪਾਰਿਕ ਉਦਯੋਗਿਕ ਖੇਤਰ ਵਿਚ ਪੂਰਣ ਆਜ਼ਾਦੀ ਸੀ। ਬਾਕੀ ਪੂਰਬੀ ਸਰਕਾਰ ਨੇ ਅੰਦਰੂਨੀ ਤੇ ਬਾਹਰਲੇ ਵਪਾਰ ਤੇ ਪਾਬੰਦੀਆਂ ਲਾਈਆਂ ਹੋਈਆਂ ਸਨ। ਘਰੇਗੀ ਮੰਡੀਆਂ ਵਿਚ ਥਾਂ–ਥਾਂ ਤੇ ਚੁੰਗੀ ਟੈਕਸ ਲਾਇਆ ਜਾਂਦਾ ਸੀ ਜਿਸ ਕਾਰਣ ਚੀਜ਼ਾਂ ਇਕ ਥਾਂ ਤੋਂ ਦੂਜੀ ਥਾਂ ਤੇ ਲਿਜਾਣੀਆਂ ਬਹੁਤ ਮੁਸ਼ਕਲ ਹੋ ਜਾਂਦੀਆਂ ਸੀ। ਆਇਰਲੈਂਡ, ਸਕਾਟਲੈਂਡ, ਵੇਲਜ਼ ਤੇ ਇੰਗਲੈਂਡ ਦੇ ਇਕੱਠੇ ਹੋ ਜਾਣ ਨਾਲ ਮਾਲ ਵਿਕਣ ਦੀਆਂ ਮੰਡੀਆਂ ਬਹੁਤ ਵਧ ਗਈਆਂ। ਬਿਦੇਸ਼ੀ ਵਪਾਰ ਵਿਚ ਸਰਕਾਰ ਨੇ ਸੁਰੱਖਿਆ ਦੀ ਨੀਤੀ ਅਪਣਾਈ। ਜਦੋਂ ਉਦਯੋਗਿਕ ਖੇਤਰ ਵਿਚ ਇੰਗਲੈਂਡ ਦੀ ਪ੍ਰਮੁੱਖਤਾ ਕਾਇਮ ਹੋ ਗਈ ਤਾਂ ਅੰਗਰੇਜ਼ੀ ਸਰਕਾਰ ਨੇ ਸੁਰੱਖਿਆ ਦੀ ਨੀਤੀ ਬੰਦ ਕਰ ਦਿੱਤੀ, ਕਿਉਂਕਿ ਇਸ ਨੂੰ ਬਿਦੇਸ਼ੀ ਮੰਡੀਆਂ ਦੀ ਜ਼ਰੂਰਤ ਸੀ। ਇੰਗਲੈਂਡ ਦੇ ਪ੍ਰਧਾਨ ਮੰਤਰੀ ਪਿਟ ਦ ਯੰਗਰ ਨੇ ਆਜ਼ਾਦ ਵਪਾਰ ਨੀਤੀ ਦੀ ਵਰਤੋਂ ਕੀਤੀ ਜਿਸ ਬਾਰੇ ਐਡਮ ਸਮਿੱਥ ਨੇ ਆਪਣੀ ਪੁਸਤਕ 'ਵੈਲਥ ਆਫ ਨੇਸ਼ਨਜ' ਵਿਚ ਲਿਖਿਆ ਸੀ। ਇਸ ਨੀਤੀ ਨੂੰ ਪਿਟ ਦੇ ਉਤਰ ਅਧਿਕਾਰੀਆਂ ਨੇ ਵੀ ਜਾਰੀ ਰਖਿਆ। ਹੌਲੀ–ਹੌਲੀ ਇੰਗਲੈਂਡ ਦੁਨੀਆਂ ਦਾ ਸਭ ਤੋਂ ਵੱਡਾ ਕਾਰਖਾਨੇਦਾਰ ਦੇਸ਼ ਬਣ ਗਿਆ ਤੇ ਬਹੁਤ ਖੁਸ਼ਹਾਲ ਹੋ ਗਿਆ।

**ਵਿਗਿਆਨ ਦੀ ਉਨੱਤੀ :** ਸਤਾਰਵ੍ਹੀ ਸਦੀ ਵਿਚ ਰਾਇਲ ਸੋਸਾਇਟੀ ਕਾਇਮ ਕੀਤੀ ਗਈ ਜਿਸਨੇ ਵਿਗਿਆਨਕ ਕਾਢਾਂ ਦੀ ਤਰੱਕੀ ਕੀਤੀ। ਲੋਕਾਂ ਨੇ ਵਿਗਿਆਨ ਦੀ ਵਪਾਰ ਤੇ ਉਦਯੋਗ ਵਿਚ ਵਰਤੋਂ ਕੀਤੀ ਜਿਸ ਨੇ ਬਹੁਤ ਸਾਰੀਆਂ ਕਾਢਾਂ ਕੱਢੀਆਂ। ਉਹਨਾਂ ਵਿਚੋਂ ਜ਼ਿਆਦਾ ਮਸ਼ਹੂਰ ਇਹ ਹਨ :

**ਉਡਣ ਸ਼ਟਲ (Flying Shuttle) :** 1733 ਈ. ਵਿਚ 'ਜਾਨ ਕੇ' (John Kay) ਨੇ ਉਡਣ–ਸ਼ਟਲ ਦੀ ਕਾਢ ਕੱਢੀ, ਜਿਸ ਨਾਲ ਕਪੜਾ ਬੁਣਨ ਦੀ ਰਫਤਾਰ ਬਹੁਤ ਵਧ ਗਈ ਸੀ। ਜੁਲਾਹੇ ਆਸਾਨੀ ਨਾਲ ਚੋੜੇ ਬਰ ਦਾ ਕਪੜਾ ਬੁਣ ਸਕਦੇ ਸਨ। ਬੁਣਾਈ ਦੀ ਰਫਤਾਰ ਤਾਂ ਵਧ ਗਈ ਸੀ ਪਰੰਤੂ ਕਤਾਈ ਉਸੇ ਰਫਤਾਰ ਨਾਲ ਚਲ ਰਹੀ ਸੀ। ਇਸ ਨਾਲ ਧਾਗੇ ਦੀ ਘਾਟ ਹੋ ਗਈ।

**ਸੂਤਰ ਕੱਤਣ ਦੀ ਚਰਖੀ (Spinning Jenny) :** 1765 ਈ. ਵਿਚ ਹਾਰਗਰੀਵਸ ਨੇ ਸੂਤਰ ਕੱਤਣ ਦੀ ਇਕ ਚਰਖੀ ਬਣਾਈ। ਜਿਸ ਤੇ ਇਕ ਆਦਮੀ ਅੱਠ ਤਕਲੀਆਂ ਤੇ ਇਕ ਵਾਰ ਸੂਤਰ ਕੱਤ ਸਕਦਾ ਸੀ। ਇਹ ਹੱਥ ਨਾਲ ਚਲਦੀ ਸੀ। ਇਸ ਮਸ਼ੀਨ ਦਾ ਨਾਮ ਉਸ ਨੇ ਪਤਨੀ ਦੇ ਨਾਮ ਤੇ 'ਸਪਿਨਿੰਗ ਜੈਨੀ' ਰੱਖਿਆ।

**ਵਾਟਰ ਫਰੇਮ (Water Frame) :** 1769 ਈ. ਵਿਚ ਆਰਕਰਾਈਟ ਨੇ ਧਾਗਾਂ ਕੱਤਣ ਦੀ ਇਕ ਅਜਿਹੀ ਮਸ਼ੀਨ ਬਣਾਈ ਜਿਸ ਨੂੰ ਕਈ ਤਕਲੇ ਲੱਗੇ ਹੋਏ ਸਨ ਤੇ ਪਾਣੀ ਦੀ ਸ਼ਕਤੀ ਨਾਲ ਚਲਾਈ ਜਾ ਸਕਦੀ ਸੀ। ਇਸ ਨਾਲ ਪੱਕਾ ਧਾਗਾ ਕੱਤਿਆ ਜਾਣ ਲੱਗਾ। ਇਹ ਛੋਟੇ ਘਰਾਂ ਵਿਚ ਨਹੀਂ ਸੀ ਲੱਗ ਸਕਦੀ, ਇਸ ਲਈ ਕਾਰਖਾਨਿਆਂ ਦੀ ਲੋੜ ਮਹਿਸੂਸ ਹੋਣ ਲੱਗੀ।

**ਮਿਊਲ (Mule) :** 1779 ਈ. ਵਿਚ ਸੈਮੂਅਲ ਕਰਾਪਟਨ ਨੇ ਮਿਊਲ ਨਾਮ ਦੀ ਮਸ਼ੀਨ ਤਿਆਰ ਕੀਤੀ ਜਿਸ ਨਾਲ ਬਹੁਤ ਸਾਰੇ ਧਾਗੇ ਇਕ ਵਕਤ ਪਾਣੀ ਦੀ ਤਾਕਤ ਨਾਲ ਕੱਤੇ ਜਾ ਸਕਦੇ ਸਨ। ਜਿਸ ਵਿਚ ਸਪਿੰਨਿੰਗ ਜੈਨੀ ਤੇ ਵਾਟਰ ਫਰੇਮ ਦੋਹਾਂ ਨੂੰ ਇਕੱਠਾ ਕੀਤਾ ਗਿਆ ਸੀ। ਇਸ ਨਾਲ ਧਾਗਾ

ਇੰਨਾ ਵਧ ਗਿਆ ਕਿ ਜੁਲਾਹੇ ਤੇਜ਼ੀ ਨਾਲ ਬੁਣ ਸਕਣ ਕਾਰਣ ਰੱਖ ਛੱਡਦੇ ਸਨ।

**ਪਾਵਰ ਲੂਮ (Power Loom) :** 1785 ਈ. ਵਿਚ ਕਾਰਟਰਾਈਟ ਨੇ ਇਕ ਮਸ਼ੀਨ ਪਾਵਰ ਲੂਮ ਬਣਾਈ, ਜਿਸ ਨਾਲ ਕਪੜੇ ਦੀ ਬਣਾਈ ਦਾ ਕੰਮ ਬਹੁਤ ਤੇਜ਼ੀ ਨਾਲ ਹੋਣ ਲੱਗਾ।

**ਭਾਫ਼ ਦਾ ਇੰਜਣ (Steam Engine) :** 1769 ਈ. ਵਿਚ ਜੇਮਜ ਵਾਟ ਨੇ ਭਾਫ਼ ਵਾਲੇ ਇੰਜਣਾਂ ਵਿਚ ਹੋਰ ਸੁਧਾਰ ਕੀਤਾ। ਅਸਲ ਵਿਚ ਇਹ ਇੰਜਣ ਨਿਉਕੋਸਨ ਨੇ ਬਣਾਇਆ ਸੀ। ਇਸ ਨਾਲ ਮਸ਼ੀਨਾਂ ਭਾਫ਼ ਨਾਲ ਚਲਣ ਲੱਗ ਪਈਆਂ ਤੇ ਹੁਣ ਕਾਰਖਾਨਿਆਂ ਨੂੰ ਪਾਣੀ ਦੇ ਕੋਲ ਲਾਉਣ ਦੀ ਜ਼ਰੂਰਤ ਨਾ ਰਹੀ। ਇਹ ਚੰਗੀ ਥਾਂ ਵੇਖ ਕੇ ਵੀ ਲਾਏ ਜਾ ਸਕਦੇ ਹਨ।

**ਡੇਵੀ ਦਾ ਸੇਫਟੀ ਲੈਂਪ (Davy's Saftey Lamp) :** ਕੋਲੇ ਦੀਆਂ ਖਾਣਾਂ ਵਿਚ ਕੰਮ ਕਰਨਾ ਮੁਸ਼ਕਲ ਸੀ ਕਿਉਂਕਿ ਕਈ ਵਾਰੀ ਗੈਸ ਇਕੱਠੀ ਹੋ ਜਾਣ ਕਾਰਣ ਕਈ ਜਾਨਾਂ ਦਾ ਨੁਕਸਾਨ ਹੋ ਜਾਂਦਾ ਸੀ। 1815 ਈ. ਵਿਚ ਸਰ ਹੈਮਫਰੀ ਡੇਵੀ ਨੇ ਸੇਫਟੀ ਲੈਂਪ ਦੀ ਕਾਢ ਕੱਢੀ ਜਿਸ ਨਾਲ ਖਾਣਾਂ ਵਿਚ ਕੰਮ ਕਰਨਾ ਆਸਾਨ ਹੋ ਗਿਆ।

## ਬੈਲਜ਼ੀਅਮ ਵਿਚ ਉਦਯੋਗਿਕ ਕ੍ਰਾਂਤੀ

ਬੈਲਜ਼ੀਅਮ ਵਿਚ ਉਦਯੋਗਿਕ ਕ੍ਰਾਂਤੀ ਦਾ ਵਿਕਾਸ 1830 ਈ. ਵਿੱਚ ਇਸ ਨੂੰ ਸੁਤੰਤਰਤਾ ਮਿਲਣ ਪਿਛੋਂ ਹੋਇਆ। ਇਸ ਛੋਟੇ ਜਿਹੇ ਦੇਸ਼ ਨੇ ਇੰਗਲੈਂਡ ਤੋਂ ਮਸ਼ੀਨਾਂ ਦੀ ਦਰਾਮਦ ਕੀਤੀ ਜਿਸ ਦੇ ਫਲਸਰੂਪ ਕਾਰਖਾਨਿਆਂ ਦਾ ਨਿਰਮਾਣ ਸ਼ੁਰੂ ਹੋਇਆ। 1844 ਈ. ਤਕ ਇੰਗਲੈਂਡ ਦੇ ਸਹਿਯੋਗ ਨਾਲ ਰੇਲਵੇ ਲਾਇਨਾਂ ਦਾ ਕੰਮ ਪੂਰਾ ਕਰ ਲਿਆ। 1870 ਈ. ਤਕ ਬੈਲਜੀਅਮ ਯੂਰਪੀ ਮਹਾਂਦੀਪ ਦਾ ਇਕ ਪ੍ਰਸਿਧ ਉਦਯੋਗਿਕ ਦੇਸ਼ ਬਣ ਗਿਆ।

## ਫਰਾਂਸ ਵਿਚ ਉਦਯੋਗਿਕ ਕ੍ਰਾਂਤੀ

ਅਠਾਰਵੀਂ ਤੇ ਉਨ੍ਹੀਂਵੀਂ ਸਦੀ ਵਿਚ ਫਰਾਂਸ ਵਿਚ ਸਿਰਫ ਦਸਤਕਾਰੀਆਂ ਹੀ ਸਨ। ਫਰਾਂਸ ਉਨੀ ਕਪੜਾ ਤੇ ਸਿਲਕ ਬਣਾਉਣ ਲਈ ਛੋਟੇ ਕਾਰਖਾਨੇ ਲਾ ਰਿਹਾ ਸੀ। ਥੋੜੇ ਜਿਹੇ ਸੂਤੀ ਕਪੜਾ ਤਿਆਰ ਕਰਨ ਦੇ ਕਾਰਖਾਨੇ ਵੀ ਲੱਗ ਰਹੇ ਸਨ। ਅੰਗਰੇਜ਼ ਕਾਰੀਗਰ ਨਿਯੁਕਤ ਕੀਤੇ ਜਾ ਰਹੇ ਸਨ ਜਿਨ੍ਹਾਂ ਦੀ ਮਦਦ ਨਾਲ ਸਪਿਨਿੰਗ ਜੈਨੀ, ਵਾਟਰ ਫਰੇਮ ਤੇ ਕੰਮ ਕਰਵਾਇਆ ਜਾ ਰਿਹਾ ਸੀ। ਹੋਲੀ-ਹੋਲੀ ਫੈਕਟਰੀਆਂ ਬਣਨੀਆਂ ਸ਼ੁਰੂ ਹੋ ਗਈਆਂ ਪਰੰਤੂ ਬਦਕਿਸਮਤੀ ਨਾਲ 1789 ਈ. ਵਿਚ ਫਰਾਂਸ ਦੀ ਮਹਾਨ ਕ੍ਰਾਂਤੀ ਸ਼ੁਰੂ ਹੋ ਗਈ ਜਿਸ ਨਾਲ ਕਾਰਖਾਨੇ ਤੇ ਵਪਾਰ ਤਬਾਹ ਹੋ ਗਿਆ।

**ਨੈਪੋਲੀਅਨ ਪਹਿਲੇ ਦੇ ਸਮੇਂ ਵਿਚ ਉਦਯੋਗ ਨੇ ਫਿਰ ਤਰੱਕੀ ਕੀਤੀ :** ਨੈਪੋਲੀਅਨ ਦਾ ਮੰਤਵ ਸਾਰੀ ਦੁਨੀਆਂ ਵਿਚ ਆਪਣਾ ਸਾਮਰਾਜ ਕਾਇਮ ਕਰਨਾ ਸੀ ਤੇ ਇੰਗਲੈਂਡ ਉਸ ਦਾ ਵਿਰੋਧੀ ਸੀ। ਇੰਗਲੈਂਡ ਨੂੰ ਖਤਮ ਕਰਨ ਲਈ ਉਹ ਯੂਰਪ ਦੇ ਬਾਕੀ ਦੇਸ਼ਾਂ ਨਾਲ ਗਠਜੋੜ ਕਰ ਰਿਹਾ ਸੀ। ਨੈਪੋਲੀਅਨ ਇੰਗਲੈਂਡ ਨੂੰ ਆਪਣਾ ਸਭ ਤੋਂ ਵੱਡਾ ਦੁਸ਼ਮਣ ਸਮਝਦਾ ਸੀ। ਨੈਪੋਲੀਅਨ ਨੇ ਇਸ ਨੂੰ ਹਾਰ ਦੇਣ ਲਈ 'ਕਾਂਟੀਨੈਂਟਲ ਸਿਸਟਮ' ਚਾਲੂ ਕੀਤਾ ਤਾਂ ਜੋ ਇਸ ਨਾਲ ਇੰਗਲੈਂਡ ਦਾ ਵਪਾਰ ਤਬਾਹ ਕੀਤਾ ਜਾ ਸਕੇ। ਵਪਾਰ ਤੇ ਇਸ ਤੋਂ ਕਮਾਇਆ ਧਨ ਹੀ ਉਸ ਦੀ ਸਾਰੀ ਸ਼ਕਤੀ ਸੀ। ਦੂਸਰੇ ਪਾਸੇ , ਉਸ ਨੇ ਉਦਯੋਗ ਨੂੰ ਪ੍ਰਫੁੱਲਿਤ ਕਰਨ ਦੀ ਕੋਸ਼ਿਸ਼ ਕੀਤੀ। ਫਰਾਂਸ ਦਾ ਆਰਥਿਕ ਪ੍ਰਬੰਧ ਨਵੇਂ ਸਿਰੇ ਤੋਂ ਕੀਤਾ ਗਿਆ। ਬੈਂਕ ਪ੍ਰਬੰਧ ਤੇ ਕਰਜ਼ ਦੇਣ ਵਾਲੀਆਂ ਸੰਸਥਾਵਾਂ ਕਾਇਮ ਕੀਤੀਆਂ ਗਈਆਂ, ਜੋ ਕਾਰਖਾਨੇ ਚਲਾਉਣ ਵਾਲਿਆਂ ਨੂੰ ਪੈਸਾ ਦੇ ਸਕਣ। ਟੈਕਨੀਕਲ ਸਿੱਖਿਆ ਦਾ ਪ੍ਰਬੰਧ ਕੀਤਾ ਗਿਆ ਤੇ ਨਵੀਆਂ ਕਾਢਾਂ ਕੱਢਣ ਵਾਲਿਆਂ ਨੂੰ ਇਨਾਮ ਦਿੱਤੇ ਗਏ। ਫਰਾਂਸ ਨੇ ਉਦਯੋਗੀ ਰਸਾਇਣ ਵਿਗਿਆਨ ਵਿਚ ਆਪਣੀ ਪ੍ਰਮੁੱਖਤਾ ਸਥਾਪਿਤ ਕਰ ਲਈ। ਨਤੀਜੇ ਵਜੋਂ ਫਰਾਂਸ ਦਾ ਉਦਯੋਗ ਬੜਾ ਪ੍ਰਫੁੱਲਿਤ ਹੋਇਆ। ਨੈਪੋਲੀਅਨ ਦੇ ਤਖਤ ਤੋਂ ਲਾਹੇ ਜਾਣ ਪਿਛੋਂ ਫਰਾਂਸੀਸੀ ਉਦਯੋਗ ਨੂੰ ਧੱਕਾ ਲੱਗਾ।

1830 ਤੋਂ 1848 ਈ. ਤਕ ਲੂਈ ਫਿਲਪ ਦੇ ਵਕਤ ਵਿਚ ਫਰਾਂਸ ਦੀ ਘਰੇਲੂ ਦਸਤਕਾਰੀ ਵੱਡੇ ਕਾਰਖਾਨਿਆਂ ਵਿਚ ਬਦਲ ਗਈ। ਅੰਗਰੇਜ਼ੀ ਮਸ਼ੀਨਰੀ ਬਾਹਰੋਂ ਮੰਗਵਾਈ ਗਈ। ਸੁਰੱਖਿਆ ਦੀ ਨੀਤੀ ਧਾਰਨ ਕੀਤੀ ਗਈ, ਆਵਾਜਾਈ ਦੇ ਸਾਧਨਾਂ ਵਿਚ ਸੁਧਾਰ ਕੀਤਾ ਗਿਆ। ਵੱਡੇ ਵਪਾਰਿਕ ਕੇਂਦਰ ਬਣ ਗਏ। ਭਾਰੀਆਂ ਮਸ਼ੀਨਾਂ ਇੰਗਲੈਂਡ ਤੋਂ ਮੰਗਵਾਈਆਂ ਗਈਆਂ। ਨੈਪੋਲੀਅਨ ਤੀਜੇ ਦੇ ਸਮੇਂ ਵਿਚ ਫਰਾਂਸ ਦੇ ਵਪਾਰ ਤੇ ਉਦਯੋਗ ਨੇ ਬਹੁਤ ਤਰੱਕੀ ਕੀਤੀ। ਪਰੰਤੂ ਫਰੈਂਕੋ-ਪ੍ਰਸ਼ੀਅਨ ਜੰਗ (1870) ਵਿਚ ਉਸ ਦੀ ਹਾਰ ਤੋਂ ਬਾਅਦ ਫਰਾਂਸ ਨੂੰ ਅਲਸਾਸ ਤੇ ਲੋਰੇਨ ਦੇ ਸੂਬੇ ਜਰਮਨੀ ਨੂੰ ਦੇਣੇ ਪਏ ਜਿਸ ਨਾਲ ਇਸ ਦੀ ਉਦਯੋਗੀ ਦੁਨੀਆਂ ਵਿਚ ਦੂਜੀ ਪੋਜੀਸ਼ਨ ਖਤਮ ਹੋ ਗਈ।

ਭਾਵੇਂ ਫਰਾਂਸ ਦੀ ਸਰਕਾਰ ਨੇ ਅਣਥੱਕ ਕੋਸ਼ਿਸ਼ ਕੀਤੀ, ਪਰੰਤੂ ਇੰਗਲੈਂਡ ਨਾਲੋਂ ਅੱਗੇ ਨਾ ਨਿਕਲ ਸਕਿਆ। ਇਸ ਦੇ ਬਹੁਤ ਸਾਰੇ ਕਾਰਨ ਸਨ। ਫਰਾਂਸ ਬਾਕੀ ਯੂਰਪੀ ਦੇਸ਼ਾਂ ਦੇ ਨਾਲ ਲਗਦਾ ਦੇਸ਼ ਸੀ। ਇਸ ਦੀ ਲੜਾਈ ਉਨ੍ਹਾਂ ਦੇਸ਼ਾਂ ਨਾਲ ਅਕਸਰ ਚਲਦੀ ਰਹਿੰਦੀ ਸੀ। ਲੜਾਈ ਦੇ ਦਿਨਾਂ ਵਿਚ ਉਦਯੋਗ ਨੂੰ ਬੜਾ ਧੱਕਾ ਲਗਦਾ ਸੀ। ਰਾਜਨੀਤਿਕ ਤੌਰ ਤੇ ਵੀ ਫਰਾਂਸ ਪੱਕੇ-ਪੈਰਾਂ ਤੇ ਖੜਾ ਨਹੀਂ ਹੋ ਸਕਿਆ। 1789 ਈ. ਤੋਂ ਬਾਅਦ ਦੇ ਛੇ ਦਹਾਕਿਆਂ ਵਿਚ ਹੀ ਇਥੇ ਬੜੀਆਂ ਵੱਡੀਆਂ ਤਿੰਨ ਕ੍ਰਾਂਤੀਆਂ ਆਈਆਂ। ਕਈ ਵਾਰੀ ਇਸ ਨੂੰ ਆਪਣੇ ਧੱਕੇਸ਼ਾਹੀ ਦੀ ਨੀਤੀ ਕਾਰਨ ਜੰਗ ਵੀ ਲੜਨੇ ਪਏ, ਜਿਸ ਨਾਲ ਇਸ ਦਾ ਬਹੁਤ ਧਨ ਖਰਚ ਹੋ ਗਿਆ। ਇੰਗਲੈਂਡ ਦੇ ਮੁਕਾਬਲੇ ਵਿਚ ਇਥੇ ਕੋਲਾ, ਲੋਹਾ ਵਧੀਆ ਕਿਸਮ ਦਾ ਨਹੀਂ ਸੀ। ਫਰਾਂਸ ਨੇ ਵਿਲਾਸ ਵਸਤਾਂ ਦੀ ਉਪਜ ਤੇ ਜ਼ਿਆਦਾ ਜ਼ੋਰ ਦਿੱਤਾ। ਇਸ ਦੀ ਵਿਕਰੀ ਘੱਟ ਸੀ। ਇਸ ਨਾਲ ਇਸ ਨੂੰ ਲਾਭ ਵੀ ਘੱਟ ਹੋਇਆ। ਇੰਗਲੈਂਡ ਦੇ ਮੁਕਾਬਲੇ ਵਿਚ ਫਰਾਂਸ ਕੋਲ ਨੌ-ਆਬਾਦੀ ਵੀ ਘੱਟ ਸਨ, ਸੋ ਕੱਚਾ ਮਾਲ ਲਿਆਉਣ ਤੇ ਤਿਆਰ ਕੀਤਾ ਮਾਲ ਵੇਚਣ ਲਈ ਮੰਡੀਆਂ ਦੀ ਘਾਟ ਸੀ।

## ਜਰਮਨੀ ਵਿਚ ਉਦਯੋਗਿਕ ਕ੍ਰਾਂਤੀ

1870 ਈ. ਤੋਂ ਪਹਿਲਾਂ ਕੋਈ ਜਰਮਨੀ ਨਹੀਂ ਸੀ। ਪਵਿੱਤਰ ਰੋਮਨ ਸਾਮਰਾਜ ਨੈਪੋਲੀਅਨ ਪਹਿਲੇ ਨੇ ਖਤਮ ਕਰ ਦਿੱਤਾ ਸੀ ਤੇ ਵਿਆਨਾ ਦੀ ਕਾਂਗਰਸ ਵਿਚ 39 ਸੁਤੰਤਰ ਰਿਆਸਤਾਂ ਦੀ ਜਰਮਨ ਕਾਨਫੈਡਰੇਸ਼ਨ ਬਣਾਈ ਗਈ। ਇਨ੍ਹਾਂ ਵਿਚ ਸਭ ਤੋਂ ਸ਼ਕਤੀਸ਼ਾਲੀ ਰਾਜ ਪ੍ਰਸ਼ੀਆ ਸੀ। ਅਠਾਰਵੀਂ ਸਦੀ ਵਿਚ ਪ੍ਰੱਸ਼ੀਆਂ ਦੇ ਬਾਦਸ਼ਾਹ ਫਰੈਡਰਿਕ ਮਹਾਨ ਨੇ ਉਦਯੋਗ ਦੀ ਉੱਨਤੀ ਲਈ ਕੋਸ਼ਿਸ਼ ਕੀਤੀ ਤੇ ਲੋਹਾ ਫੋਲਾਦ ਤੇ ਕਪੜੇ ਦੇ ਛੋਟੇ ਕਾਰਖਾਨੇ ਲਾਏ ਗਏ। ਸੁਰੱਖਿਆ ਦੀ ਨੀਤੀ ਅਪਣਾਈ ਗਈ ਤੇ ਦਸਾਂ ਸਾਲਾ (1763-73ਈ.) ਵਿਚ 264 ਛੋਟੇ ਕਾਰਖਾਨੇ ਮਖਮਲ, ਰੇਸ਼ਮ, ਸ਼ਾਟਨ, ਊਨੀ ਕਪੜਾ, ਚਮੜਾ, ਲੋਹਾ ਤੇ ਖੰਡ ਆਦਿ ਬਨਾਉਣ ਲੱਗੇ। ਨੈਪੋਲੀਅਨ ਨਾਲ ਜੰਗ ਦੇ ਸਮੇਂ ਜਰਮਨੀ ਦੇ ਉਦਯੋਗ ਨੂੰ ਬੜਾ ਨੁਕਸਾਨ ਹੋਇਆ। ਸੰਨ 1839 ਈ. ਵਿਖੇ ਦੇਸ਼ ਦੀ ਆਰਥਿਕ ਯੂਨੀਅਨ ਅਤੇ ਉਦਯੋਗੀਕਰਣ ਵਲ ਇਕ ਮਹੱਤਵਪੂਰਣ ਕਦਮ ਚੁਕਿਆ ਗਿਆ। ਭਿੰਨ-ਭਿੰਨ ਜਰਮਨੀ ਰਾਜ ਦਾ ਇਕ ਸੀਮਾ ਕਰ ਰਾਜ ਸੰਘ (Zollverin) ਕਾਇਮ ਕੀਤਾ ਗਿਆ, ਜਿਸ ਰਾਹੀਂ ਜਰਮਨਾਂ ਨੂੰ ਵਪਾਰ ਦੀ ਚੋਖੀ ਆਜ਼ਾਦੀ ਦਿੱਤੀ ਗਈ। ਇਸ ਨਾਲ ਉਦਯੋਗ ਨੂੰ ਬਹੁਤ ਲਾਭ ਹੋਇਆ।

1871 ਈ. ਬਾਅਦ ਜਰਮਨੀ ਇਕ ਹੋ ਗਿਆ ਤੇ ਸਾਮਰਾਜਵਾਦ ਦੀ ਸਰਕਾਰ ਨੇ ਉਦਯੋਗਕ ਕ੍ਰਾਂਤੀ ਲਿਆਉਣ ਦੇ ਜਤਨ ਕੀਤੇ। ਜਰਮਨੀ ਕੋਲ ਉਦਯੋਗਿਕ ਵਿਸਥਾਰ ਲਈ ਬਹੁਤ ਸਾਰੀ ਸਮੱਗਰੀ ਪਈ ਸੀ। ਜਿਸ ਦੀ ਪੂਰੀ ਵਰਤੋਂ 1871 ਈ. ਤੋਂ ਬਾਅਦ ਹੋਈ। ਸਾਲੇਸ਼ਿਆ, ਰੂਹਰ, ਵੈਸਟਫੇਲੀਆ ਤੇ ਸਾਰ ਦੇ ਇਲਾਕਿਆਂ ਵਿਚ ਜਰਮਨੀ ਦੇ ਲੋਹੇ ਤੋਂ ਕੋਲੇ ਦੇ ਭੰਡਾਰ ਸਨ। ਬਨਾਉਟੀ ਜਲ ਮਾਰਗਾਂ ਦਾ ਵਧੀਆ ਜਾਲ ਵਿਛਾਇਆ ਹੋਇਆ ਸੀ। 19ਵੀਂ ਸਦੀ ਵਿਚ ਵੱਡੇ-ਵੱਡੇ ਪੁਰਸ਼ ਪੈਦਾ ਹੋਏ ਜਿਨ੍ਹਾਂ ਨੇ ਜਰਮਨੀ ਦੀ ਆਰਥਿਕ ਖੁਸ਼ਹਾਲੀ ਲਈ ਯਤਨ ਕੀਤੇ। ਬਿਸਮਾਰਕ ਨੇ ਰੇਲਵੇ ਲਾਇਨਾਂ ਬਣਾਉਣ ਲਈ ਜ਼ੋਰ ਦਿੱਤਾ ਤਾਂ ਜੋ ਮਾਲ ਥਾਂ-ਥਾਂ ਪਹੁੰਚਾਇਆ ਜਾ ਸਕੇ। ਟੈਕਨੀਕਲ ਸਿਖਿਆ ਤੇ ਮਸ਼ੀਨਰੀ ਦੇ ਵਧਾਉਣ ਉਤੇ ਜ਼ੋਰ

ਦਿੱਤਾ ਗਿਆ। ਬਿਜਲੀ ਨੂੰ ਵਧਾਉਣ ਦੀ ਕੋਸ਼ਿਸ਼ ਕੀਤੀ ਗਈ। ਜਹਾਜ਼ ਬਣਾਏ ਗਏ ਤਾਂ ਜੋ ਬਿਦੇਸ਼ੀ ਵਪਾਰ ਚ ਵਾਧਾ ਹੋ ਸਕੇ। ਜਰਮਨੀ ਰਸਾਇਣਕ ਵਿਦਿਆ ਵਿਚ ਸਭ ਤੋਂ ਅੱਗੇ ਨਿਕਲ ਗਿਆ। ਬੈਂਕਾਂ ਦਾ ਪ੍ਰਬੰਧ ਕੀਤਾ ਗਿਆ ਤਾਂ ਜੋ ਵਪਾਰੀ ਲੋਕਾਂ ਦੀ ਮਦਦ ਕੀਤੀ ਜਾ ਸਕੇ। 1871 ਈ. ਤੋਂ 1914 ਈ. ਤਕ ਜਰਮਨੀ ਨੇ ਉਦਯੋਗ ਵਿਚ ਭਾਰੀ ਤਰੱਕੀ ਕੀਤੀ ਤੇ ਦੁਨੀਆਂ ਦੇ ਚੋਣਵੇ ਦੇਸ਼ਾਂ ਵਿਚ ਆ ਗਿਆ। ਇਸ ਦੇ ਪ੍ਰਫੁੱਲਿਤ ਹੋਣ ਦੇ ਬਹੁਤ ਸਾਰੇ ਕਾਰਣ ਸਨ ਜਿਵੇਂ ਕਿ ਕੁਦਰਤੀ ਸੋਮੇ, ਤਾਕਤਵਰ ਅਤੇ ਸਥਾਈ ਸਰਕਾਰ, ਸਸਤੀ ਮਜ਼ਦੂਰੀ, ਨੇ ਆਬਾਦੀਆਂ ਆਦਿ। ਬੈਨਜ਼ ਦੇ ਕਥਨ ਅਨੁਸਾਰ ਜਰਮਨੀ ਨੇ ਇੰਗਲੈਂਡ ਤੇ ਫ੍ਰਾਂਸ ਨਾਲ ਜਿਹੜਾ ਉਦਯੋਗਿਕ ਮੁਕਾਬਲਾ ਸ਼ੁਰੂ ਕੀਤਾ, ਇਹ ਪਹਿਲੇ ਸੰਸਾਰ ਯੁੱਧ ਦਾ ਕਾਰਣ ਸਾਬਿਤ ਹੋਇਆ।

## ਇਟਲੀ ਵਿਚ ਉਦਯੋਗਿਕ ਕ੍ਰਾਂਤੀ

ਇਟਲੀ ਵਿਚ ਰਾਜਨੀਤਿਕ ਏਕਤਾ ਨਾ ਹੋਣ ਕਾਰਨ ਕਾਫੀ ਸਮੇਂ ਤਕ ਉਦਯੋਗਿਕ ਵਿਕਾਸ ਨਾ ਹੋਇਆ। 1870 ਈ. ਵਿਚ ਇਟਲੀ ਦਾ ਏਕੀਕਰਨ ਹੋ ਜਾਣ ਪਿਛੋਂ ਇਸ ਦੇਸ਼ ਵਿਚ ਮਹੱਤਵਪੂਰਨ ਉਦਯੋਗਿਕ ਪਰਿਵਰਤਨ ਆਏ। 19ਵੀਂ ਸਦੀ ਦੇ ਅੰਤ ਤਕ ਇਟਲੀ ਵਿਚ ਕਪੜੇ ਦੇ ਉਦਯੋਗ, ਧਾਤੂ ਉਦਯੋਗ ਅਤੇ ਰਸਾਇਣ ਉਦਯੋਗ ਦਾ ਬੜਾ ਵਿਕਾਸ ਹੋਇਆ। ਜਲ-ਬਿਜਲੀ ਯੋਜਨਾਵਾਂ ਵਿਚ ਤਾਂ ਇਟਲੀ ਨੂੰ ਸਾਰੇ ਯੂਰਪੀ ਦੇਸ਼ਾਂ ਨਾਲੋਂ ਵੱਧ ਸਫਲਤਾ ਮਿਲੀ।

## ਰੂਸ ਵਿਚ ਉਦਯੋਗਿਕ ਕ੍ਰਾਂਤੀ

ਰੂਸ ਇਕ ਪਿਛਾਂਹ ਖਿੱਚੂ ਖੇਤੀਬਾੜੀ ਦਾ ਦੇਸ਼ ਸੀ। ਪੀਟਰ ਦੀ ਗਰੇਟ (1689 ਈ.–1725ਈ.) ਨੇ 233 ਛੋਟੇ-ਛੋਟੇ ਕਾਰਖਾਨੇ ਸਰਕਾਰੀ ਤੇ ਗੈਰ-ਸਰਕਾਰੀ ਸਥਾਪਿਤ ਕਰਵਾਏ ਸਨ। 1850 ਈ. ਤਕ ਸੂਤੀ ਕਪੜੇ ਦਾ ਕਾਰਖਾਨਾ ਵੱਡੇ ਪੈਮਾਨੇ ਤੇ ਚਲਣ ਲੱਗ ਪਿਆ, ਪਰ ਰੂਸ ਹਾਲੇ ਵੀ ਬਹੁਤਾ ਖੇਤੀਬਾੜੀ ਵਾਲਾ ਦੇਸ਼ ਸੀ। ਜ਼ਾਰ ਅਲੈਗਜ਼ੈਂਡਰ ਦੂਜੇ ਨੇ ਗੁਲਾਮੀ ਪ੍ਰਥਾ ਖਤਮ ਕਰ ਦਿੱਤੀ। ਇਹ ਪ੍ਰਥਾ ਖਤਮ ਹੋ ਜਾਣ ਨਾਲ ਮਜ਼ਦੂਰੀ ਸਸਤੀ ਮਿਲਣ ਲੱਗ ਪਈ। ਕਾਰਖਾਨਿਆਂ ਦਾ ਕੰਮ ਵਧ ਗਿਆ। 18ਵੀਂ ਸਦੀ ਦੇ ਪਿਛਲੇ ਅੱਧ ਵਿਚ ਆਵਾਜਾਈਆਂ ਦੇ ਸਾਧਨ ਸੁਧਰ ਗਏ, ਜਿਸ ਨਾਲ ਮਾਲ ਇਧਰ ਉਧਰ ਭੇਜਣ ਦੀ ਆਸਾਨੀ ਹੋ ਗਈ। ਯੂਰਪੀ ਦੇਸ਼ਾਂ ਜਿਵੇਂ ਫਰਾਂਸ ਤੇ ਇੰਗਲੈਂਡ ਨੇ ਰੂਸੀ ਉਦਯੋਗ ਦੀ ਤਰੱਕੀ ਲਈ ਆਰਥਿਕ, ਸਹਾਇਤਾ ਦਿੱਤੀ। ਬੈਂਕ ਤੇ ਉਧਾਰ ਦੇਣ ਵਾਲੀਆਂ ਸੰਸਥਾਵਾਂ ਸਥਾਪਿਤ ਕੀਤੀਆਂ। ਕੋਲੇ ਤੇ ਲੋਹੇ ਦੀਆਂ ਖਾਣਾਂ ਲਭੀਆਂ ਗਈਆਂ। ਲੋਹੇ ਤੇ ਕਪੜੇ ਦੇ ਕਾਰਖਾਨੇ ਵਿਕਾਸ ਕਰ ਗਏ। ਵਿਦੇਸ਼ੀ ਵਪਾਰ ਲਈ ਸੁਰੱਖਿਆ ਦੀ ਨੀਤੀ ਅਪਣਾਈ ਗਈ। ਪਹਿਲੀ ਸੰਸਾਰ ਜੰਗ ਤੋਂ ਪਹਿਲਾਂ ਰੂਸ ਦੀ ਉਦਯੋਗਿਕ ਕ੍ਰਾਂਤੀ ਪੂਰੀ ਹੋ ਚੁੱਕੀ ਸੀ ਪਰੰਤੂ ਜੰਗ ਦੇ ਦਿਨਾਂ ਵਿਚ ਇਸ ਨੂੰ ਬੜਾ ਧੱਕਾ ਲੱਗਾ।

## ਅਮਰੀਕਾ ਵਿਚ ਉਦਯੋਗਿਕ ਕ੍ਰਾਂਤੀ

1789 ਈ. ਵਿਚ 13 ਨੌ ਆਬਾਦੀਆਂ ਨੇ ਆਪਣੀ ਆਜ਼ਾਦੀ ਹਾਸਿਲ ਕਰ ਲਈ ਤੇ ਇਕ ਯੂਨੀਅਨ ਬਣਾ ਲਈ। ਆਪਣੀ ਆਜ਼ਾਦੀ ਹਾਸਲ ਕਰਨ ਤੋਂ ਪਹਿਲਾਂ ਇਹ ਬਿਦੇਸ਼ੀ ਤਿਆਰ ਹੋਇਆ ਮਾਲ ਵਰਤਦੇ ਸਨ। ਆਪਣੇ ਦੇਸ਼ ਵਿਚ ਸਿਰਫ ਘਰੇਲੂ ਦਸਤਕਾਰੀ ਹੀ ਸੀ। ਨੈਪੋਲੀਅਨ ਦੀਆਂ ਜੰਗਾਂ ਨੇ ਅਮਰੀਕਾ ਨੂੰ ਆਪਣਾ ਉਦਯੋਗ ਵਧਾਉਣ ਦਾ ਮੌਕਾ ਦਿੱਤਾ। ਇਨ੍ਹਾਂ ਦਿਨਾਂ ਵਿਚ ਯੂਰਪ ਵਿਚ ਅਮਰੀਕੀ ਅਨਾਜ ਤੇ ਕੱਚੇ ਮਾਲ ਦੀ ਬਹੁਤ ਮੰਗ ਸੀ। ਮਾਲ ਭੇਜਣ ਲਈ ਇਨ੍ਹਾਂ ਨੂੰ ਆਪਣੇ ਜਹਾਜ਼ ਤਿਆਰ ਕਰਨੇ ਪਏ। ਨੈਪੋਲੀਅਨ ਦੀ ਹਾਰ ਤੋਂ ਬਾਅਦ ਅੰਗਰੇਜ਼ੀ, ਫ੍ਰਾਂਸੀਸੀ ਸਰਕਾਰਾਂ ਨੇ ਅਮਰੀਕਨ ਵਪਾਰ ਤੇ ਪਾਬੰਦੀਆਂ ਲਾ ਦਿੱਤੀਆਂ। ਨਤੀਜੇ ਵਜੋਂ ਇਨ੍ਹਾਂ ਦੇ ਜਹਾਜ਼ ਬਣਾਉਣ ਦੇ ਕਾਰਖਾਨੇ ਨੂੰ ਧੱਕਾ ਲੱਗਾ, ਪਰ ਇਨ੍ਹਾਂ ਦੇ ਹੋਰ ਵਸਤਾਂ ਤਿਆਰ ਕਰਨ ਦੇ ਕਾਰਖਾਨੇ ਖੋਲ੍ਹ ਲਏ, ਕਿਉਂਕਿ ਯੂਰਪ ਵਿਚ ਤਿਆਰ ਹੋਇਆ ਮਾਲ ਜੋ ਇਥੇ ਵਿਕਦਾ ਸੀ, ਬਹੁਤ ਮਹਿੰਗਾ ਸੀ। 1806 ਈ. ਤਕ 50 ਕੰਪਨੀਆਂ ਨੇ ਕਾਰਖਾਨਿਆਂ ਦਾ ਕੰਮ ਸ਼ੁਰੂ ਕੀਤਾ। ਲੋਹੇ, ਸੀਸੇ ਅਤੇ ਬਰਤਨ ਬਣਾਉਣ ਆਦਿ ਦੇ ਕਾਰਖਾਨੇ

ਲਾਏ। 1816 ਈ. ਵਿਚ ਸੁਰੱਖਿਆ ਦੀ ਨੀਤੀ ਅਪਨਾਈ ਗਈ। ਨੀਗਰੋ ਥੋੜ੍ਹੀ ਮਜ਼ਦੂਰੀ ਤੇ ਕੰਮ ਕਰ ਲੈਂਦੇ ਸਨ, ਇਸ ਲਈ ਉਦਯੋਗ ਤਰੱਕੀ ਕਰ ਗਿਆ। ਅੰਦਰੂਨੀ ਵਪਾਰ ਚੁੰਗੀ ਰਹਿਤ ਸੀ। ਅਮਰੀਕਾ ਦੀ ਉਦਯੋਗਿਕ ਉਪਜ ਦਾ ਸਬੂਤ ਹੇਠ ਲਿਖੇ ਅੰਕੜਿਆਂ ਤੋਂ ਮਿਲ ਜਾਂਦਾ ਹੈ। 1860 ਈ. ਉਦਯੋਗਿਕ ਉਪਜ 1886 ਮਿਲੀਅਨ ਡਾਲਰ ਸੀ ਤੇ 1915 ਈ. ਵਿਚ ਅਮਰੀਕੀ ਉਦਯੋਗਾਂ ਨੇ 24,246 ਮਿਲੀਅਨ ਡਾਲਰ ਦੇ ਮੁੱਲ ਦੀਆਂ ਵਸਤਾਂ ਪੈਦਾ ਕੀਤੀਆਂ।

## ਉਦਯੋਗਿਕ ਕ੍ਰਾਂਤੀ ਦੇ ਸਿੱਟੇ

ਇਸ ਕ੍ਰਾਂਤੀ ਨੇ ਲੋਕਾਂ ਦੀ ਸਮਾਜਿਕ, ਆਰਥਿਕ ਤੇ ਰਾਜਨੀਤਿਕ ਜ਼ਿੰਦਗੀ ਤੇ ਬੜੇ ਅਸਰ ਪਾਏ। ਇਹ ਇਸ ਪ੍ਰਕਾਰ ਹਨ :

**ਸਮਾਜਿਕ ਤੇ ਆਰਥਿਕ ਅਸਰ :** ਇਸ ਦਾ ਭਾਵ ਸਭ ਤੋਂ ਵੱਡਾ ਅਸਰ ਇਹ ਹੋਇਆ ਕਿ ਹੇਠਲੀਆਂ ਸ਼੍ਰੇਣੀਆਂ ਹੋਰ ਗਰੀਬ ਤੇ ਕੰਗਾਲ ਹੋ ਗਈਆਂ। ਇਸ ਨਾਲ ਸਰਮਾਏਦਾਰ ਤੇ ਗਰੀਬ ਜਨਤਾ ਦਾ ਸੰਘਰਸ਼ ਤੇਜ਼ ਹੋ ਗਿਆ। ਉਦਯੋਗਿਕ ਪੂੰਜੀਪਤੀਆਂ ਦਾ ਮਕਸਦ ਸਿਰਫ ਮੁਨਾਫਾਖੋਰੀ ਸੀ। ਸ਼ਹਿਰ ਦੀ ਰੌਣਕ ਬਹੁਤ ਵਧ ਗਈ। ਬਹੁਤ ਸਾਰੇ ਨਵੇਂ, ਸ਼ਹਿਰ ਹੋਂਦ ਵਿਚ ਆ ਗਏ। ਪੁਰਾਣੇ ਪਿੰਡ ਖਾਲੀ ਹੋ ਗਏ। ਇੰਗਲੈਂਡ ਵਿਚ ਪੈਸੇ ਦੀ ਬਹੁਲਤਾ ਹੋ ਜਾਣ ਕਾਰਣ ਫਰਾਂਸੀਸੀ ਜੰਗਾਂ ਦਾ ਬੋਝ ਸਹਿਣ ਦੇ ਕਾਬਲ ਹੋ ਗਿਆ। ਇੰਗਲੈਂਡ ਵਿਚ ਲੋਕੀ ਦੱਖਣ ਪੂਰਬ ਚੋਂ ਉਠ ਕੇ ਉੱਤਰ ਪੱਛਮ ਵਿਚ ਵਸੇ। ਸਾਰਾ ਦੇਸ਼ ਅੱਗੇ ਸਿਰਫ ਖੇਤੀਬਾੜੀ ਦੀ ਉਪਜ ਤੇ ਨਿਰਭਰ ਸੀ, ਹੁਣ ਉਦਯੋਗ ਉਨ੍ਹਾਂ ਦੀ ਆਮਦਨ ਦਾ ਮੁੱਖ ਸਾਧਨ ਬਣ ਗਿਆ। ਬਹੁਤ ਸਾਰੇ ਰੋਜ਼ਾਨਾ ਤਨਖਾਹ ਲੈ ਕੇ ਆਪਣਾ ਪੇਟ ਪਾਲਣ ਲੱਗੇ। ਇਸ ਨਾਲ ਕਈ ਨਵੀਆਂ ਸਮਾਜਿਕ ਮੁਸੀਬਤਾਂ ਖੜੀਆਂ ਹੋ ਗਈਆਂ। ਔਰਤ ਤੇ ਬੱਚੇ ਬਹੁਤ ਵਾਰੀ 15 ਘੰਟੇ ਕੰਮ ਕਰਨ ਲਈ ਮਜਬੂਰ ਹੋ ਜਾਂਦੇ ਹਨ। ਜਿਨ੍ਹਾਂ ਹਾਲਤਾਂ ਵਿਚ ਉਹ ਕੰਮ ਕਰਦੇ ਸਨ, ਬਹੁਤ ਤਰਸਯੋਗ ਸਨ। ਮਜ਼ਦੂਰੀ ਥੋੜ੍ਹੀ ਮਿਲਦੀ ਸੀ, ਗੰਦੀਆਂ ਤੇ ਭੈੜੀਆਂ ਥਾਵਾਂ ਤੇ ਬਹੁਤੇ ਲੋਕਾਂ ਨੂੰ ਰਹਿਣਾ ਪੈਂਦਾ ਸੀ, ਜਿਹੜੇ ਸਿਹਤ ਲਈ ਬਹੁਤ ਹਾਨੀਕਾਰਕ ਸੀ। ਨਵੇਂ ਉਦਯੋਗਿਕ ਸ਼ਹਿਰ ਚੰਗੀ ਤਰ੍ਹਾਂ ਨਹੀਂ ਸਨ ਬਣੇ ਹੋਏ। ਤਾਜੀ ਹਵਾ, ਰੋਸ਼ਨੀ ਤੇ ਪਾਣੀ ਦੀ ਸਪਲਾਈ ਦਾ ਪ੍ਰਬੰਧ ਨਹੀਂ ਸੀ। ਮਜਦੂਰਾਂ ਨੂੰ ਸਿੱਖਿਆ, ਮਨੋਰੰਜਨ ਤੇ ਮੈਡੀਕਲ ਸਹੂਲਤਾਂ ਨਹੀਂ ਦਿੱਤੀਆਂ ਜਾਂਦੀਆਂ ਸਨ। ਇਸ ਤੋਂ ਬਿਨਾਂ ਉਪਜ ਜ਼ਿਆਦਾ ਹੋ ਜਾਣ ਤੋਂ ਬਾਅਦ ਕਾਰਖਾਨੇ ਬੰਦ ਕਰ ਦਿੱਤੇ ਜਾਂਦੇ ਸਨ, ਜਿਸ ਨਾਲ ਬੇਰੁਜ਼ਗਾਰੀ ਵੱਧ ਜਾਂਦੀ ਸੀ।

**ਰਾਜਨੀਤਿਕ ਤੇ ਵਿਧਾਨਿਕ ਅਸਰ :** ਕਿਉਂਕਿ ਇੰਗਲੈਂਡ ਵਿਚ ਬਹੁਤ ਸਾਰੇ ਨਵੇਂ ਸ਼ਹਿਰਾਂ ਨੂੰ ਪਾਰਲੀਮੈਂਟ ਵਿਚ ਕੋਈ ਪ੍ਰਤੀਨਿਧ ਭੇਜਣ ਦਾ ਹੱਕ ਨਹੀਂ ਸੀ, ਇਸ ਲਈ ਪਾਰਲੀਮੈਂਟ ਦੇ ਸੁਧਾਰ ਕਰਨ ਦੀ ਲੋੜ ਮਹਿਸੂਸ ਕੀਤੀ ਗਈ। ਚੋਣਾਂ ਲਈ ਨਵੇਂ ਹਲਕਿਆਂ ਦੀ ਵੰਡ ਦੀ ਆਵਾਜ਼ ਉਠਾਈ ਗਈ। ਮਜ਼ਦੂਰਾਂ ਦੀ ਹਾਲਤ ਇੰਨੀ ਖਰਾਬ ਹੋ ਗਈ ਕਿ ਇੰਗਲੈਂਡ ਵਿਚ ਚਾਰਟਿਸਟ ਅੰਦੋਲਨ ਸ਼ੁਰੂ ਹੋ ਗਿਆ ਤੇ ਬਾਕੀ ਦੇਸ਼ਾਂ ਵਿਚ ਸੁਧਾਰਾਂ ਲਈ ਸਾਂਝੀ ਆਵਾਜ਼ ਉਠਾਈ ਗਈ। ਹੋਲੀ–ਹੋਲੀ ਮਜ਼ਦੂਰਾਂ ਦੀ ਹਾਲਤ ਸੁਧਾਰਨ ਲਈ ਕਾਨੂੰਨ ਪਾਸ ਕੀਤੇ ਗਏ। ਉਦਯੋਗਿਕ ਕ੍ਰਾਂਤੀ ਨੇ ਆਉਣ ਵਾਲੀਆਂ ਲੜਾਈਆਂ ਦਾ ਬੀਜ ਬੋ ਦਿੱਤਾ, ਕਿਉਂਕਿ ਸਭ ਦੇਸ਼ ਨਵੀਆਂ ਮੰਡੀਆਂ ਦੀ ਭਾਲ ਵਿਚ ਨੌ ਆਬਾਦੀਆਂ ਕਾਇਮ ਕਰਨਾ ਚਾਹੁੰਦੇ ਸਨ।

**ਹੋਰ ਅਸਰ :** ਉਦਯੋਗਿਕ ਉੱਨਤੀ ਨਾਲ ਅਮੀਰ ਹੋਰ ਅਮੀਰ ਹੋ ਗਏ ਅਤੇ ਗਰੀਬ ਹੋਰ ਗਰੀਬ। ਮਾਲਕ ਤੇ ਮਜ਼ਦੂਰਾਂ ਦੇ ਆਪਸੀ ਸੰਬੰਧ ਹੋਰ ਵੀ ਵਿਗੜ ਗਏ ਤੇ ਇਨ੍ਹਾਂ ਦੀ ਟੱਕਰ ਜ਼ੋਰ ਫੜ ਗਈ। ਉਦਯੋਗਿਕ ਕ੍ਰਾਂਤੀ ਨੇ ਰਾਸ਼ਟਰਵਾਦ ਤੇ ਅੰਤਰ–ਰਾਸ਼ਟਰਵਾਦ ਨੂੰ ਜਨਮ ਦਿੱਤਾ, ਚੂੰਕਿ ਇਨ੍ਹਾਂ ਨਵੀਆਂ ਕਾਢਾਂ ਨੇ ਦੁਨੀਆ ਦੇ ਸਾਰੇ ਦੇਸ਼ਾਂ ਨੂੰ ਇਕ ਦੂਜੇ ਤੇ ਨਿਰਭਰ ਕਰ ਦਿੱਤਾ ਸੀ। ਵਿਅਕਤੀਵਾਦ (Individualism) ਇਸ ਦੀ ਦੇਣ ਹੈ। ਮਿਲ ਤੇ ਬੈਥਨਮ ਵਰਗੇ ਅੰਗਰੇਜ਼ੀ ਲੇਖਕਾਂ ਨੇ ਇਸ ਗੱਲ

ਤੇ ਜ਼ੋਰ ਦਿੱਤਾ ਕਿ ਵਿਅਕਤੀ ਨੂੰ ਆਪਣੇ ਮਸਲੇ ਸੁਲਝਾਉਣ ਦੀ ਆਪ ਹਿੰਮਤ ਕਰਨੀ ਚਾਹੀਦੀ ਹੈ।

**ਫੈਕਟਰੀ ਕਾਨੂੰਨ :** ਅਸੀਂ ਵੇਖ ਚੁਕੇ ਹਾਂ ਕਿ ਉਦਯੋਗਿਕ ਕ੍ਰਾਂਤੀ ਦੇ ਕਿੰਨੇ ਮਾੜੇ ਸਿੱਟੇ ਨਿਕਲੇ ਸਨ। ਮਜ਼ਦੂਰਾਂ ਦੀ ਤਰਸਯੋਗ ਹਾਲਤ ਦੇ ਨਤੀਜੇ ਵਜੋਂ ਜਨਤਾ ਇਹ ਮੰਗ ਕਰਨ ਲੱਗ ਪਈ ਸੀ ਕਿ ਇਨ੍ਹਾਂ ਦੀ ਹਾਲਤ ਸੁਧਾਰੀ ਜਾਏ। ਇੰਗਲੈਂਡ ਵਿਚ ਬਹੁਤ ਸਾਰੇ ਫੈਕਟਰੀ ਕਾਨੂੰਨ ਪਾਸ ਕੀਤੇ ਗਏ। 1802 ਈ. ਵਿਚ ਸਵਾਰਥ ਅਤੇ ਅਨੈਤਿਕਤਾ ਸੰਬੰਧੀ ਐਕਟ ਪਾਸ ਕੀਤਾ ਗਿਆ, ਜਿਸ ਮੁਤਾਬਕ ਕਪੜੇ ਦੇ ਕਾਰਖਾਨਿਆਂ ਵਿਚ ਬੱਚਿਆਂ ਦਾ ਕੰਮ ਨੇਮਾਂ ਅਨੁਸਾਰ ਕਰ ਦਿੱਤਾ ਗਿਆ। 1819 ਈ. ਅਤੇ 1833 ਈ. ਵਿਚ ਫੈਕਟਰੀਆਂ ਵਿਚ ਬੱਚਿਆਂ ਦੇ ਕੰਮ ਕਰਨ ਸੰਬੰਧੀ ਦੋ ਹੋਰ ਐਕਟ ਪਾਸ ਕੀਤੇ ਗਏ। 1844 ਈ. ਵਿਚ ਬੱਚਿਆਂ ਲਈ ਅੱਧੇ ਸਮੇਂ ਦਾ ਐਕਟ ਪਾਸ ਕੀਤਾ ਗਿਆ ਜਿਸ ਮੁਤਾਬਕ ਉਨ੍ਹਾਂ ਤੋਂ ਅੱਧਾ ਜਾਂ ਇਕ ਦਿਨ ਛੱਡ ਕੇ ਪੂਰਾ ਦਿਨ ਕੰਮ ਲਿਆ ਜਾ ਸਕਦਾ ਸੀ। 1842 ਈ. ਵਿਚ ਇਕ ਹੋਰ ਐਕਟ ਪਾਸ ਹੋਇਆ, ਜਿਸ ਅਨੁਸਾਰ 10 ਸਾਲ ਤੋਂ ਛੋਟੇ ਬੱਚਿਆਂ ਦਾ ਖਾਣਾਂ ਵਿਚ ਕੰਮ ਕਰਨਾ ਬੰਦ ਕਰ ਦਿੱਤਾ ਗਿਆ। ਬੇਰੁਜ਼ਗਾਰੀ, ਬਿਮਾਰੀ ਤੇ ਦੁਰਘਟਨਾ ਬੀਮੇ ਲਈ ਕਾਨੂੰਨ ਪਾਸ ਕੀਤੇ ਗਏ ਤਾਂ ਜੋ ਮਜ਼ਦੂਰਾਂ ਦੀ ਹਾਲਤ ਸੁਧਰ ਸਕੇ। ਇਸੇ ਤਰ੍ਹਾਂ ਫਰਾਂਸ, ਜਰਮਨੀ ਤੇ ਅਮਰੀਕਾ ਦੀਆਂ ਸਰਕਾਰਾਂ ਨੇ ਇਹੋ ਜਿਹੇ ਐਕਟ ਪਾਸ ਕੀਤੇ।

**ਟਰੇਡ ਯੂਨੀਅਨ ਅਤੇ ਮਜਦੂਰ ਅੰਦੋਲਨ :** ਮਜਦੂਰਾਂ ਨੇ ਇਹ ਮਹਿਸੂਸ ਕਰ ਲਿਆ ਸੀ ਕਿ ਉਹ ਆਪਣੀ ਹਾਲਤ ਸੁਧਾਰਨਾ ਚਾਹੁੰਦੇ ਹਨ। ਤਨਖਾਹ ਵਧਾਉਣਾ ਚਾਹੁੰਦੇ ਸਨ ਤਾਂ ਇਨ੍ਹਾਂ ਨੂੰ ਇਕੱਠੇ ਹੋ ਕੇ ਆਵਾਜ਼ ਉਠਾਉਣੀ ਚਾਹੀਦੀ ਹੈ। ਉਨ੍ਹਾਂ ਨੇ ਆਪਣੀਆਂ ਟਰੇਡ ਯੂਨੀਅਨਾਂ ਬਣਾ ਲਈਆਂ ਜਿਵੇਂ ਰੇਲ ਕਰਮਚਾਰੀਆਂ ਦੀ ਯੂਨੀਅਨ ਅਤੇ ਖਾਣਾਂ ਵਿਚ ਕੰਮ ਕਰਨ ਵਾਲਿਆਂ ਦੀ। ਇਸ ਯੂਨੀਅਨ ਦੇ ਮੈਂਬਰ ਅਨਪੜ੍ਹ ਤੇ ਨਾ-ਤਜਰਬੇਕਾਰ ਸਨ। ਪਾਰਲੀਮੈਂਟ ਦਾ ਕੰਟਰੋਲ ਸਰਮਾਏਦਾਰ ਲੋਕਾਂ ਦੇ ਹੱਥਾਂ ਵਿਚ ਸੀ ਤੇ ਲੋਕ ਰਾਏ ਵੀ ਸ਼ੁਰੂ ਵਿਚ ਹਮਦਰਦੀ ਭਰੀ ਨਹੀਂ ਸੀ। ਇਹ ਯੂਨੀਅਨ ਬੰਦ ਕਰਨ ਲਈ ਕਾਨੂੰਨ ਪਾਸ ਕੀਤੇ ਗਏ, ਪਰੰਤੂ ਅਖੀਰ 'ਚ ਕਾਮਯਾਬ ਹੋ ਗਏ।

ਇੰਗਲੈਂਡ ਦੇ ਮਜ਼ਦੂਰ ਲੋਕਾਂ ਨੇ ਪਾਰਲੀਮੈਂਟ ਵਿਚ ਆਪਣਾ ਪ੍ਰਤੀਨਿਧ ਭੇਜਣ ਦੀ ਮੰਗ ਕੀਤੀ। ਉਹਨਾਂ ਨੂੰ ਚੰਗੀ ਤਰ੍ਹਾਂ ਅਹਿਸਾਸ ਹੋ ਗਿਆ ਸੀ ਕਿ ਪਾਰਲੀਮੈਂਟ ਵਿਚ ਪੂੰਜੀਪਤੀਆਂ ਦਾ ਜ਼ੋਰ ਹੋਣ ਕਰਕੇ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੋਵੇਗੀ। 1893 ਈ. ਵਿਚ ਲੇਬਰ ਪਾਰਟੀ ਦੀ ਨੀਂਹ ਰੱਖੀ ਤੇ ਲੇ ਬਰ ਅੰਦੋਲਨ ਜਾਰੀ ਹੋ ਗਿਆ। 1900 ਈ. 'ਚ ਇੰਗਲੈਂਡ ਵਿਚ ਲੇਬਰ ਪਾਰਟੀ ਦਾ ਇਕ ਮੈਂਬਰ ਚੁਣਿਆ ਗਿਆ ਤੇ 1907 ਈ. ਵਿਚ ਇਨ੍ਹਾਂ ਦੀ ਗਿਣਤੀ ਸੱਤ ਹੋ ਗਈ। 1890 ਈ. ਵਿਚ ਲੇਬਰ ਸੰਗਠਨ ਕਾਇਮ ਹੋਇਆ, 1895 ਵਿਚ ਫਰੈਂਚ ਕਨਫੈਡਰੇਸ਼ਨ ਆਫ ਲੇਬਰ ਦੀ ਸਥਾਪਨਾ ਹੋਈ। 1881 ਈ. ਵਿਚ ਅਮਰੀਕਨ ਲੇਬਰ ਸੰਘ ਦੀ ਸਥਾਪਨਾ ਕੀਤੀ ਗਈ।

**ਸਿੱਟਾ :** ਅਸੀਂ ਵੇਖ ਚੁਕੇ ਹਾਂ ਕਿ ਉਦਯੋਗ ਕ੍ਰਾਂਤੀ ਉਦੋਂ ਸ਼ੁਰੂ ਹੋਈ ਜਦੋਂ ਇਨਸਾਨ ਅਤੇ ਪਸ਼ੂ ਸ਼ਕਤੀ ਦੇ ਸੋਮਿਆਂ ਦੀ ਥਾਂ ਮਸ਼ੀਨੀ ਸ਼ਕਤੀ ਨੇ ਲੈ ਲਈ। ਦੂਜੀਆਂ ਕ੍ਰਾਂਤੀਆਂ ਤੋਂ ਇਲਾਵਾ ਜਿਹੜੀਆਂ ਸ਼ੁਰੂ ਤੇ ਖਤਮ ਹੁੰਦੀਆਂ ਰਹੀਆਂ, ਉਦਯੋਗਿਕ ਕ੍ਰਾਂਤੀ ਇਕ ਸਥਾਈ ਲਗਾਤਾਰ ਵੱਧਣ ਵਾਲੀ ਹੈ।

## ਹੋਰ ਪੜ੍ਹਨ ਲਈ ਪੁਸਤਕਾਂ ਦੇ ਸੰਬੰਧਿਤ ਪੰਨੇ


1. ਵਿਸ਼ਿਸ਼ਟ, ਐਸ.ਐਸ. ਅਤੇ ਫੌਜਾ ਸਿੰਘ : ਸਭਿਅਤਾ ਦਾ ਵਿਕਾਸ, ਪੰਨੇ 183-200
2. ਅਰੋੜਾ, ਏ.ਸੀ. : ਵਿਸ਼ਵ ਦਾ ਇਤਿਹਾਸ (1500-1950)
3. Wells, H.G. : A Short History of the World, pp. 384 451

4. Nehru, J.L. : Glimpses of World History, pp. 356-66

5. Muir, Ramsay : British History, 450-60.

6. Davies, H.A. : An Outline History of theWorld, pp. 459-81

**KEY WORDS**

1. **ਉਪਨਿਵੇਸ਼ਿਕ ਸ਼ਕਤੀ (Colonial Power)** : ਇੰਗਲੈਂਡ ਯੂਰਪ ਦੀ ਸਭ ਤੋਂ ਵੱਡੀ ਉਪ–ਨਿਵੇਸ਼ਕ ਸ਼ਕਤੀ ਸੀ ਜਿਸਦਾ ਯੂਰਪ, ਏਸ਼ੀਆ ਅਤੇ ਅਫਰੀਕਾ ਦੇ ਮਹਾਂਦੀਪਾਂ ਵਿਚ ਅਨੇਕਾਂ ਬਸਤੀਆਂ ਉੱਤੇ ਅਧਿਕਾਰ ਸੀ। ਇਨ੍ਹਾਂ ਬਸਤੀਆਂ ਤੋਂ ਇੰਗਲੈਂਡ ਨੂੰ ਕੱਚਾ ਮਾਲ ਮਿਲ ਜਾਂਦਾ ਸੀ ਅਤੇ ਫਿਰ ਕਾਰਖਾਨਿਆਂ ਵਿਚ ਬਣੇ ਹੋਏ ਮਾਲ ਦੀ ਵਿਕਰੀ ਹੋ ਜਾਂਦੀ ਸੀ।

**2. ਸਮੁੰਦਰਾਂ ਦੀ ਮਲਕਾ (The mistress of the seas) :** ਇੰਗਲੈਂਡ ਕੋਲ ਉੱਚ ਕੋਟੀ ਦੀ ਜਲ ਸੈਨਾ ਸੀ ਜਿਸ ਕਰਕੇ ਉਸ ਨੂੰ ਸਮੁੰਦਰਾਂ ਦੀ ਮਲਕਾ ਕਿਹਾ ਜਾਂਦਾ ਸੀ।

**3. ਵਿਅਕਤੀਵਾਦ (Individualism) :** ਇਹ ਉਦਯੋਗਿਕ ਕ੍ਰਾਂਤੀ ਦੀ ਹੀ ਦੇਣ ਹੈ। ਅੰਗਰੇਜ਼ੀ ਲੇਖਕਾਂ ਮਿਲ ਤੇ ਬੈਨਥਮ ਨੇ ਕਿਹਾ ਹੈ ਕਿ ਹਰ ਵਿਅਕਤੀ ਨੂੰ ਆਪਣੇ ਮਸਲੇ ਸੁਲਝਾਉਣ ਦੀ ਆਪ ਹਿੰਮਤ ਕਰਨੀ ਚਾਹੀਦੀ ਹੈ।

**4. ਪੂੰਜੀਵਾਦ (Capitalism) :** ਉਦਯੋਗਿਕ ਕ੍ਰਾਂਤੀ ਨੇ ਪੂੰਜੀਵਾਦ ਨੂੰ ਜਨਮ ਦਿੱਤਾ। ਉਤਪਾਦਨ ਵਿਚ ਵਾਧੇ ਨਾਲ ਕਾਰਖਾਨੇਦਾਰਾਂ ਤੇ ਸਰਮਾਏਦਾਰਾਂ ਨੂੰ ਬਹੁਤ ਲਾਭ ਹੋਣ ਲੱਗਾ। ਉਦਯੋਗਿਕ ਵਿਕਾਸ ਨੇ ਪੂੰਜੀਪਤੀਆਂ ਦੀ ਇਕ ਅਮੀਰ ਸ਼੍ਰੇਣੀ ਪੈਦਾ ਕਰ ਦਿੱਤੀ ਅਤੇ ਦੇਸ਼ ਦਾ ਸਾਰਾ ਧਨ ਕੁਝ ਕੁ ਹੀ ਪੂੰਜੀਪਤੀਆਂ ਕੋਲ ਇਕੱਠਾ ਹੋ ਗਿਆ।

## ਆਪਣੇ ਗਿਆਨ ਨੂੰ ਪਰਖੋ

1. ਯੂਰਪੀ ਦੇਸ਼ਾਂ ਵਿਚੋਂ ਹੋਏ ਉਦਯੋਗਿਕ ਪਰਿਵਰਤਨ ਲਈ 'ਕ੍ਰਾਂਤੀ' ਸ਼ਬਦ ਦੀ ਵਰਤੋਂ ਕਿਸ ਇਤਿਹਾਸਕਾਰ ਨੇ ਕੀਤੀ?
2. ਉਦਯੋਗਿਕ ਕ੍ਰਾਂਤੀ ਦਾ ਜਨਮ ਸਭ ਤੋਂ ਪਹਿਲਾਂ ਕਿਹੜੇ ਦੇਸ਼ ਵਿਚ ਹੋਇਆ?
3. ਭਾਫ਼ ਨਾਲ ਚਲਣ ਵਾਲੇ ਇੰਜਣ ਬਣਾਉਣ ਵਾਲੇ ਦੋ ਸਾਇੰਸਦਾਨ ਕਿਹੜੇ ਸਨ?
4. ਉਦਯੋਗਿਕ ਕ੍ਰਾਂਤੀ ਨਾਲ ਆਰਥਿਕ ਜੀਵਨ ਵਿਚ ਆਉਣ ਵਾਲੀਆਂ ਦੋ ਸਮੱਸਿਆਵਾਂ ਦੱਸੋ।
5. ਉਦਯੋਗਿਕ ਕ੍ਰਾਂਤੀ ਦੇ ਲੋਕਾਂ ਦੇ ਦ੍ਰਿਸ਼ਟੀਕੋਣ ਉੱਤੇ ਪਏ ਦੋ ਮਹੱਤਵਪੂਰਣ ਪ੍ਰਭਾਵ ਦੱਸੋ।
6. ਮਜ਼ਦੂਰ ਵਰਗ ਨੂੰ ਉਦਯੋਗਪਤੀਆਂ ਦੇ ਸੋਸ਼ਣ ਤੋਂ ਬਚਾਉਣ ਲਈ ਸਮਾਜਵਾਦ ਦੇ ਦੋ ਪ੍ਰਸਿੱਧ ਪ੍ਰਚਾਰਕਾਂ ਦੇ ਨਾਂ ਦੱਸੋ।
7. ਉਦਯੋਗਿਕ ਕ੍ਰਾਂਤੀ ਨੇ ਸਾਮਰਾਜਵਾਦ ਦੇ ਰੂਪ ਵਿਚ ਕੀ ਤਬਦੀਲੀ ਲਿਆਂਦੀ?

# ਤੁਹਾਡੇ ਅਭਿਆਸ ਲਈ ਪ੍ਰਸ਼ਨ

1. ਉਦਯੋਗਿਕ ਕ੍ਰਾਂਤੀ ਤੋਂ ਤੁਸੀਂ ਕੀ ਸਮਝਦੇ ਹੋ? ਯੂਰਪ ਦੇ ਵੱਖ-ਵੱਖ ਦੇਸ਼ਾਂ ਵਿਚ ਇਸ ਦੇ ਵਿਕਾਸ ਬਾਰੇ ਦੱਸੋ।
2. ਉਦਯੋਗਿਕ ਕ੍ਰਾਂਤੀ ਸਭ ਤੋਂ ਪਹਿਲਾਂ ਇੰਗਲੈਂਡ ਵਿਚ ਕਿਉਂ ਆਈ?
3. ਯੂਰਪ ਵਿਚ ਉਦਯੋਗਿਕ ਕ੍ਰਾਂਤੀ ਦੇ ਪ੍ਰਭਾਵਾਂ ਦਾ ਵਰਣਨ ਕਰੋ।
4. ਉਦਯੋਗਿਕ ਕ੍ਰਾਂਤੀ ਦੇ ਲੋਕਾਂ ਦੇ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਜੀਵਨ ਉੱਤੇ ਪ੍ਰਭਾਵਾਂ ਦੀ ਚਰਚਾ ਕਰੋ।

**ਪਾਠ ਨੰਬਰ : 2.2**

# 1917 ਈ. ਦੀ ਰੂਸੀ ਕ੍ਰਾਂਤੀ ਦੇ ਕਾਰਣ ਅਤੇ ਮਹੱਤਤਾ
## (Causes of Russian Revolution of 1917 and its Significance)

## ਉਦੇਸ਼ (Objectives)

ਇਸ ਪਾਠ ਨੂੰ ਪੜ੍ਹਨ ਉਪਰੰਤ ਤੁਹਾਨੂੰ ਇਸ ਤਰ੍ਹਾਂ ਦੀ ਜਾਣਕਾਰੀ ਮਿਲੇਗੀ :–

* ਰੂਸੀ ਕ੍ਰਾਂਤੀ ਦੇ ਵੱਖ–ਵੱਖ ਕਾਰਣ
* ਰੂਸੀ ਬਾਦਸ਼ਾਹਾਂ ਦੀਆਂ ਨੀਤੀਆਂ ਦੇ ਪ੍ਰਭਾਵ
    ਅਲੈਗਜ਼ੈਂਡਰ ਦੂਜਾ (1853–81)
    ਅਲੈਗਜ਼ੈਂਡਰ ਤੀਜਾ (1881–94)
    ਨਿਕੋਲਸ ਦੂਜਾ (1894–1917)
    - ਉਦਾਰ ਵਿਚਾਰਾਂ ਦਾ ਪ੍ਰਸਾਰ
    - ਕਿਸਾਨਾਂ ਦੀ ਅਸੰਤੋਖ–ਜਨਕ ਹਾਲਤ
    - ਉਦਯੋਗਿਕ ਕ੍ਰਾਂਤੀ ਤੇ ਮਜਦੂਰਾਂ ਦੀ ਭੈੜੀ ਹਾਲਤ
    - ਸਮਾਜਵਾਦੀ ਦਲ ਦੀ ਸਥਾਪਨਾ
    - ਰੂਸ–ਜਾਪਾਨ ਯੁੱਧ (1904–05)
    - ਪਹਿਲਾ ਮਹਾਂਯੁੱਧ
    - ਘਟਨਾਵਾਂ
* ਕ੍ਰਾਂਤੀ ਦੇ ਪ੍ਰਭਾਵ
    1. ਨਿਰੰਕੁਸ਼ ਰਾਜਤੰਤਰ ਦਾ ਅੰਤ
    2. ਰੂਸ ਵਿਚ ਸਾਮਵਾਦੀ ਸ਼ਾਸਨ ਦੀ ਸਥਾਪਨਾ
    3. ਉਦਯੋਗਿਕ ਵਿਕਾਸ ਅਤੇ ਆਰਥਿਕ ਉੱਨਤੀ
    4. ਸਮਾਨਤਾ ਅਤੇ ਸਮਾਜ ਕਲਿਆਣ
    5. ਪੰਜ ਸਾਲਾ ਯੋਜਨਾਵਾਂ ਦਾ ਆਰੰਭ

## ਭੂਮਿਕਾ

1905 ਅਤੇ 1917 ਦੀਆਂ ਰੂਸੀ ਕ੍ਰਾਂਤੀਆਂ ਦਾ ਮੁੱਢਲਾ ਕਾਰਣ ਰਾਜ ਦੀ ਆਰਥਿਕ, ਰਾਜਸੀ ਅਤੇ

ਸਮਾਜਿਕ ਦਸ਼ਾ ਨਾਲ ਸੰਬੰਧਿਤ ਸੀ। 1905 ਦੀ ਕ੍ਰਾਂਤੀ ਇਕ ਸੁਭਾਵਿਕ ਰੋਸ ਲਹਿਰ ਸੀ ਜਿਸ ਨੂੰ 1917 ਦੀ ਕ੍ਰਾਂਤੀ ਲਈ ਇਕ ਵੱਡੀ ਤਿਆਰੀ ਕਿਹਾ ਜਾਂਦਾ ਹੈ। ਪਹਿਲੇ ਵਿਸ਼ਵ ਯੁੱਧ ਵਿਚ ਰੂਸ ਦੇ ਮਾੜੇ ਪ੍ਰਦਰਸ਼ਨ ਨੇ ਫਰਵਰੀ 1917 ਅਤੇ ਅਕਤੂਬਰ 1917 ਦੀਆਂ ਕ੍ਰਾਂਤੀਆਂ ਲਈ ਵਾਤਾਵਰਣ ਤਿਆਰ ਕਰ ਦਿੱਤਾ। 1917 ਈ. ਦੀ ਰੂਸੀ ਕ੍ਰਾਂਤੀ ਨੇ ਰੂਸ ਦੀ ਆਰਥਿਕ, ਰਾਜਨੀਤੀ ਅਤੇ ਸਮਾਜਿਕ ਦਸ਼ਾ ਦੀ ਪੂਰੀ ਤਰ੍ਹਾਂ ਕਾਇਆ ਬਦਲ ਦਿੱਤੀ।

ਇਸ ਪਾਠ ਵਿਚ ਅਸੀਂ ਤੁਹਾਨੂੰ (1861–1917) ਰੂਸੀ ਬਾਦਸ਼ਾਹਾਂ ਬਾਰੇ ਸੰਖੇਪ ਜਾਣਕਾਰੀ ਦੇਵਾਂਗੇ। 1861 ਵਿਚ ਜ਼ਾਰਜ ਅਲੈਗਜ਼ੈਂਡਰ ਦੂਜੇ ਦੇ ਰਾਜ ਵਿਚ ਰੂਸੀ ਇਤਿਹਾਸ ਵਿਚ ਪਹਿਲੀ ਵਾਰ ਸੁਧਾਰਾਂ ਲਈ ਵੱਡੀ ਮੰਗ ਸ਼ੁਰੂ ਹੋਈ। ਗੁਲਾਮ ਰੱਖਣ ਦੀ ਪ੍ਰਥਾ ਬੰਦ ਕਰਨ ਤੇ ਹੋਰ ਸੁਧਾਰ ਰੂਸ ਨੂੰ ਆਧੁਨਿਕ ਦਿਸ਼ਾ ਵਲ ਲਿਜਾਣ ਲਈ ਕਾਫੀ ਨਹੀਂ ਸਨ। ਅਸੀਂ ਰੂਸੀ ਬਾਦਸ਼ਾਹਾਂ ਦੀਆਂ ਨੀਤੀਆਂ ਦੇ ਪ੍ਰਭਾਵਾਂ ਬਾਰੇ ਪੜ੍ਹਾਂਗੇ। ਆਖਿਰ ਵਿਚ 1905 ਅਤੇ 1917 ਦੀਆਂ ਕ੍ਰਾਂਤੀਆਂ ਦੇ ਕਾਰਨ, ਘਟਨਾਵਾਂ ਅਤੇ ਸਿੱਟਿਆਂ ਬਾਰੇ ਚਰਚਾ ਕਰਾਂਗੇ।

## ਅਲੈਗਜ਼ੈਂਡਰ ਦੂਜਾ (1853–81)

1853 ਈ. ਵਿਚ ਆਪਣੇ ਪਿਤਾ ਦੀ ਮੌਤ ਪਿਛੋਂ ਅਲੈਗਜ਼ੈਂਡਰ ਦੂਜਾ ਗੱਦੀ ਤੇ ਬੈਠਾ। ਉਸ ਸਮੇਂ ਉਹਦੀ ਉਮਰ 36 ਸਾਲ ਦੀ ਸੀ। ਉਹਨੇ 1881 ਈ. ਤਕ ਰਾਜ ਕੀਤਾ। ਉਹਦੀ ਰਾਜਨੀਤਿਕ ਸਿਖਲਾਈ ਆਪਣੇ ਪਿਤਾ ਦੇ ਅਤਿਆਚਾਰੀ ਪ੍ਰਤਿਕ੍ਰਿਆਵਾਦੀ ਸ਼ਾਸਨ ਦੇ ਸਮੇਂ ਹੋਈ। ਉਹ ਇਮਾਨਦਾਰ ਤੇ ਰੂੜ੍ਹੀਵਾਦੀ ਸੀ ਤੇ ਉਹਦੇ ਆਪਣੇ ਕੋਈ ਵਿਸ਼ੇਸ਼ ਰਾਜਨੀਤਿਕ ਆਦਰਸ਼ ਨਹੀਂ ਸਨ। ਸਭ ਤੋਂ ਪਹਿਲਾਂ ਸਮੱਸਿਆ ਜਿਹੜੀ ਉਸ ਨੂੰ ਨਜਿੱਠਣੀ ਪਈ ਕ੍ਰੀਮਿਆ ਦੀ ਲੜਾਈ ਸੀ। ਇਹ ਯੁੱਧ 1856 ਈ. ਵਿਚ ਖਤਮ ਹੋ ਗਿਆ ਪਰ ਇਹਦੇ ਵਿਚ ਪੈਰਿਸ ਸੰਧੀ ਨਾਲ ਰੂਸ ਦੀ ਬੜੀ ਤਬਾਹ ਕਰਨ ਵਾਲੀ ਹਾਰ ਹੋਈ। ਕਾਲੇ ਸਾਗਰ (Black Sea) ਵਿਚ ਰੂਸ ਦਾ ਪ੍ਰਭਾਵ ਖਤਮ ਹੋ ਗਿਆ। ਕ੍ਰੀਮਿਆ ਦੇ ਯੁੱਧ ਤੋਂ ਵਿਹਲੇ ਹੁੰਦਿਆਂ ਹੀ ਅਲੈਗਜ਼ੈਂਡਰ ਨੇ ਘਰੇਲੂ ਜਾਂ ਅੰਦਰੂਨੀ ਪ੍ਰਬੰਧ ਵਲ ਧਿਆਨ ਦਿੱਤਾ। ਉਹਦੇ ਮਨ ਵਿਚ ਸੁਧਾਰਾਂ ਲਈ ਉਤਸ਼ਾਹ ਭਰਿਆ ਹੋਇਆ ਸੀ ਤੇ ਉਹ ਆਪਣੀ ਜਨਤਾ ਦੀ ਬੇਚੈਨੀ ਤੇ ਅਸੰਤੋਸ਼ ਨੂੰ ਦੂਰ ਕਰਨਾ ਚਾਹੁੰਦਾ ਸੀ।

## ਘਰੇਲੂ ਸੁਧਾਰ

ਉਹਦੇ ਰਾਜ ਕਾਲ ਦੇ 1855 ਈ. ਤੋਂ 1863 ਤਕ ਦੇ ਸਮੇਂ ਨੂੰ ਸੁਧਾਰਾਂ ਦਾ ਸਮਾਂ ਕਿਹਾ ਜਾ ਸਕਦਾ ਹੈ। ਇਸ ਕਾਲ ਵਿਚ ਅਲੈਗਜ਼ੈਂਡਰ ਦੂਜੇ ਨੇ ਕਈ ਜ਼ਰੂਰੀ ਸੁਧਾਰ ਕੀਤੇ ਜਿਨ੍ਹਾਂ ਨਾਲ ਰੂਸ ਦੀ ਜਨਤਾ ਦੀ ਬੇਚੈਨੀ ਕਿਸੇ ਹੱਦ ਤਕ ਠੰਢੀ ਪੈਂਦੀ ਗਈ, ਉਸ ਨੇ ਰਾਜ ਪ੍ਰਬੰਧ ਦੇ ਕਈਆਂ ਪੱਖਾਂ ਵਿਚ ਸੁਧਾਰ ਕੀਤਾ। ਉਸ ਦੇ ਸੁਧਾਰਾਂ ਦਾ ਅਧਿਐਨ ਹੇਠ ਪ੍ਰਕਾਰ ਕੀਤਾ ਜਾ ਸਕਦਾ ਹੈ।

### ਗੁਲਾਮ ਮੁਜਾਰਿਆਂ ਦੀ ਆਜ਼ਾਦੀ (Liberation of the Serfs) :

ਰੂਸ ਦੇ ਵਸਨੀਕਾਂ ਦਾ ਮੁੱਖ ਧੰਦਾ ਖੇਤੀਬਾੜੀ ਸੀ। ਦੇਸ਼ ਦੀ ਸਾਰੀ ਭੂਮੀ ਵੱਡੀਆਂ–ਵੱਡੀਆਂ ਜਾਗੀਰਾਂ ਵਿਚ ਵੰਡੀ ਹੋਈ ਸੀ ਜਿਨ੍ਹਾਂ ਦਾ ਮਾਲਕ ਬਾਦਸ਼ਾਹ ਜਾਂ ਉਹਦੇ ਸਰਦਾਰ (ਜਾਗੀਰਦਾਰ) ਸਨ। ਪਰ ਵਾਹੀ ਦਾ ਕੰਮ ਰਾਹਕ ਜਾਂ ਮੁਜ਼ਾਰੇ (Serfs) ਕਰਦੇ ਸਨ। ਰੂਸ ਦੀ ਵੱਸੋਂ ਦਾ ਸਭ ਤੋਂ ਵੱਡਾ ਭਾਗ ਇਹੋ ਰਾਹਕ ਹੀ ਸਨ। ਜਦੋਂ ਜ਼ਮੀਨ ਵੇਚੀ ਜਾਂਦੀ ਸੀ, ਇਹ ਭੀ ਨਾਲ ਹੀ ਵਿਕ ਜਾਂਦੇ ਸਨ। ਆਮ ਕਰਕੇ ਇਹਨਾਂ ਮੁਜ਼ਾਰਿਆਂ ਦੀ ਹਾਲਤ ਦਰਦਨਾਕ ਸੀ ਕਿਉਂਕਿ ਉਹਨਾਂ ਦੇ ਮਾਲਕ ਜ਼ਿਮੀਦਾਰ ਉਹਨਾਂ ਨੂੰ ਵੇਚ ਸਕਦੇ ਸਨ, ਉਹਨਾਂ ਨੂੰ ਚਾਬਕ ਮਾਰ ਸਕਦੇ ਸਨ, ਉਹਨਾਂ ਨੂੰ ਸਾਇਬੇਰੀਆ ਵਿਚ ਦੇਸ਼–ਨਿਕਾਲਾ ਦੇ ਸਕਦੇ ਸਨ। ਇਥੋਂ ਤਕ ਕਿ ਉਹਨਾਂ ਨੂੰ ਜਾਨੋਂ ਵੀ ਮਾਰ ਦੇਂਦੇ ਸਨ ਤੇ ਜਾਗੀਰਦਾਰਾਂ ਦੇ ਇਨ੍ਹਾਂ ਅਤਿਆਚਾਰਾਂ ਤੋਂ ਮੁਜ਼ਾਰੇ ਏਨੇ ਤੰਗ ਹੋਏ ਸਨ ਕਿ ਉਹਨਾਂ ਨੂੰ ਕਈ ਵਾਰੀ ਜਾਗੀਰਦਾਰਾਂ

ਵਿਰੁੱਧ ਬਗਾਵਤ ਕਰਨੀ ਪਈ। ਅਲੈਗਜ਼ੈਂਡਰ ਦੂਜਾ ਇਹਨਾਂ ਗੱਲਾਂ ਨੂੰ ਸਮਝਦਾ ਸੀ ਕਿ ਰਾਹਕਾਂ ਦੀ ਹਾਲਤ ਵਿਚ ਸੁਧਾਰ ਕਰਨ ਦੀ ਸਖਤ ਜ਼ਰੂਰਤ ਹੈ ਤਾਂ ਜੋ ਉਹ ਕਿਤੇ ਅਜਿਹਾ ਵਿਦਰੋਹ ਨਾ ਕਰ ਦੇਣ ਜਿਸ ਨੂੰ ਸੰਭਾਲਣਾ ਅਸੰਭਵ ਹੋ ਜਾਵੇ। ਅਲੈਗਜ਼ੈਂਡਰ ਨੇ ਇਕ ਵਾਰੀ ਆਪਣੇ ਅਮੀਰਾਂ ਨੂੰ ਕਿਹਾ ਸੀ, 'ਤੁਸੀਂ ਜਾਣਦੇ ਹੋ ਕਿ ਰਾਹਕਾਂ ਉਤੇ ਮਾਲਕੀ ਜਮਾਉਣ ਦਾ ਮੌਜੂਦਾ ਸਿਸਟਮ ਸਦਾ ਲਈ ਕਾਇਮ ਨਹੀਂ ਰਹਿ ਸਕਦਾ, ਬੇਹਤਰ ਇਹ ਹੈ ਕਿ ਅਸੀਂ ਇਹਨੂੰ ਉਪਰੋਂ ਖਤਮ ਕਰ ਦੇਈਏ ਅਤੇ ਅਜਿਹਾ ਸਮਾਂ ਨਾ ਆਉਣ ਦੇਈਏ ਜਦੋਂ ਇਹ ਹੇਠੋਂ ਆਪਣੇ ਆਪ ਨੂੰ ਮਾਰਨਾ ਆਰੰਭ ਕਰ ਦੇਵੇ। ਮਾਰਚ, 1861 ਈ. ਰਾਹਕਾਂ ਦੇ ਨਿਸਤਾਰੇ ਦਾ ਨੂੰ (Edict of Emancipation) ਬਣਾਇਆ ਗਿਆ, ਜਿਸ ਨਾਲ ਰਾਹਕਾਂ ਨੂੰ ਨਾਗਰਿਕ (Civil Rights) ਹੱਕ ਮਿਲ ਗਏ। ਉਹ ਹੁਣ ਸੁਤੰਤਰ ਕਿਰਸਾਨ ਬਣ ਗਏ ਤੇ ਜ਼ਿਮੀਂਦਾਰ ਦੀ ਮਲਕੀਅਤ ਤੋਂ ਮੁਕਤ ਹੋ ਗਏ। ਸਭ ਤੋਂ ਪਹਿਲਾਂ ਰਾਜਸੀ ਜਾਗੀਰਾਂ ਨੂੰ ਆਜਾਦ ਕੀਤਾ ਗਿਆ। ਜਾਗੀਰਦਾਰਾਂ ਨੂੰ ਉਨ੍ਹਾਂ ਦੀ ਜ਼ਮੀਨ ਦੀ ਕੀਮਤ ਸਰਕਾਰ ਨੇ ਅਦਾ ਕਰ ਦਿੱਤੀ। ਫਿਰ ਹਰ ਕਿਸਾਨ ਨੂੰ ਉਹਦਾ ਘਰ ਬਗੀਚਾ ਦੇ ਦਿੱਤਾ ਗਿਆ। ਹਰ ਜਾਗੀਰਦਾਰ ਨੇ ਇੰਤਕਾਲ ਪਿੰਡ ਦੇ ਨਾਮ ਕਰ ਦਿੱਤਾ। ਇਸ ਸਾਂਝੀ ਜ਼ਮੀਨ ਦਾ ਮੁੱਲ ਪੇਂਡੂਆਂ ਨੇ ਤਾਰਨਾ ਸੀ। ਇਹ ਰਕਮ 49 ਸਾਲਾਂ ਵਿਚ ਕਿਸ਼ਤਾਂ ਰਾਹੀਂ ਉਤਾਰਨ ਦੀ ਆਗਿਆ ਕੀਤੀ ਗਈ। ਇਹਨਾਂ ਰਿਆਇਤਾਂ ਨਾਲ ਰਾਹਕ ਪਹਿਲਾਂ ਤਾਂ ਸੰਤੁਸ਼ਟ ਨਾ ਹੋਏ, ਉਹਨਾਂ ਦੀ ਸ਼ਿਕਾਇਤ ਸੀ ਕਿ ਜਿਹੜੀ ਭੋਂ ਉਹਨਾਂ ਨੂੰ ਦਿੱਤੀ ਗਈ ਹੈ ਉਹਨਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਕਾਫੀ ਨਹੀਂ ਅਤੇ ਸਰਕਾਰ ਨੂੰ ਅਦਾ ਕੀਤੀਆਂ ਜਾਣ ਵਾਲੀਆਂ ਵਾਰਸ਼ਿਕ ਕਿਸ਼ਤਾਂ ਬਹੁਤ ਵੱਡੀਆਂ ਸਨ। ਇਸ ਤੋਂ ਇਲਾਵਾ ਉਹਨਾਂ ਨੂੰ ਜਾਗੀਰਦਾਰਾਂ ਦੇ ਕਬਜ਼ੇ ਵਿਚੋਂ ਕੱਢ ਕੇ ਪੇਂਡੂ ਬਰਾਦਰੀ (Village Community) ਦੇ ਅਧੀਨ ਕਰ ਦਿੱਤਾ ਗਿਆ ਸੀ। ਪਰ ਸਮੁੱਚੇ ਰੂਪ ਵਿਚ ਇਹ ਕਾਨੂੰਨ ਰੂਸ ਦੇ ਸਮਾਜਿਕ ਜੀਵਨ ਲਈ ਇਕ ਮਾਨ ਵਾਲੀ ਕਾਰਵਾਈ ਸੀ। ਇਹ ਇਕ ਸ਼ਾਂਤ ਪਰ ਮਹਾਨ ਕ੍ਰਾਂਤੀ ਤੋਂ ਘੱਟ ਨਹੀਂ ਸੀ। ਇਹ ਸਮਾਜਿਕ ਜੀਵਨ ਲੋਕ ਉਪਕਾਰੀ ਸੁਧਾਰ ਕਰਕੇ ਹੀ ਅਲੈਗਜ਼ੈਂਡਰ ਦੂਜੇ ਨੂੰ 'ਮੁਕਤੀ ਦਾ ਜਾਰ' (Czar Liberator) ਕਿਹਾ ਜਾਂਦਾ ਹੈ।

## ਪ੍ਰਸ਼ਾਸਨਿਕ ਸੁਧਾਰ-ਸਥਾਨਿਕ ਸਰਕਾਰ ਵਿਚ ਸਵੈਸ਼ਾਸਨ (ਜ਼ਿਲ੍ਹਾ ਜਾਂ ਪ੍ਰਾਂਤਿਕ ਕੌਂਸਲ) :

ਅਲੈਗਜ਼ੈਂਡਰ ਦੂਜੇ ਨੇ ਸਥਾਨਿਕ ਸਰਕਾਰ ਦੀ ਇਕ ਨਵੀਂ ਪ੍ਰਣਾਲੀ ਅਮਲ ਵਿਚ ਲਿਆਂਦੀ ਜੋ ਅੰਤ ਬੜੀ ਸਫਲ ਸਿੱਧ ਹੋਈ। ਇਸ ਨਵੀਂ ਪ੍ਰਣਾਲੀ ਨਾਲ ਲੋਕਾਂ ਨੂੰ ਸਥਾਨਕ ਪ੍ਰਬੰਧ ਚਲਾਉਣ ਦਾ ਤਜਰਬਾ ਹੋ ਗਿਆ ਜਿਸ ਕਰਕੇ ਉਹ ਵਧੇਰੇ ਮਹੱਤਤਾ ਵਾਲੇ ਪ੍ਰਬੰਧਕੀ ਮਾਮਲਿਆਂ ਨੂੰ ਸੁਚੱਜੇ ਤੇ ਸੁਯੋਗ ਢੰਗ ਨਾਲ ਨਜਿੱਠਣ ਦੇ ਕਾਬਲ ਹੋ ਗਏ। ਹਰ ਜਿਲ੍ਹੇ ਜਾਂ ਪ੍ਰਾਂਤ (ਰੂਸ ਇਹੋ ਜਿਹੇ 31 ਜਿਲ੍ਹਿਆਂ ਵਿਚ ਵੰਡਿਆ ਹੋਇਆ ਸੀ) ਵਿਚ ਇਕ ਸਥਾਨਿਕ ਕੌਂਸਿਲ ਬਣਾਈ ਸੀ ਜਿਸ ਦੇ ਮੈਂਬਰ ਜ਼ਿਲ੍ਹੇ ਵਿਚ ਵੱਸਣ ਵਾਲੇ ਦੀਆਂ ਵੱਖ-ਵੱਖ ਸ਼੍ਰੇਣੀਆਂ ਦੁਆਰਾ ਚੁਣੇ ਜਾਂਦੇ ਸਨ। ਜਨਤਾ ਵੱਲੋਂ ਚੁਣੀ ਗਈ ਇਸ ਕੌਂਸਿਲ ਦੀਆਂ ਜ਼ੁੰਮੇਵਾਰੀਆਂ ਸਨ – ਸੜ੍ਹਕਾਂ, ਪੁਲਾਂ ਤੇ ਇਮਾਰਤਾਂ ਦੀ ਦੇਖਭਾਲ ਕਰਨੀ ਤੇ ਲੋੜ ਵੇਲੇ ਇਹਨਾਂ ਦੀ ਮੁਰੰਮਤ ਕਰਾਉਣੀ, ਚੰਗੀ ਸਫਾਈ ਨਾਲ ਲੋਕਾਂ ਦੀ ਤੰਦਰੁਸਤੀ ਬਣਾਈ ਰੱਖਣੀ, ਜੁਰਮਾਂ ਨੂੰ ਰੋਕਣਾ ਆਦਿ। ਏਸੇ ਰੂਪ-ਰੇਖਾ ਅਨੁਸਾਰ, ਪ੍ਰਦੇਸ਼ਕ ਕੌਂਸਿਲਾਂ ਬਣਾਈਆਂ ਗਈਆਂ। ਇਹਨਾਂ ਦੇ ਮੈਂਬਰ ਜਿਲ੍ਹੇ ਕੌਂਸਿਲਾਂ ਦੇ ਪ੍ਰਤੀਨਿਧ ਹੁੰਦੇ ਸਨ। ਭਾਵੇਂ ਇਹਨਾਂ ਕੌਂਸਿਲਾਂ ਦੇ ਅਧਿਕਾਰ ਬੜੇ ਸੀਮਤ ਸਨ, ਪਰ ਫੇਰ ਵੀ ਇਹ ਸਵਰਾਜ ਦੇ ਜ਼ਰੂਰੀ ਪੜਾ ਸਨ ਤੇ ਕੌਮੀ ਰਾਜਨੀਤੀ ਦੇ ਖੇਤਰ ਵਿਚ ਮਹੱਤਤਾ ਵਾਲੇ ਉਪਾਅ ਸਨ।

## ਨਿਆਂ ਸੰਬੰਧੀ ਸੁਧਾਰ :

ਅਲੈਗਜ਼ੈਂਡਰ ਦੂਜੇ ਨੇ ਦੇਸ਼ ਦੀਆਂ ਅਦਾਲਤਾਂ ਵਿਚ ਵੀ ਵਿਸ਼ੇਸ਼ ਮਹੱਤਤਾ ਵਾਲੇ ਸੁਧਾਰ ਕੀਤੇ। ਰੂਸੀ ਨਿਆਂ ਪ੍ਰਣਾਲੀ ਵਿਚ ਵੀ ਕਈ ਨੁਕਸ ਤੇ ਬੁਰਾਈਆਂ ਸਨ। ਅਲੈਗਜ਼ੈਂਡਰ ਆਪਣੀਆਂ ਅਦਾਲਤਾਂ ਦਾ ਢਾਂਚਾ ਬ੍ਰਿਟਿਸ਼ ਤੇ ਫਰਾਂਸੀਸੀ ਨਿਆਂ-ਸਿਧਾਂਤਾਂ ਅਨੁਸਾਰ ਬਣਾਉਣਾ ਚਾਹੁੰਦਾ ਸੀ। ਇਸ ਲਈ ਨਿਆਂ

ਪ੍ਰਣਾਲੀ ਸੰਬੰਧੀ ਸੁਧਾਰਾਂ ਦੇ ਲਈ ਕਮਿਸ਼ਨ ਨਿਯੁਕਤ ਕੀਤਾ ਗਿਆ। ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਆਧਾਰ ਤੇ 1864 ਈ. ਵਿਚ ਤਬਦੀਲੀਆਂ ਕੀਤੀਆਂ ਗਈਆਂ। ਨਿਆਂ ਸੰਬੰਧੀ ਪ੍ਰਬੰਧਕੀ ਮਹਿਕਮੇ ਵੱਖ-ਵੱਖ ਕਰ ਦਿੱਤੇ ਗਏ ਅਤੇ ਜਿਊਰੀ ਰਾਹੀਂ ਮੁਕੱਦਮਿਆਂ ਦੇ ਫੈਸਲੇ ਲੋਕਾਂ ਦੀਆਂ ਵੋਟਾਂ ਨਾਲ ਚੁਣੇ ਗਏ ਜੱਜ ਕਰਦੇ ਹਨ। ਮੁਕੱਦਮੇ ਦੀ ਕਾਰਵਾਈ ਗੁਪਤ ਨਹੀਂ ਸੀ ਰੱਖੀ ਜਾਂਦੀ ਸਗੋਂ ਉਹ ਜਨਤਾ ਦੇ ਸਾਹਮਣੇ ਹੁੰਦੀ ਸੀ। ਨਿਆਂ ਨੂੰ ਸਸਤਾ, ਛੇਤੀ ਤੇ ਯਕੀਨੀ ਬਣਾਉਣ ਲਈ ਹਰ ਲੋੜੀਂਦਾ ਉਪਾਅ ਕੀਤਾ ਗਿਆ।

ਉਪਰੋਕਤ ਮਹੱਤਵਪੂਰਨ ਸੁਧਾਰਾਂ ਵਿਸ਼ੇਸ਼ ਕਰਕੇ ਰਾਹਕਾ, ਸਥਾਨਿਕ ਸਰਕਾਰ ਅਤੇ ਨਿਆਂ ਸੰਬੰਧੀ ਸੁਧਾਰਾਂ ਰਾਹੀਂ ਅਲੈਗਜ਼ੈਂਡਰ ਦੂਜੇ ਨੇ ਦੇਸ਼ ਦੀ ਮਹਾਨ ਸੇਵਾ ਕੀਤੀ। ਇਹਨਾਂ ਸਦਕੇ ਰੂਸ ਦੀ ਰਾਜਨੀਤੀ, ਆਰਥਿਕ ਨੀਤੀ, ਫਲਸਫੇ ਅਤੇ ਸਾਹਿਤ ਵਿਚ ਨਵੇਂ ਵਿਚਾਰ ਦਾ ਸੰਚਾਰ ਹੋ ਗਿਆ।

## ਪੋਲੈਂਡ ਦਾ ਵਿਦਰੋਹ ਅਤੇ ਅਲੈਗਜ਼ੈਂਡਰ ਦੂਜੇ ਦਾ ਪ੍ਰਤਿਕ੍ਰਿਆਵਾਦੀ ਬਣਨਾ :

ਪੋਲੈਂਡ ਦੀ ਬਗਾਵਤ ਨਾਲ ਅਲੈਂਗਜ਼ੈਂਡਰ ਦੇ ਸੁਭਾ ਵਿਚ ਇਕ ਤਿੱਖਾ ਪਰਿਵਰਤਨ ਹੋਇਆ, ਅਤੇ ਉਹ ਇਕ ਪ੍ਰਤਿਕ੍ਰਿਆਵਾਦੀ ਬਣ ਗਿਆ। ਅਲੈਗਜ਼ੈਂਡਰ ਦੂਜੇ ਦੀ ਬਾਦਸ਼ਾਹੀ ਤੋਂ ਪੋਲੈਂਡ ਵਾਸੀਆਂ ਨੂੰ ਬੜੀਆਂ ਆਸਾਂ ਹਨ। ਪਿਛਨੇ ਸ਼ਾਸਕ ਦੇ ਸਮੇਂ ਵਿਚ ਪੋਲਾਂ ਵਿਰੁੱਧ ਲਾਗੂ ਕੀਤੇ ਗਏ ਦਮਨਕਾਰੀ ਕਾਨੂੰਨ ਵਿਚੋਂ ਛੋਟਾਂ ਦੇ ਕੇ ਅਲੈਗਜ਼ੈਂਡਰ ਵਲੋਂ ਉਹਨਾਂ ਨੂੰ ਕਾਫ਼ੀ ਹੱਲਾ-ਸ਼ੇਰੀ ਦਿੱਤੀ ਗਈ ਸੀ ਪਰ ਅਲੈਗਜ਼ੈਂਡਰ ਵਲੋਂ ਦਿੱਤੀਆਂ ਗਈਆਂ ਰਿਆਇਤਾਂ ਤੇ ਸੁਵਿਧਾਵਾਂ ਤੇ ਉਹਨਾਂ ਦੇ ਉਪਕਾਰ ਪੋਲਾਂ ਦੀਆਂ ਉਮੀਦਾਂ ਤੋਂ ਬਹੁਤ ਘੱਟ ਸਨ। ਜਾਰ ਨੇ ਉਹਨਾਂ ਨੂੰ ਸਾਫ-ਸਾਫ ਦੱਸ ਦਿੱਤਾ ਕਿ ਉਹਨਾਂ ਨੂੰ ਵੱਖਰੇ ਸੰਵਿਧਾਨ ਰਾਹੀਂ ਸੁਤੰਤਰਤਾ ਨਹੀਂ ਦਿੱਤੀ ਜਾ ਸਕਦੀ। ਅਲੈਗਜ਼ੈਂਡਰ ਦੇ ਵਤੀਰੇ ਤੋਂ ਅਸਤੁੰਸ਼ਟ ਹੋ ਕੇ 1863 ਈ. ਵਿਚ ਪੋਲਾਂ ਨੇ ਵਿਦਰੋਹ ਕਰ ਦਿੱਤਾ। ਪੋਲੈਂਡ ਦੀ ਵਸੋਂ ਦੀਆਂ ਮੁੱਖ ਰੂਪ ਵਿਚ ਦੋ ਸ਼੍ਰੇਣੀਆਂ ਸਨ – ਅਮੀਰ ਸਰਦਾਰ ਤੇ ਕਿਸਾਨ। ਅਲੈਗਜ਼ੈਂਡਰ ਕਿਸਾਨਾਂ ਦੇ ਪੱਖ ਲੈ ਕੇ ਉਪੱਦਰ ਤੋਂ ਬਚਣਾ ਚਾਹੁੰਦਾ ਸੀ, ਉਸ ਨੇ 1864 ਈ. ਵਿਚ ਹੁਕਮ ਜਾਰੀ ਕੀਤਾ। ਪ੍ਰਸ਼ੀਅਨ ਵਜ਼ੀਰ ਬਿਸਮਾਰਕ ਨੇ ਵੀ ਪੋਲਾਂ ਦੀ ਬਗਾਵਤ ਦਬਾਉਣ ਲਈ ਸਹਾਇਤਾ ਪੇਸ਼ ਕੀਤੀ ਪਰ ਜ਼ਾਰ ਨੇ ਉਸਦੀ ਸਹਾਇਤਾ ਤੋਂ ਬਿਨਾਂ ਹੀ ਬਗਾਵਤ ਕੁਚਲ ਦਿੱਤੀ। ਪੋਲਾਂ ਦੀਆਂ ਰਾਸ਼ਟਰੀ ਅਕਾਂਖਿਆਵਾਂ ਨੂੰ ਨਸ਼ਟ ਕਰਨ ਲਈ ਹਰ ਜਤਨ ਕੀਤਾ ਗਿਆ। ਜ਼ਾਰ ਨੇ ਪੋਲੈਂਡ ਦੇ ਅਮੀਰਾਂ ਦੀ ਸ਼ਕਤੀ ਮਧੋਲ ਦਿੱਤੀ। 1864 ਈ. ਦੇ ਹੁਕਮ ਅਨੁਸਾਰ ਜਾਗੀਰਦਾਰਾਂ ਦੀ ਜ਼ਮੀਨ ਦਾ ਅੱਧ ਕਿਰਸਾਨ ਨੂੰ ਦਿੱਤਾ ਗਿਆ। ਰੋਮਨ ਕੈਥੋਲਿਕ ਪਾਦਰੀਆਂ ਨੇ ਵੀ ਵਿਦਰੋਹ ਵਿਚ ਹਿੱਸਾ ਲਿਆ ਸੀ। ਇਸ ਲਈ ਮਠਾਂ (Monasteries) ਨੂੰ ਦਬਾ ਦਿੱਤਾ ਗਿਆ ਤੇ ਉਹਨਾਂ ਦੀਆਂ ਜ਼ਮੀਨਾਂ ਖੋਹ ਲਈਆਂ ਗਈਆਂ। ਹੁਣ ਪੋਲੈਂਡ ਦੇ ਰੂਸੀਕਰਣ (Russification) ਦੀ ਕਾਰਵਾਈ ਆਰੰਭ ਹੋਈ। ਰੂਸੀ ਬੋਲੀ ਪੋਲੈਂਡ ਦੀ ਸਰਕਾਰੀ ਭਾਸ਼ਾ ਨਿਸ਼ਚਿਤ ਕੀਤੀ ਗਈ। ਅਲੈਗਜ਼ੈਂਡਰ ਦੂਜਾ ਪੋਲੈਂਡ ਦੇ ਉਪਦਰਾਂ ਤੋਂ ਏਨਾ ਘਬਰਾ ਗਿਆ ਸੀ ਕਿ ਹੁਣ ਉਸਨੇ ਰੂਸ ਵਿਚ ਸਾਰੀਆਂ ਉਦਾਰਵਾਦੀ ਸਕੀਮਾਂ ਤਿਆਗ ਦਿੱਤੀਆਂ ਹੁਣ ਇਹ ਪ੍ਰਤਿਕ੍ਰਿਆਵਾਦੀ ਹੋ ਗਿਆ।

## ਕਰੜੀ ਪ੍ਰਤਿਕ੍ਰਿਆ ਦਾ ਸਮਾਂ :

ਅਲੈਗਜ਼ੈਂਡਰ ਦੇ ਰਾਜ ਕਾਲ ਵਿਚ 1866 ਤੋਂ 1881 ਈ. ਦੇ ਸਮੇਂ ਨੂੰ ਕਰੜੀ ਪ੍ਰਤਿਕ੍ਰਿਆ ਦੇ ਰੂੜ੍ਹੀਵਾਦੀ ਦਾ ਕਾਲ ਕਿਹਾ ਜਾ ਸਕਦਾ ਹੈ। ਕੈਟਲਬੀ ਦੇ ਅਨੁਸਾਰ ਰੂਸ ਦੀ ਉੱਨਤੀ ਰੁਕ ਗਈ ਅਤੇ ਪਿਛਲੇ ਦਸਾਂ ਸਾਲਾਂ ਦੇ ਗਤੀਸ਼ੀਲ ਸਮੇਂ ਦੇ ਬਾਅਦ ਹੁਣ ਕ੍ਰਮਵਾਰ ਸਥਿਰਤਾ ਅਤੇ ਪ੍ਰਤਿਕ੍ਰਿਆ ਦੇ ਕਾਲ ਆਏ। ਉਹਦੇ ਵਤੀਰੇ ਵਿਚ ਇਸ ਤਬਦੀਲੀ ਦੇ ਤਿੰਨ ਬੁਨਿਆਦੀ ਕਾਰਣ ਸਨ। ਅਲੈਗਜ਼ੈਂਡਰ ਦੂਜਾ ਲਾਗੂ ਕੀਤੇ ਗਏ ਸੁਧਾਰਾਂ ਤੋਂ ਅਸੰਤੁਸ਼ਟ ਸੀ ਕਿਉਂਕਿ ਇਹਨਾਂ ਨਾਲ ਕ੍ਰਾਂਤੀ ਤੇ ਸਰਕਾਰ ਲਈ ਘ੍ਰਿਣਾ ਦੀ ਭਾਵਨਾ ਨੂੰ ਉਤਸ਼ਾਹ ਮਿਲਿਆ ਸੀ। ਉਸ ਦਾ ਖਿਆਲ ਸੀ ਕਿ ਪੋਲੈਂਡ ਦੇ ਵਿਦਰੋਹ ਉਥੋਂ ਦੀ ਜਨਤਾ ਨਾਲ ਕੀਤੇ ਗਏ ਨਰਮੀ ਵਾਲੇ ਵਿਹਾਰ ਤੇ ਸੁਲਾਹ-ਸਫਾਈ ਵਾਲੀ ਨੀਤੀ ਦੇ ਫਲਸਰੂਪ ਹੋਇਆ ਸੀ। ਜਦੋਂ ਉਹਨਾਂ ਨੂੰ ਪਤਾ ਲੱਗਾ ਕਿ ਉਹਨੂੰ ਕਤਲ ਕਰਨ ਲਈ ਵੀ ਹੀਲੇ ਕੀਤੇ ਗਏ ਤਾਂ ਉਸਨੂੰ

ਹੋਰ ਕਰੋਧ ਚੜ੍ਹਿਆ। ਹੁਣ ਜਬਰ ਦੇ ਦਮਨ ਦਾ ਦੋਰ ਆਰੰਭ ਹੋਇਆ। ਹੁਣ ਤਕ ਕੀਤੇ ਗਏ ਸੁਧਾਰਾਂ ਨੂੰ ਪ੍ਰਭਾਵਹੀਣ ਕਰਨ ਲਈ ਹਰ ਯਤਨ ਕੀਤਾ ਗਿਆ। ਪ੍ਰੈਸ ਉਤੇ ਕਰੜਾ ਸੈਂਸਰ ਲਾਗੂ ਕਰ ਦਿੱਤਾ ਗਿਆ। ਸਰਕਾਰ ਦੀ ਨੀਤੀ ਦਾ ਵਿਰੋਧ ਕਰਨ ਵਾਲਿਆਂ ਨੂੰ ਜਾਂ ਤਾਂ ਜੇਲ੍ਹਾਂ ਵਿਚ ਸੁੱਟ ਦਿੱਤਾ ਗਿਆ ਜਾਂ ਦੇਸ਼ ਨਿਕਾਲਾ ਦਿੱਤਾ ਗਿਆ। ਇਸ ਅੱਤ ਦੀ ਨਿਰੰਕੁਸ਼ਤਾ ਤੇ ਕਠੋਰ ਸ਼ਾਸਨ ਕਾਰਨ ਗੁਪਤ ਸੋਸਾਇਟੀਆਂ ਪੈਦਾ ਹੋ ਗਈਆਂ। ਇਹਨਾਂ ਸੋਸਾਇਟੀਆਂ ਨੇ ਸਰਕਾਰੀ ਅਫਸਰਾਂ ਉਤੇ ਆਤੰਕ ਦੇ ਉਪੱਦਰ ਕਰ ਦਿੱਤਾ ਕਿਉਂਕਿ ਜਨਤਾ ਕੋਲ ਆਪਣੀਆਂ ਔਕੜਾ ਦੂਰ ਕਰਾਉਣ ਦਾ ਹੋਰ ਸਾਧਨ ਨਹੀਂ ਸੀ।

## ਵਿਨਾਸ਼ਵਾਦ (Nihilism) ਤੇ ਅਲੈਗਜ਼ੈਂਡਰ ਦੂਜੇ ਦਾ ਕਤਲ :

ਜਿਵੇਂ ਕਿ ਉਪਰੋਕਤ ਤੋਂ ਸਪੱਸ਼ਟ ਹੈ ਕਿ ਸਰਕਾਰ ਦੀ ਆਲੋਚਨਾ ਕਰਨੀ ਸੰਭਵ ਨਹੀਂ ਸੀ। ਇਸ ਕਾਰਣ ਅਤਿ ਸਮਾਜਵਾਦੀ ਕ੍ਰਾਂਤੀਕਾਰੀ (Nihilism) ਜੋ ਆਤੰਕਵਾਦ ਅਤੇ ਹਿੰਸਾ ਵਿਚ ਵਿਸ਼ਵਾਸ਼ ਕਰਦੇ ਸਨ, ਨੇ 1879 ਈ. ਵਿਚ ਲੋਕਾਂ ਦੀ ਇੱਛਾ (Will of People) ਨਾਮਕ ਸੰਸਥਾ ਕਾਇਮ ਕੀਤੀ। ਇਨ੍ਹਾਂ ਦਾ ਨੇਤਾ ਪੀਟਰ ਲਗਵਫ ਸੀ। ਇਨ੍ਹਾਂ ਵਿਚ ਵਿਨਾਸ਼ਵਾਦ ਵਿਚ ਵਿਸ਼ਵਾਸ਼ ਰੱਖਣ ਵਾਲੇ ਲੋਕਾਂ ਦਾ ਖਿਆਲ ਸੀ ਕਿ ਸਭ ਪ੍ਰਕਾਰ ਦੀਆਂ ਸਮਾਜਿਕ, ਰਾਜਨੀਤੀ ਤੇ ਧਾਰਮਿਕ ਸੰਸਥਾਵਾਂ ਦਾ ਨਾਸ਼ ਕਰਕੇ ਨਵੇਂ ਰੂਸ ਦਾ ਨਿਰਮਾਣ ਕੀਤਾ ਜਾ ਸਕਦਾ ਹੈ। ਉਹਨਾਂ ਦਾ ਵਿਸ਼ਵਾਸ ਸੀ ਕਿ ਸ਼ਾਸਨ 'ਵਿਵੇ ਕ ਤੇ ਵਿਗਿਆਨ (Reason and Science) ਉਤੇ ਆਧਾਰਿਤ ਹੋਣਾ ਚਾਹੀਦਾ ਹੈ, ਅਰਥਾਤ ਜੋ ਕੁੱਝ ਵੀ ਬੁੱਧੀ-ਵਿਵੇਕ ਤੇ ਸਾਇੰਸ ਦੁਆਰਾ ਸਿੱਧ ਹੋਵੇ ਉਹ ਅਪਣਾਉਣਾ ਚਾਹੀਦਾ ਹੈ, ਤੇ ਜੋ ਕੁੱਝ ਅਜਿਹੀ ਪਰਖ ਵਿਚ ਪੂਰਾ ਨਾ ਉਤਰ ਸਕੇ, ਉਹ ਸਦਾ ਲਈ ਤਿਆਗ ਦੇਣਾ ਚਾਹੀਦਾ ਹੈ ਤੇ ਇਹਦੇ ਲਈ ਨਵੇਂ ਰੂਸ ਦੇ ਜੀਵਨ ਵਿਚ ਕੋਈ ਥਾਂ ਨਹੀਂ ਚਾਹੀਦੀ। ਵਿਨਾਸ਼ਵਾਦ ਨੇ ਸਰਕਾਰ ਵਿਰੁੱਧ ਵਿਦਰੋਹ ਕਰਨ ਲਈ ਤੇ ਇਸ ਨੂੰ ਨਸ਼ਟ ਕਰ ਦੇਣ ਲਈ ਜਨਤਾ ਨੂੰ ਤਿਆਰ ਕੀਤਾ। ਉਹ ਹਿੰਸਾ ਤੇ ਧੱਕੇਸ਼ਾਹੀ ਨਾਲ ਆਪਣਾ ਮੰਤਵ ਪ੍ਰਾਪਤ ਕਰਨਾ ਚਾਹੁੰਦੇ ਸਨ। ਸੰਨ 1881 ਈ.ਵਿਚ ਇਕ ਵਿਨਾਸ਼ਵਾਦੀ ਦੇ ਬੰਬ ਸੁੱਟਣ ਨਾਲ ਅਲੈਗਜ਼ੈਂਡਰ ਦੂਜਾ ਮਾਰਿਆ ਗਿਆ।

## ਅਲੈਗਜ਼ੈਂਡਰ ਤੀਜਾ (1881–94)

1881 ਈ. ਵਿਚ ਆਪਣੇ ਪਿਤਾ ਦੀ ਮੌਤ ਪਿਛੋਂ ਅਲੈਗਜ਼ੈਂਡਰ ਤੀਜਾ ਰੂਸ ਦੀ ਰਾਜਗੱਦੀ ਦਾ ਮਾਲਕ ਬਣਿਆ। ਆਪਣੇ ਪਿਤਾ ਦੇ ਕਤਲ ਕਰਕੇ ਨਾਂ ਤਾਂ ਉਹ ਭੈਭੀਤ ਹੋਇਆ ਤੇ ਨਾ ਹੀ ਨਿਰੰਕੁਸ਼ਤਾ ਲਈ ਉਹਦਾ ਉਤਸ਼ਾਹ ਮੰਦਾ ਪਿਆ। ਉਹ ਡੂੰਘੀਆਂ ਧਾਰਮਿਕ ਰੁਚੀਆਂ ਵਾਲਾ ਬਾਦਸ਼ਾਹ ਸੀ ਤੇ ਗੁਲਾਮੀ (Slave) ਦੇ ਪੱਖ ਦਾ ਪੱਕਾ ਹਾਮੀ ਸੀ। ਉਹ ਦ੍ਰਿੜ੍ਹ ਇਰਾਦੇ ਵਾਲਾ ਵਿਅਕਤੀ ਸੀ ਅਤੇ ਉਦਾਰਵਾਦ ਦੇ ਕਿਸੇ ਪੱਖੋਂ ਵੀ ਉਹ ਹਾਮੀ ਨਹੀਂ ਸੀ। ਉਹ ਹਰ ਪ੍ਰਕਾਰ ਦੇ ਸੁਧਾਰਾਂ ਦਾ ਵਿਰੋਧੀ ਸੀ ਅਤੇ ਪੱਛਮੀ ਵਿਚਾਰ ਸ਼ਕਤੀਆਂ ਤੇ ਸੰਸਦੀ ਸਰਕਾਰ ਵਿਚ ਉਸਦਾ ਮੂਲੋਂ ਹੀ ਵਿਸ਼ਵਾਸ ਨਹੀਂ ਸੀ। ਉਹਦੇ ਮੱਤ ਅਨੁਸਾਰ ਰੂਸੀਆਂ ਲਈ ਸਭ ਤੋਂ ਵਧੀਆ ਆਦਰਸ਼ਕ ਸੀ ਇਕ ਜ਼ਾਰ, ਇਕ ਚਰਚ ਤੇ ਇਕ ਰੂਸ। ਅਲੈਗਜ਼ੈਂਡਰ ਤੀਜੇ ਤੇ ਰੂੜ੍ਹੀਵਾਦੀ ਵਿਚਾਰ ਕੁਝ ਸਮੇਂ ਲਈ ਤਾਂ ਸਫਲ ਰਹੇ, ਪਰ ਇਹ ਸਦਾ ਲਈ ਕਾਮਯਾਬ ਨਹੀਂ ਸਨ ਰਹਿ ਸਕਦੇ।

ਕੁਝ ਮਹੱਤਵਪੂਰਣ ਪ੍ਰਤਿਕ੍ਰਿਆਵਾਦੀ ਕਾਰਨਾਮੇ ਇਸ ਪ੍ਰਕਾਰ ਹਨ :

ਜਿੰਨੇ ਵੀ ਲੋਕ ਉਹਦੇ ਪਿਤਾ ਦੇ ਕਾਤਲ ਲਈ ਜ਼ਿੰਮੇਵਾਰ ਸਨ, ਅਲੈਗਜ਼ੈਂਡਰ ਤੀਜੇ ਨੇ ਉਹਨਾਂ ਨੂੰ ਮੌਤ ਜਾਂ ਦੇਸ਼ ਨਿਕਾਲੇ ਦੀ ਸਜ਼ਾਂ ਦਿੱਤੀ। ਪ੍ਰੈਸ ਉਤੇ ਸਖਤ ਪਾਬੰਦੀਆਂ ਲਾ ਦਿੱਤੀਆਂ ਗਈਆਂ। ਜਿਹੜੇ ਪੜ੍ਹੇ ਲਿਖੇ ਲੋਕ ਕ੍ਰਾਂਤੀ ਦੇ ਪੱਖੀ ਸਨ, ਉਹਨਾਂ ਦੀ ਗਤੀਵਿਧੀ ਉਤੇ ਕਰੜੀ ਨਿਗਰਾਨੀ ਰੱਖੀ ਜਾਣ ਲੱਗੀ। ਜਨਤਾ ਦੇ ਜਿਹੜੇ ਵੀ ਅੰਸ਼ ਉਤੇ ਸਰਕਾਰ ਦੇ ਵਿਰੋਧੀ ਹੋਣ ਦਾ ਸੰਦੇਹ ਹੋਇਆ, ਉਹਨੂੰ ਜਬਰ ਨਾਲ ਲਿਤਾੜ ਦਿੱਤਾ ਗਿਆ।

**ਰੂਸੀਕਰਣ (Russification) :** ਦੇਸ਼ ਵਿਚ ਵਸਣ ਵਾਲੀਆਂ ਅਧੀਨ ਜਾਤੀਆਂ ਪ੍ਰਤਿ ਪੂਰੇ-ਪੂਰੇ ਰੂਸੀਕਰਣ ਦੀ ਨੀਤੀ ਅਪਣਾਈ ਗਈ। ਅਲੈਗਜ਼ੈਂਡਰ ਤੀਜਾ ਸਾਰੇ ਦੇਸ਼ ਵਿਚ ਬੋਲੀ, ਧਰਮ, ਕਾਨੂੰਨ, ਗੌਰਮਿੰਟ ਦੇ ਸਿਸਟਮ ਦੇ ਵਿਚ ਪੱਕੀ ਇਕਸਾਰਤਾ ਲਿਆਉਣਾ ਚਾਹੁੰਦਾ ਸੀ ਅਤੇ ਇਸ ਆਦਰਸ਼ ਦੀ ਪ੍ਰਾਪਤੀ ਲਈ ਉਹ ਹਰ ਰੁਕਾਵਟ ਨੂੰ ਲਿਤਾੜ ਕੇ ਲੰਘ ਜਾਣਾ ਚਾਹੁੰਦਾ ਸੀ।

ਰੂਸ ਵਿਚ ਵਸਣ ਵਾਲੀਆਂ ਅਧੀਨ ਜਾਤੀਆਂ ਵਿਚ ਯਹੂਦੀ ਵੀ ਸਨ। ਇਸ ਅਤਿ ਅਤਿਆਚਾਰ ਵਾਲੀ ਨੀਤੀ ਨਾਲ ਸਭ ਤੋਂ ਵਧੇਰੇ ਮੁਸੀਬਤਾਂ ਇਹਨਾਂ ਯਹੂਦੀਆਂ ਨੂੰ ਹੀ ਜਰਨੀਆਂ ਪਈਆਂ। ਉਹਨਾਂ ਨੂੰ ਅਕਹਿ ਕਸ਼ਟ ਸਹਾਰਨੇ ਪਏ। ਉਹਨਾਂ ਨੂੰ ਆਪਣੇ ਸ਼ਹਿਰਾਂ ਤੋਂ ਬਾਹਰ ਨਿਕਲਣ ਦੀ ਆਗਿਆ ਨਹੀਂ ਸੀ। ਉਹ ਕੋਈ ਜਾਇਦਾਦ ਨਹੀਂ ਸਨ ਖਰੀਦ ਸਕਦੇ। ਕੋਈ ਵਣਜ ਵਪਾਰ ਨਹੀਂ ਕਰ ਸਕਦੇ। ਕਈ ਵਾਰ ਉਨ੍ਹਾਂ ਦੇ ਮਕਾਨ ਸਾੜ ਦਿੱਤੇ ਜਾਂਦੇ ਸਨ।

## ਉਦਯੋਗਿਕ ਵਿਕਾਸ :

ਅਲੈਗਜ਼ੈਂਡਰ ਤੀਜੇ ਦੇ ਤਖਤ ਉਤੇ ਬੈਠਣ ਸਮੇਂ ਰੂਸ ਵਿਸ਼ੇਸ਼ ਕਰਕੇ ਕਿਰਸਾਣੀ ਦੇਸ਼ ਸੀ, ਜਿਸ ਦੇ ਵਿਚ ਖੇਤੀ ਦੇ ਪ੍ਰਾਚੀਨ ਢੰਗ ਵਰਤੇ ਜਾਂਦੇ ਸਨ। ਇਥੇ ਕੋਈ ਆਧੁਨਿਕ ਉਦਯੋਗ ਆਰੰਭ ਨਹੀਂ ਸੀ ਹੋਇਆ। ਦੇਸ਼ ਦੀਆਂ ਸੜਕਾਂ ਬੜੀ ਭੈੜੀ ਹਾਲਤ ਵਿਚ ਅਤੇ ਐਡੇ ਵਿਸ਼ਾਲ ਦੇਸ਼ ਵਿਚ ਬਹੁਤ ਥੋੜ੍ਹੀਆਂ ਰੇਲਾਂ ਸਨ। ਅਲੈਗਜੈਂਡਰ ਦੇਸ਼ ਦੇ ਉਦਯੋਗਿਕ ਵਿਕਾਸ ਲਈ ਸੱਚੇ ਦਿਲੋਂ ਉਤਸਕ ਸੀ, ਇਸ ਲਈ ਉਸ ਨੇ 1892 ਈ. ਵਿਚ ਕਾਊਂਟ ਵਿੱਟੇ (Count Witte) ਨਾਮ ਦੇ ਇਕ ਬੜੇ ਯੋਗ ਵਿਅਕਤੀ ਨੂੰ ਆਪਣਾ ਵਿੱਤ-ਮੰਤਰੀ ਮੁਕੱਰਰ ਕੀਤਾ। ਉਹਨੂੰ ਵਿਸ਼ਵਾਸ਼ ਹੋ ਗਿਆ ਸੀ ਕਿ ਰੂਸ ਵਰਗੇ ਵਿਸ਼ਾਲ ਪਦਾਰਥਕ ਸਾਧਨ ਵਾਲੇ ਤੇ ਚੋਖੀ ਵਸੋਂ ਵਾਲੇ ਦੇਸ਼ ਨੂੰ ਖੇਤੀ ਅਤੇ ਉਦਯੋਗ ਵਿਚ ਅਵਸ਼ ਹੀ ਆਤਮ ਨਿਰਭਰ ਹੋਣਾ ਚਾਹੀਦਾ ਹੈ। ਪਰ ਅਜਿਹੇ ਵਿਉਂਤਬੰਦ ਵਿਕਾਸ ਲਈ ਖਜ਼ਾਨੇ ਦੀ ਲੋੜ ਸੀ। ਇਸ ਲਈ ਉਸ ਨੇ ਰੂਸ ਵਿਚ ਬਿਦੇਸ਼ੀ ਧਨ ਦੀ ਵਰਤੋਂ ਦਾ ਪ੍ਰਬੰਧ ਕੀਤਾ ਅਤੇ ਅਜਿਹੀਆਂ ਸਕੀਮਾਂ ਲਈ ਹਰ ਪ੍ਰਕਾਰ ਦੀ ਪ੍ਰੇਰਣਾ ਤੇ ਉਤਸ਼ਾਹ ਤੋਂ ਕੰਮ ਲਿਆ। ਵਿੱਟੇ (Witte) ਨੇ ਰੇਲਾਂ ਤੇ ਸੜ੍ਹਕਾਂ ਦੀ ਉਸਾਰੀ ਦਾ ਵੀ ਇਕ ਮਹਾਨ ਪ੍ਰੋਗਰਾਮ ਤਿਆਰ ਕੀਤਾ।। ਪਰ ਉਕਯੋਗੀਕਰਣ ਦੇ ਨਾਲ ਹੀ ਨਵੀਆਂ ਸਮੱਸਿਆਵਾਂ ਵੀ ਖੜੀਆਂ ਹੋਣ ਲੱਗੀਆਂ। ਵੱਡੇ-ਵੱਡੇ ਸ਼ਹਿਰ ਹੋਂਦ ਵਿਚ ਆ ਗਏ। ਇਕ ਨਵੀਂ ਸਰਮਾਏ ਦਾਰ ਸ਼੍ਰੇਣੀ ਪੈਦਾ ਹੋ ਗਈ ਤੇ ਨਾਲ-ਨਾਲ ਕਾਮਿਆਂ ਤੇ ਮਜ਼ਦੂਰਾਂ ਦੀ ਇੱਕ ਬਹੁਤ ਵੱਡੀ ਸ਼੍ਰੇਣੀ ਵੀ ਖੜੀ ਹੋ ਗਈ। ਮਾਲਕ ਤੇ ਨੌਕਰ ਨਾਲ ਸੰਬੰਧਤ ਰਾਜਨੀਤਿਕ ਤੇ ਆਰਥਿਕ ਸਮੱਸਿਆਵਾਂ ਪੈਦਾ ਹੋਣ ਲੱਗੀਆਂ। ਧਨਾਢ ਉਦਯੋਗਪਤੀ ਸ਼ਾਸ਼ਨ ਪ੍ਰਬੰਧ ਦੇ ਹਿੱਸੇਦਾਰ ਬਣਨ ਲਈ ਯਤਨ ਕਰਨ ਲੱਗੇ ਤੇ ਕਾਮਾ ਸ਼੍ਰੇਣੀ ਸਮਾਜਵਾਦੀ ਪ੍ਰਾਪੇਗੰਡਾ ਕਰਨ ਵਿਚ ਅੱਗੇ ਵਧਦੀ ਗਈ। ਇਵੇਂ ਰੂਸ ਵਿਚ ਨਵੀਆਂ ਸ਼ਕਤੀਆਂ ਵਿਕਸਿਤ ਹੋ ਰਹੀਆਂ ਹਨ। ਇਹ ਇਕ ਨਵੇਂ ਯੁੱਗ ਦਾ ਆਰੰਭ ਸੀ। ਭਾਵੇਂ ਅਲੈਗਜੈਂਡਰ ਤੀਜਾ ਰੂੜ੍ਹੀਵਾਦੀ ਵਿਚਾਰਾਂ ਵਾਲਾ ਸੀ ਤੇ ਹਰ ਪ੍ਰਕਾਰ ਦੇ ਉਦਾਰਵਾਦੀ ਅਤੇ ਲੋਕ ਰਾਜੀ ਸੰਬੰਧੀ ਅੰਦੋਲਨ ਦਾ ਵਿਰੋਧੀ ਸੀ, ਪਰ ਉਸ ਦੇ ਰਾਜ ਕਾਲ ਵਿਚ ਵੀ ਉਦਯੋਗਾਂ ਦੀ ਉੱਨਤੀ ਹੋਈ ਤੇ ਆਰਥਿਕ ਵਿਕਾਸ ਹੋਇਆ।

## ਨਿਕੋਲਸ ਦੂਜਾ 1894–1917

ਨਿਕੋਲਸ ਦੂਜਾ ਆਪਣੇ ਪਿਤਾ ਅਲੈਗਜ਼ੈਂਡਰ ਤੀਜੇ (Alexander III) ਦੀ ਮ੍ਰਿਤੂ ਪਿਛੋਂ 1894 ਈ. ਵਿਚ ਗੱਦੀ ਤੇ ਬੈਠਾ। ਉਹ ਆਪਣੇ ਪਿਤਾ ਵਾਂਗ ਪ੍ਰਤਿਕ੍ਰਿਆਵਾਦੀ ਸੀ ਤੇ ਸੁਧਾਰਾਂ ਅਤੇ ਉਦਾਰਵਾਦ ਦੇ ਵਿਰੁੱਧ ਸੀ। ਲੋਕਾਂ ਦਾ ਵਿਚਾਰ ਸੀ ਸ਼ਾਇਦ ਨਿਕੋਲਸ ਦੂਜਾ ਆਪਣੇ ਸੁਧਾਰਾਂ ਤੇ ਉਦਾਰਵਾਦੀ ਵਿਚਾਰਾਂ ਵਲ ਧਿਆਨ ਦੇਵੇਗਾ, ਪਰ ਉਨ੍ਹਾਂ ਦਾ ਇਹ ਵਿਚਾਰ ਗਲਤ ਨਿਕਲਿਆ। ਨਿਕੋਲਸ ਦੂਜੇ ਨੇ ਆਪਣੀ ਨੀਤੀ ਬਾਰੇ ਘੋਸ਼ਣਾ ਕੀਤੀ ਕਿ ਉਹ ਆਪਣੇ ਪਿਤਾ ਵਾਂਗ ਖੁਦਮੁਖਤਿਆਰ ਸਿਧਾਂਤਾਂ ਤੇ ਹੀ ਚਲੇਗਾ। ਉਸਨੇ ਕ੍ਰਾਂਤੀਕਾਰੀ ਤੱਥਾਂ ਨੂੰ ਦਬਾਉਣ ਵਿੱਚ ਬੜੀ ਸਖਤੀ ਦੀ ਨੀਤੀ ਨੂੰ ਅਪਣਾਇਆ।

ਉਹ ਆਪਣੇ ਪਿਤਾ ਦੇ ਪੱਦ-ਚਿੰਨ੍ਹਾਂ ਤੇ ਚਲਿਆ ਅਤੇ ਉਸਨੇ ਯਹੂਦੀਆਂ ਅਤੇ ਦੂਜੀਆਂ ਅਧੀਨ ਨਸਲਾਂ ਤੇ ਕੰਮਾਂ ਦੇ ਵਿਰੁੱਧ ਬੜੇ ਕਰੜੇ ਕਾਨੂੰਨ ਪਾਸ ਕੀਤੇ ਤੇ ਉਨ੍ਹਾਂ ਤੇ ਸਖਤੀ ਨਾਲ ਅਮਲਾ ਕੀਤਾ। ਇਸਦੇ ਕਾਲ ਵਿੱਚ ਰੂਸ ਵਿੱਚ ਤਕਰੀਰ ਕਰਨ ਅਤੇ ਕੰਮ ਕਰਨ ਦੀ ਸੁਤੰਤਰਤਾ ਨਹੀਂ ਸੀ। ਵਿਚਾਰਾਂ ਨੂੰ ਖੁਲਮ ਖੁਲ੍ਹਾ ਪ੍ਰਗਟ ਕਰਨ ਦੀ ਆਗਿਆ ਨਹੀਂ ਸੀ। ਜੇ ਕੋਈ ਆਦਮੀ ਸੁਤੰਤਰਤਾ ਨਾਲ ਆਪਣੇ ਵਿਚਾਰ ਦਾ ਪ੍ਰਗਟਾਵਾ ਕਰਦਾ ਸੀ ਤਾਂ ਉਹਨੂੰ ਬੰਦੀ ਬਣਾ ਲਿਆ ਜਾਂਦਾ ਸੀ, ਦੇਸ਼ ਨਿਕਾਲਾ ਦੇ ਦਿੱਤਾ ਜਾਂਦਾ ਸੀ ਅਤੇ ਬਿਨਾਂ ਕਿਸੇ ਦੋਸ਼ ਤੇ ਕਰੜੀ ਸਜ਼ਾ ਦਿੱਤੀ ਜਾਂਦੀ ਸੀ। ਪਰ ਇਹ ਸੱਚ ਹੈ ਕਿ ਉਸਦੇ ਸ਼ਾਸਨ ਕਾਲ ਵਿੱਚ ਕਾਊਂਟ ਵਿੱਟੇ (Count Witte) ਜਿਹੇ ਯੋਗ ਮੰਤਰੀ ਦੇ ਕਾਰਣ ਵਪਾਰ ਅਤੇ ਉਦਯੋਗ ਵਿੱਚ ਕਾਫ਼ੀ ਤਰੱਕੀ ਹੋਈ।

ਲੋਕਾਂ ਦੇ ਦਬਾਉ ਦੇਣ ਦੇ ਕਾਰਣ ਸਰਕਾਰ ਨੇ ਕਮੇਟੀਆਂ, ਨਿਯੁਕਤ ਕੀਤੀਆਂ, ਜਿਨ੍ਹਾਂ ਦਾ ਭਾਵ ਇਹ ਸੀ ਕਿ ਉਹ ਸੋਚ ਵਿਚਾਰ ਕਰਨ ਪਿਛੋਂ ਰਿਪੋਰਟ ਪੇਸ਼ ਕਰਨ ਕਿ ਰੂਸ ਵਿੱਚ ਸੁਧਾਰ ਲਈ ਕਿਹੜੇ ਉਦਮ ਕੀਤੇ ਜਾਣੇ ਚਾਹੀਦੇ ਹਨ। ਇਨ੍ਹਾਂ ਕਮੇਟੀਆਂ ਨੇ ਸਿਫ਼ਾਰਸ਼ਾਂ ਪੇਸ਼ ਕੀਤੀਆਂ ਕਿ ਸਰਕਾਰ ਲੋਕਾਂ ਦੀ ਪ੍ਰਤੀਨਿਧ ਹੋਵੇ। ਲੋਕਾਂ ਨੂੰ ਬੋਲਣ ਤੇ ਕੰਮ ਕਰਨ ਦੀ ਸੁਤੰਤਰਤਾ ਹੋਣੀ ਚਾਹੀਦੀ ਹੈ। ਜਨ ਸਾਧਾਰਣ ਦੀ ਲਿਖਤ ਤੇ ਬੋਲਣ ਦੀਆਜ਼ਾਦੀ ਤੇ ਕਿਸੇ ਵੀ ਪ੍ਰਕਾਰ ਦਾ ਪ੍ਰਤੀਬੰਧ ਨਹੀਂ ਹੋਣਾ ਚਾਹੀਦਾ। ਇਹਨਾਂ ਰਿਪੋਰਟਾਂ ਦਾ ਪ੍ਰਭਾਵ ਇਹ ਹੋਇਆ ਕਿ ਕਾਊਂਟ ਵਿੱਟੇ ਨੂੰ ਜਿਸ ਜ਼ਾਰ ਦੀ ਕਰੜੀ ਨੀਤੀ ਦਾ ਜ਼ਿੰਮੇ ਵਾਰ ਸਮਝਿਆ ਜਾਂਦਾ ਸੀ, ਹਟਾ ਦਿੱਤਾ ਗਿਆ, ਇਸ ਤੋਂ ਬਿਨਾਂ ਜ਼ਾਰ ਨੇ ਦੇਸ਼ ਵਿੱਚ ਕਿਸੇ ਪ੍ਰਕਾਰ ਦੇ ਸੁਧਾਰ ਵੱਲ ਧਿਆਨ ਨਾ ਦਿੱਤਾ।

ਅਲੈਗਜ਼ੈਂਡਰ ਤੀਜੇ ਦੇ ਸ਼ਾਸਨ ਕਾਲ ਦੇ ਅੰਤਮ ਅਤੇ ਨਿਕੋਲਸ ਦੂਜੇ ਦੇ ਆਰੰਭਕ ਸਾਲਾਂ ਵਿੱਚ ਰੂਸ ਨੇ ਆਰਥਿਕ ਤੇ ਉਦਯੋਗਿਕ ਪੱਖੋਂ ਬੜੀ ਉੱਨਤੀ ਕਰ ਲਈ ਸੀ। ਵਿੱਤ ਮੰਤਰੀ ਕਾਊਂਟ ਵਿੱਟੇ ਦੇ ਉਦਮਾਂ ਨਾਲ ਬਿਦੇਸ਼ੀ (ਖਾਸ ਤੌਰ ਤੇ ਫ੍ਰਾਂਸੀਸੀ) ਪੂੰਜੀ ਰੂਸ ਵਿੱਚ ਆਰੰਭ ਹੋ ਗਈ ਤੇ ਬਹੁਤ ਸਾਰੇ ਕਾਰਖਾਨੇ ਖੁਲ੍ਹ ਗਏ। ਰਾਹਕਾਂ (Serfs) ਦੀ ਆਜ਼ਾਦੀ ਅਤੇ ਧਰਤੀ ਦੀ ਉਪਜ ਤੇ ਬਹੁਤ ਭਾਰ ਪੈ ਜਾਣ ਕਾਰਨ ਕਈ ਛੋਟੇ ਕਾਸ਼ਤਕਾਰ ਭੂਮੀ ਛੱਡ ਕੇ ਸ਼ਹਿਰਾਂ ਦੇ ਕਾਰਖਾਨਿਆਂ ਵਿੱਚ ਮਜ਼ਦੂਰੀ ਕਰਨ ਲਈ ਆ ਗਏ ਜਿਸ ਨਾਲ ਮਜ਼ਦੂਰੀ ਸਸਤੀ ਹੋ ਗਈ। ਇਸ ਤੋਂ ਛੁੱਟ ਕਾਸ਼ਤਕਾਰ ਭੂਮੀ ਛੱਡ ਕੇ ਸ਼ਹਿਰਾਂ ਦੇ ਕਾਰਖਾਨਿਆਂ ਵਿੱਚ ਮਜ਼ਦੂਰੀ ਕਰਨ ਲਈ ਆ ਗਏ ਜਿਸ ਨਾਲ ਮਜ਼ਦੂਰੀ ਸਸਤੀ ਹੋ ਗਈ। ਇਸ ਤੋਂ ਛੁੱਟ ਕੋਲੇ ਅਤੇ ਕੱਚੇ ਲੋਹੇ ਦੀ ਬਹੁਤਾਤ ਕਾਰਣ ਅਤੇ ਰੇਲਾਂ ਦੇ ਚਾਲੂ ਹੋ ਜਾਣ ਨਾਲ ਰੂਸੀ ਉਦਯੋਗ ਨੂੰ ਬੜੀ ਉੱਨਤੀ ਪ੍ਰਾਪਤ ਹੋਈ ਪਰ ਇਸ ਉਦਯੋਗਿਕ ਕ੍ਰਾਂਤੀ ਨਾਲ ਰੂਸ ਵਿੱਚ ਪੂੰਜੀਪਤੀਆਂ ਦੀ ਇੱਕ ਸ਼੍ਰੇਣੀ ਪੈਦਾ ਹੋ ਗਈ ਜਿਹੜੀ ਰਾਜਨੀਤੀ ਵਿੱਚ ਭਾਗ ਲੈਣਾ ਚਾਹੁੰਦੀ ਸੀ। ਇਸ ਤੋਂ ਇਲਾਵਾ ਕਾਮਿਆਂ ਦੀ ਗਿਣਤੀ ਬਹੁਤ ਵੱਧ ਗਈ। ਰੂਸੀ ਕਾਮਿਆਂ ਦੀ ਸ਼੍ਰੇਣੀ ਆਪਣੀ ਆਰਥਿਕ ਦਲਿੱਦਰਤਾ ਦੇ ਕਾਰਣ ਬਹੁਤ ਬੇਚੈਨ ਹੋ ਗਏ। ਰੂਸ ਦੇ ਅਮੀਰਾਂ ਤੇ ਪੂੰਜੀਪਤੀਆਂ ਨੇ ਇਹਨਾਂ ਗਰੀਬ ਕਾਮਿਆਂ ਦੀ ਆਰਥਿਕ ਦਸ਼ਾ ਨੂੰ ਸੁਧਾਰਨ ਵੱਲ ਕੋਈ ਧਿਆਨ ਨਾ ਦਿੱਤਾ। ਇਸ ਲਈ ਕਾਰਖਾਨਿਆਂ ਵਿੱਚ ਕੰਮ ਕਰਨ ਵਾਲੇ ਮਜ਼ਦੂਰਾਂ ਨੇ ਆਪਣੇ ਸ਼ਕਤੀਸ਼ਾਲੀ ਸੰਘ ਸਥਾਪਤ ਕਰ ਲਏ। ਪੂੰਜੀਵਾਦ ਨਿਜ਼ਾਮ ਦੇ ਕਾਰਣ ਮਜ਼ਦੂਰਾਂ ਨੇ ਕ੍ਰਾਂਤੀਕਾਰੀ ਪਾਰਟੀਆਂ ਬਣਾ ਲਈਆਂ ਜੋ ਵੱਧ ਕੰਮ ਕਰਨ, ਥੋੜ੍ਹੀ ਮਜ਼ਦੂਰੀ ਦੀਆਂ ਪਾਰਟੀਆਂ ਵਿੱਚ ਸਭ ਤੋਂ ਵੱਧ ਪ੍ਰਸਿੱਧ ਪਾਰਟੀ ਪ੍ਰਜਾਤੰਤਰਵਾਦੀਆਂ (Social Democrates) ਦੀ ਸੀ ਜੋ ਕਾਰਲ ਮਾਰਕਸ (Karl Marx) ਦੇ ਸਿਧਾਂਤਾਂ ਦੇ ਚਲਦੇ ਹੋਏ ਇਸ ਗੱਲ ਤੇ ਯਕੀਨ ਰੱਖਦੇ ਸਨ ਕਿ ਪੂੰਜੀਪਤੀਆਂ ਅਤੇ ਮਜ਼ਦੂਰਾਂ ਦੇ ਵਿਹਾਰ ਆਪਸੀ ਦੁਸ਼ਮਣੀ ਇੱਕ ਜ਼ਰੂਰੀ ਗੱਲ ਹੈ। ਸ਼ੋਸ਼ਲ ਡੈਮੋਕਰੇਟਸ ਵਿਧਾਨਿਕ ਤਰੀਕਿਆਂ ਅਤੇ ਸ਼ਾਂਤੀਪੂਰਵਕ ਪ੍ਰਚਾਰ ਤੇ ਯਕੀਨ ਰੱਖਦੇ ਸਨ। ਪਹਿਲਾਂ ਤੋੜ ਫੋੜ ਅਤੇ ਹੁਲੜਬਾਜੀ (terrorism) ਨੇ ਰੂਸ ਵਿੱਚ ਸਫ਼ਲਤਾ ਪ੍ਰਾਪਤ ਨਹੀਂ ਸੀ ਕੀਤੀ। ਇਹ ਪਾਰਟੀ ਆਰਥਿਕ ਢੰਗ ਨੂੰ ਆਪਣਾ ਕੇ ਰਾਜਨੀਤਿਕ ਤਬਦੀਲੀਆਂ ਲਿਆਉਣ ਦੇ ਹੱਕ ਵਿੱਚ ਸੀ।

## ਰੂਸ ਅਤੇ ਜਾਪਾਨ ਦੇ ਵਿਚਕਾਰ ਯੁੱਧ ਅਤੇ 1905 ਈ. ਦੀ ਰੂਸੀ ਕ੍ਰਾਂਤੀ

1904 ਈ. ਵਿੱਚ ਰੂਸ ਅਤੇ ਜਾਪਾਨ ਵਿੱਚ ਲੜਾਈ ਆਰੰਭ ਹੋ ਗਈ ਅਤੇ ਲੜਾਈ ਦੇ ਦੌਰਾਨ ਰੂਸੀ ਜਨਤਾ ਦੀ ਬੇਚੈਨੀ ਹੋਰ ਵਧ ਗਈ। ਰੂਸ ਦੀ ਨੌਕਰਸ਼ਾਹੀ ਹਕੂਮਤ (Bureaucratic Regime) ਆਪਣੀਆਂ ਕਮਜ਼ੋਰੀਆਂ ਦੇ ਕਾਰਣ ਜਨਤਾ ਦੀਆਂ ਨਜ਼ਰਾਂ ਵਿੱਚ ਡਿਗ ਗਈ। ਰੂਸੀ ਲੋਕ ਜ਼ਾਰ ਦੇ ਸ਼ਾਸਨ ਤੋਂ ਇੰਨੇ ਤੰਗ ਆ ਗਏ ਕਿ ਉਹਨਾਂ ਦੇ ਗ੍ਰਹਿ ਮੰਤਰੀ ਪਲੀਹਵ (Plehve) ਨੂੰ ਜੁਲਾਈ, 1904 ਈ. ਵਿੱਚ ਕਤਲ ਕਰ ਦਿੱਤਾ ਕਿਉਂਕਿ ਉਹ ਜ਼ਾਰ ਦੇ ਸਖਤ ਖੁਦ ਮੁਖਤਿਆਰ ਸ਼ਾਸਨ ਲਈ ਜ਼ਿੰਮੇਵਾਰ ਸਮਝਿਆ ਜਾਂਦਾ ਸੀ। ਹੁਣ ਨਵੇਂ ਮੰਤਰੀ ਮੰਡਲ ਨੇ ਸੁਧਾਰਕਾਂ ਨੂੰ ਕਿਹਾ ਕਿ ਉਹ ਸੁਧਾਰਾਂ ਲਈ ਸੁਝਾ ਪੇਸ਼ ਕਰਨ। ਨਤੀਜੇ ਵਜੋਂ ਨਵੇਂ ਗ੍ਰਹਿ ਮੰਤਰੀ ਨੇ ਛਾਪੇਖਾਨੇ ਅਤੇ ਵਿਅਕਤੀਗਤ ਸੁਤੰਤਰਤਾ ਤੋਂ ਕਈ ਪ੍ਰਤੀਬੰਧ ਹਟਾ ਦਿੱਤੇ।

ਉਪਰੋਕਤ ਹਾਲਾਤ ਵਿੱਚ ਪ੍ਰਾਂਤਿਕ ਜਾਂ ਜ਼ਿਲ੍ਹਾ ਕੌਂਸਿਲ (Zemotoves) ਅਤੇ ਸਥਾਨਿਕ ਕਮੇਟੀਆਂ ਦੇ ਪ੍ਰਤਿਨਿਧ ਨਵੰਬਰ, 1904 ਈ. ਵਿੱਚ ਪੀਟਰੋਗਰਾਡ (Petrograd) ਵਿੱਚ ਇਕੱਤਰ ਹੋਏ ਅਤੇ ਗਿਆਰਾਂ ਨੁਕਤੀ (Eleven Point) ਪ੍ਰੋਗਰਾਮ ਬਣਾਇਆ ਗਿਆ। ਇਨ੍ਹਾਂ ਵਿੱਚ ਜ਼ਰੂਰੀ ਗੱਲਾਂ ਇਹ ਸਨ, ਬੋਲਣ ਦੀ ਸੁਤੰਤਰਤਾ, ਛਾਪੇਖਾਨੇ ਦੀ ਸੁਤੰਤਰਤਾ, ਜਲਸੇ ਕਰਨ ਦੀ ਸੁਤੰਤਰਤਾ, ਸੰਘ ਬਣਾਉਣ ਦੀ ਸੁਤੰਤਰਤਾ ਆਦਿ। ਇਨ੍ਹਾਂ ਤੋਂ ਛੁੱਟ ਚੁਣੇ ਹੋਏ ਪ੍ਰਤਿਨਿਧਾਂ ਦੀ ਇੱਕ ਵਿਧਾਨਪਰਿਸ਼ਦ ਬਣਾਈ ਜਾਣ ਦੀ ਵੀ ਸਿਫਾਰਸ਼ ਕੀਤੀ ਗਈ ਜੋ ਹਰ ਪ੍ਰਬੰਧ ਤੇ ਨਿਗਰਾਨੀ ਕਰ ਸਕਦੀ। ਵਿਧਾਨਿਕ ਸ਼ਾਸਨ ਦੀ ਸਥਾਪਨਾ ਲਈ ਜਨਤਾ ਨੇ ਫੇਰ ਜ਼ੋਰ ਨਾਲ ਸੰਘਰਸ਼ ਆਰੰਭ ਕੀਤਾ। ਮਾਸਕੋ (Moscow) ਅਤੇ ਦੂਜੇ ਵੱਡੇ ਸ਼ਹਿਰਾਂ ਵਿੱਚ ਹੜਤਾਲਾਂ ਆਰੰਭ ਹੋ ਗਈਆਂ। ਇਹ ਬੇਚੈਨੀ ਤੇ ਹੜਤਾਲਾਂ ਦਾ ਜ਼ਾਰ ਤੇ ਕੋਈ ਪ੍ਰਭਾਵ ਨਾ ਹੋਇਆ ਤੇ ਉਹ ਆਪਣੀ ਸਖ਼ਤ ਨੀਤੀ ਤੇ ਡਟਿਆ ਰਿਹਾ ਅਤੇ ਸੁਧਾਰਾਂ ਵੱਲ ਕੋਈ ਧਿਆਨ ਨਾ ਦਿੱਤਾ। ਜਦੋਂ ਹੜਤਾਲੀਆਂ ਦਾ ਬਹੁਤ ਵੱਡਾ ਜਲੂਸ ਫ਼ਾਦਰ ਗਾਪਨ (Father Gapon) ਦੀ ਅਗਵਾਈ ਵਿੱਚ ਸ਼ਾਂਤੀ-ਪੂਰਣ ਢੰਗ ਨਾਲ ਜਾ ਰਿਹਾ ਸੀ ਤਾਂ ਜ਼ਾਰ ਦੀ ਸੇਵਾ ਵਿੱਚ ਆਪਣੀਆਂ ਸ਼ਿਕਾਇਤਾਂ ਦੀ ਦਰਖਾਸਤ ਪੇਸ਼ ਕਰ ਸਕੇ ਪਰ ਰਾਜਸੀ ਫੌਜੀ ਦਸਤਿਆਂ ਨੇ ਇਨ੍ਹਾਂ ਤੇ ਗੋਲੀਆਂ ਵਰਸਾਉਣੀਆਂ ਆਰੰਭ ਕਰ ਦਿੱਤੀਆਂ। ਇਸ ਘਟਨਾਂ ਨੂੰ ਖ਼ੂਨੀ ਐਤਵਾਰ (Bloody Sunday) ਦੇ ਨਾਮ ਨਾਲ ਵੀ ਯਾਦ ਕੀਤਾ ਜਾਂਦਾ ਹੈ ਤੇ ਇਸ ਘਟਨਾਂ ਨੂੰ 1905 ਈ. ਦਾ ਰੂਸੀ ਇਨਕਲਾਬ ਵੀ ਆਖਿਆ ਜਾਂਦਾ ਹੈ ਜਦੋਂ ਇਸ ਘਟਨਾ ਦੀ ਖ਼ਬਰ ਦੇਸ਼ ਦੇ ਚੋਹੀਂ ਪਾਸੀ ਫੈਲ ਗਈ ਤਾਂ ਸਮੁੰਦਰੀ ਤੇ ਥਲ ਫੋਜਾਂ ਨੇ ਜ਼ਾਰ ਦੇ ਸ਼ਾਸਨ ਵਿਰੁੱਧ ਵਿਦਰੋਹ ਕਰ ਦਿੱਤਾ। ਜ਼ਾਰ ਦੇ ਚਾਚੇ ਨੂੰ ਕਤਲ ਕਰ ਦਿੱਤਾ ਗਿਆ। ਦੇਸ਼ ਭਰ ਵਿੱਚ ਅਸ਼ਾਂਤੀ ਅਤੇ ਗੜਬੜ ਫੈਲ ਗਈ। ਅਜਿਹਾ ਪ੍ਰਤੀਤ ਹੁੰਦਾ ਕਿ ਜ਼ਾਰ ਦੀ ਹਕੂਮਤ ਇਸ ਤੇ ਕਾਬੂ ਨਹੀਂ ਪਾ ਸਕੇਗੀ।

**ਰਿਆਇਤਾਂ ਤੇ ਸੁਧਾਰ :** ਇਸ ਅਸ਼ਾਂਤੀ ਅਤੇ ਗੜਬੜ ਤੋਂ ਡਰਦੇ ਹੋਏ ਜ਼ਾਰ ਨਿਕੋਲਸ ਦੂਜੇ ਨੇ ਐਲਾਨ ਕੀਤਾ ਕਿ ਉਹ ਲੋਕਾਂ ਨੂੰ ਰਿਆਇਤਾਂ ਦੇਣ ਲਈ ਤਿਆਰ ਹੈ ਅਤੇ ਉਹ ਸੁਧਾਰ ਕਰਨ ਦੇ ਹੱਕ ਵਿੱਚ ਹੈ। ਜ਼ਾਰ ਨੇ ਉਹ ਮੰਤਰੀ ਜਿਹੜੇ ਤੰਗ ਨਜਰੀ ਅਤੇ ਸਖਤੀ ਦੀ ਨੀਤੀ ਤੇ ਚਲਦੇ ਸਨ ਹਟਾ ਦਿੱਤੇ। ਇਹ ਐਲਾਨ ਪੰਜ ਅਗਸਤ, 1905 ਨੂੰ ਕੀਤਾ ਗਿਆ, ਜਿਸਦੇ ਅਨੁਸਾਰ ਜ਼ਾਰ ਨੇ ਲੋਕਾਂ ਨੂੰ ਬੋਲਣ ਦੀ ਆਜ਼ਾਦੀ ਦਿੱਤੀ। ਇਸ ਤੋਂ ਛੁੱਟ ਉਸਨੇ ਵਾਇਦਾ ਕੀਤਾ ਕਿ ਲੋਕ ਡੂਮਾ (Duma) ਭਾਵ ਕੌਮੀ ਪਰਿਸ਼ਦ ਦਾ ਚੁਣਾਉ ਕਰਨਗੇ। ਇਹ ਚੁਣਾਉ ਖੁਲ੍ਹੇ ਅਤੇ ਸੁਤੰਤਰ ਹੋਣੇ ਸਨ। ਡੂਮਾ ਵਿਧਾਨਿਕ ਅਸੈਂਬਲੀ ਹੋਵੇਗੀ ਅਤੇ ਸੁਧਾਰਾਂ ਬਾਰੇ ਸਰਕਾਰ ਨੂੰ ਸਿਫਾਰਿਸ਼ਾਂ ਜਾਂ ਸੁਝਾਉ ਪੇਸ਼ ਕਰੇਗੀ।

**ਪਹਿਲਾ ਡੂਮਾ (Duma) ਜਾਂ ਕੌਮੀ ਵਿਧਾਨ ਸਭਾ (1905) :–** ਜਨ ਸਾਧਾਰਨ ਦੇ ਉਤਸ਼ਾਹ ਵਿੱਚ ਪਹਿਲੀ ਵਿਧਾਨ ਸਭ ਦਾ ਚੁਣਾਉ ਹੋਇਆ ਅਤੇ ਮਈ, 1906 ਈ. ਵਿੱਚ ਇਸਦੀ ਬੈਠਕ ਹੋਈ ਪਰ ਕੌਮੀ ਵਿਧਾਨ ਸਭਾ ਨੂੰ ਕੋਈ ਖਾਸ ਸਫਲਤਾ ਪ੍ਰਾਪਤ ਨਾ ਹੋਈ ਕਿਉਂਕਿ ਇਸ ਦੇ ਵੱਖ-ਵੱਖ ਗੁਟਾਂ ਵਿਚਕਾਰ ਝਗੜਾ ਸੀ। ਇਸ ਤੋਂ ਛੁੱਟ ਪਾਰਲੀਮੈਂਟ ਦਾ ਦੂਸਰਾ ਸਦਨ (Council of Empire) ਜੋ

ਸਰਕਾਰ ਨੇ ਸਥਾਪਿਤ ਕੀਤਾ ਸੀ, ਪਿਛਾਂਹਖਿੱਚੂ ਵਿਚਾਰਾਂ ਦਾ ਸੀ ਅਤੇ ਜ਼ਾਰ ਨੂੰ ਇਸ ਗੱਲ ਦਾ ਅਧਿਕਾਰ ਸੀ ਕਿ ਉਹ ਪਾਰਲੀਮੈਂਟ ਦੇ ਪਾਸ ਕੀਤੇ ਵਿਧਾਨ ਨੂੰ ਰੱਦ ਕਰ ਦੇਵੇ। ਅਸਲ ਵਿੱਚ ਡੂਮਾਂ ਦੇ ਅਧਿਕਾਰ ਬਹੁਤ ਘੱਟ ਸਨ ਅਤੇ ਜਦ ਇਸਨੇ ਸਰਕਾਰ ਦੇ ਪ੍ਰਬੰਧਕੀ ਪੱਖ ਆਪਣੇ ਅਧਿਕਾਰ ਹੇਠ ਲਿਆਉਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਤੋੜ ਦਿੱਤਾ ਗਿਆ। ਭਾਵੇਂ ਇਹ ਡੂਮਾ (ਵਿਧਾਨ ਸਭਾ) ਚੁਣਾਉ ਵਿੱਚ ਵੋਟ ਦੇਣ ਦਾ ਅਧਿਕਾਰ ਬਹੁਤ ਘਟ ਲੋਕਾਂ ਨੂੰ ਪ੍ਰਾਪਤ ਸੀ ਪਰ ਇਸਨੂੰ ਪੂਰਨ ਰੂਪ ਵਿੱਚ ਰੂਸੀ ਜਨਤਾ ਦੀ ਪ੍ਰਤੀਨਿਧਤਾ ਸਭਾ ਨਹੀਂ ਕਿਹਾ ਜਾ ਸਕਦਾ ਸੀ।

**ਦੂਜੀ ਡੂਮਾ (1907) :-** 1907 ਵਿੱਚ ਦੂਜੀ ਡੂਮਾ (ਕੌਮੀ ਵਿਧਾਨ ਸਭਾ) ਚੁਣੀ ਗਈ। ਪਰ 4 ਮਹੀਨਿਆਂ ਪਿਛੋਂ ਤੋੜ ਦਿੱਤੀ। ਇਸਦੇ ਚੁਣਾਉ ਦੇ ਸਮੇਂ ਜ਼ਾਰ ਦੀ ਸਰਕਾਰ ਨੇ ਹਰ ਸੰਭਵ ਯਤਨ ਕੀਤਾ ਸੀ ਕਿ ਕ੍ਰਾਂਤੀਕਾਰੀ ਅਤੇ ਸੁਤੰਤਰ ਵਿਚਾਰਾਂ ਵਾਲੇ ਪ੍ਰਤੀਨਿਧੀ ਨਾ ਚੁਣੇ ਜਾਣ। ਸਰਕਾਰ ਨੇ ਆਪਣੇ ਪ੍ਰਤੀਨਿਧੀਆਂ ਦੀ ਚੋਣ ਲਈ ਹਰ ਪ੍ਰਕਾਰ ਦੇ ਜਾਇਜ਼ ਤੇ ਨਜ਼ਾਇਜ਼ ਤਰੀਕਿਆਂ ਦਾ ਪ੍ਰਯੋਗ ਕੀਤਾ ਅਤੇ ਵਿਰੋਧੀ ਪਾਰਟੀਆਂ ਦੇ ਉਮੀਦਵਾਰਾਂ ਨੂੰ ਡਰਾਉਣ ਧਮਕਾਉਣ ਦੀ ਪੂਰੀ-ਪੂਰੀ ਕੋਸ਼ਿਸ਼ ਕੀਤੀ, ਪਰ ਇਹ ਹੁੰਦੇ ਹੋਏ ਵੀ ਸਰਕਾਰੀ ਉਦਮ ਅਸਫ਼ਲ ਰਹੇ ਅਤੇ ਵਿਰੋਧੀ ਪਾਰਟੀਆਂ ਨੇ ਇਸ ਵਿਧਾਨ ਸਭਾ ਵਿੱਚ ਬਹੁ-ਗਿਣਤੀ ਪ੍ਰਾਪਤ ਕਰ ਲਈ। ਇਹ ਵਿਧਾਨ ਸਭਾ ਚਾਹੁੰਦੀ ਸੀ ਕਿ ਉਹ ਰਾਜ ਦੇ ਪ੍ਰਬੰਧ ਅਤੇ ਵਜ਼ੀਰਾਂ ਨੂੰ ਆਪਣੇ ਹੇਠ ਲਿਆਵੇ। ਜ਼ਾਰ ਇਸ ਗੱਲ ਦੇ ਹੱਕ ਵਿੱਚ ਨਹੀਂ ਸੀ। ਇਸ ਲਈ ਇਹ ਵਿਧਾਨ ਸਭਾ ਤੋੜ ਦਿੱਤੀ ਗਈ।

**ਤੀਜੀ ਡੂਮਾ (ਵਿਧਾਨ ਸਭਾ ਨਵੰਬਰ, 1907) :-** ਤੀਸਰੀ ਡੂਮਾਂ ਜਾਂ ਕੌਮੀ ਵਿਧਾਨ ਸਭਾ ਦੀ ਚੋਣ ਸਮੇਂ ਜ਼ਾਰ ਦੀ ਸਰਕਾਰ ਨੂੰ ਇਸ ਗੱਲ ਦਾ ਯਕੀਨ ਸੀ ਕਿ ਉਹ ਵਫਾਦਾਰ ਵਿਧਾਨ ਸਭਾ ਉਸ ਸੂਰਤ ਵਿੱਚ ਚੁਣਵਾ ਸਕਦਾ ਸੀ ਜਦਕਿ ਬਹੁਤੇ ਮਜ਼ਦੂਰਾਂ ਤੇ ਕਾਰੀਗਰਾਂ ਨੂੰ ਵੋਟ ਦੇਣ ਦੇ ਹੱਕ ਤੋਂ ਵਾਂਝਿਆ ਕਰ ਦੇਵੇ। ਸਰਕਾਰ ਨੇ ਚੁਣਾਉ ਵਿੱਚ ਇੰਨਾ ਦਖ਼ਲ ਦਿੱਤਾ ਕਿ ਬਹੁਤ ਚੋਣ ਹਲਕਿਆਂ ਨੂੰ ਜਿਨ੍ਹਾਂ ਵਿਚੋਂ ਪਹਿਲਾਂ ਵਿਰੋਧੀ ਪਾਰਟੀਆਂ ਤੇ ਪ੍ਰਤੀਨਿਧੀਆਂ ਨੂੰ ਚੁਣਿਆ ਗਿਆ ਸੀ, ਪ੍ਰਤੀਨਿਧੀ ਚੁਣਨ ਦੇ ਹੱਕ ਤੋਂ ਵੰਚਿਤ ਕਰ ਦਿੱਤਾ। ਵੋਟ ਦਾ ਹੱਕ ਸਿਰਫ਼ ਵੱਡੇ-ਵੱਡੇ ਜ਼ਿਮੀਂਦਾਰਾਂ ਨੂੰ ਹੀ ਦਿੱਤਾ ਗਿਆ। ਸਰਕਾਰ ਦੇ ਇਸ ਦਖ਼ਲ ਦਾ ਇਹ ਸਿੱਟਾ ਹੋਇਆ ਕਿ ਤੀਸਰੀ ਡੂਮਾ ਸਰਕਾਰ ਦੀ ਵਫ਼ਾਦਾਰ ਰਹੀ ਤੇ ਉਸਦੀ ਹਾਂ ਵਿੱਚ ਹਾਂ ਮਿਲਾਉਂਦੀ ਰਹੀ। ਇਸ ਡੂਮਾਂ ਜਾਂ ਕੌਮੀ ਵਿਧਾਨ ਸਭਾ ਦਾ ਸਿਰਫ਼ ਇੱਕ ਕੰਮ ਵਰਣਨਯੋਗ ਹੈ ਕਿ ਇਸਨੇ ਕਾਸ਼ਤਕਾਰਾਂ ਨੂੰ ਭੂਮੀਪਤੀ ਕਰਾਰ ਦਿੱਤਾ। ਇਹ ਡੂਮਾ ਆਪਣਾ ਪੂਰਾ ਪੰਜ ਸਾਲਾਂ ਦਾ ਸਮੇਂ ਤਕ ਕਾਇਮ ਰਹੀ।

**ਚੌਥੀ ਡੂਮਾ (ਵਿਧਾਨ ਪਰਿਸ਼ਦ 1912) :-** ਚੌਥੀ ਡੂਮਾਂ ਜਾਂ ਵਿਧਾਨ ਪਰਿਸ਼ਦ ਦੀਆਂ ਚੋਣਾਂ 1912 ਵਿੱਚ ਹੋਈਆਂ। ਸਰਕਾਰ ਦੀ ਕੋਸ਼ਿਸ਼ ਅਤੇ ਦਖ਼ਲ ਅੰਦਾਜ਼ੀ ਦਾ ਇਹ ਸਿੱਟਾ ਹੋਇਆ ਕਿ ਇਸ ਵਿਧਾਨ ਸਭਾ ਵਿੱਚ ਰੂੜ੍ਹੀਵਾਦੀ (Conservative) ਅਤੇ ਪ੍ਰਤੀਕ੍ਰਿਆਵਾਦੀ (Reactionary) ਮੈਂਬਰ ਕਾਫ਼ੀ ਗਿਣਤੀ ਵਿੱਚ ਸਨ, ਪਰ 1916 ਵਿੱਚ ਬਹੁਤ ਸਾਰੇ ਸਰਕਾਰ ਦੇ ਹਮਾਇਤੀ ਜਿਹੜੇ ਅਕਤੂਬਰ (Octoberist) ਦੇ ਨਾਉ ਨਾਲ ਪੁਕਾਰੇ ਜਾਂਦੇ ਸਨ, ਅਗਾਂਹਵਧੂ (Progressive) ਮੈਂਬਰਾਂ ਨਾਲ ਮਿਲ ਗਏ ਅਤੇ ਇੱਕ ਅਗਾਂਹਵਧੂ ਗੁੱਟ ਬਣ ਗਿਆ, ਜਿਸਦਾ ਮੰਤਵ ਇਹ ਸੀ ਕਿ ਰੂਸ ਵਿੱਚ ਲੋਕਤੰਤਰ ਦਾ ਰਾਜ ਸਥਾਪਿਤ ਕੀਤਾ ਜਾਏ, ਜਿਹੜਾ ਕਿ ਪੱਛਮੀ ਦੇਸ਼ਾਂ ਦੇ ਲੋਕਤੰਤਰੀ ਵਿਚਾਰਾਂ ਤੇ ਆਧਾਰਿਤ ਹੋਵੇ। ਇਸਦੇ ਉਲਟ ਸਮਾਜਵਾਦੀ (Socialist) ਮੈਂਬਰਾਂ ਦਾ ਵਿਚਾਰ ਇਹ ਸੀ ਕਿ ਸ਼ਾਂਤੀਪੂਰਣ ਅਤੇ ਵਿਧਾਨਿਕ ਤਰੀਕਿਆਂ ਨਾਲ ਸਮਾਜਵਾਦ ਤਾਂ ਸਥਾਪਿਤ ਨਹੀਂ ਹੋ ਸਕਦਾ, ਇਸ ਲਈ ਉਹ ਕ੍ਰਾਂਤੀਕਾਰੀ ਲਹਿਰ ਦੇ ਹੱਕ ਵਿੱਚ ਸਨ, ਇਹ ਕ੍ਰਾਂਤੀ ਰੂਸ ਵਿੱਚ 1917 ਨੂੰ ਹੋਈ।

ਉਪਰ ਲਿਖਿਤ ਹਾਲਤਾਂ ਤੋਂ ਇਲਾਵਾ 1917 ਈ. ਦੀ ਰੂਸੀ ਕ੍ਰਾਂਤੀ ਲਈ ਹੇਠ ਲਿਖੇ ਹੋਰ ਕਾਰਣ ਵੀ ਜ਼ਿੰਮੇਵਾਰ ਸਨ :-

**ਆਪਣੇ ਸੁਪਨਿਆਂ ਨੂੰ ਸੱਚ ਕਰਨ ਦਾ ਭਰੋਸਾ :-** ਰਾਜ ਪ੍ਰਬੰਧਕ ਬੁਰਾਈਆਂ ਨੂੰ ਦੂਰ ਕਰਨ ਲਈ ਬੜੀ ਦੇਰ ਤੋਂ ਅੰਦੋਲਨ ਜਾਰੀ ਸਨ। ਕ੍ਰਾਂਤੀਕਾਰੀ ਤੇ ਵਿਧਾਨਿਕ ਤਰੀਕੇ ਭਾਵੇਂ ਰਾਜ ਪ੍ਰਬੰਧ ਨੂੰ ਸੁਧਾਰ ਨਾ

ਸਕੇ, ਪਰੰਤੂ ਰੂਸੀ ਦੇਸ਼ ਭਗਤਾਂ ਦੀਆਂ ਉਮੀਦਾਂ ਹਾਲੇ ਕਾਇਮ ਸਨ, ਉਨ੍ਹਾਂ ਨੂੰ ਪੂਰਣ ਭਰੋਸਾ ਸੀ ਕਿ ਇੱਕ ਦਿਨ ਉਨ੍ਹਾਂ ਦੇ ਸੁਪਨੇ ਜ਼ਰੂਰ ਕਿਉਂਕਿ ਰੂਸੀ ਜਨਤਾ ਦੀ ਗਿਣਤੀ ਵਧਦੀ ਗਈ, ਇਸ ਲਈ ਜ਼ਮੀਨ ਨੂੰ ਸਾਂਭਣ ਦੀ ਲਗਨ ਵੀ ਕਿਸਾਨਾਂ ਵਿੱਚ ਹਾਵੀ ਹੋ ਚੁੱਕੀ ਸੀ। ਉਹਨਾਂ ਜਗੀਰਾਂ ਨੂੰ ਆਪਣੇ ਕਬਜ਼ੇ ਵਿੱਚ ਕਰਨ ਦਾ ਫ਼ੈਸਲਾ ਕਰ ਲਿਆ ਸੀ।

**ਜ਼ਬਰਦਸਤੀ ਰੂਸੀ ਬਣਾਉਣ ਦੀ ਨੀਤੀ :–** ਜ਼ਾਰਸ਼ਾਹੀ ਹਕੂਮਤ ਦੀ ਜ਼ਬਰਦਸਤੀ ਰੂਸੀ ਬਣਾਉਣ ਦੀ ਨੀਤੀ ਤੇ ਯਹੂਦੀ, ਪੋਲੈਂਡ ਅਤੇ ਫਿਨਲੈਂਡ ਆਦਿ ਦੇ ਲੋਕ ਹੈ, ਜੋ ਰੂਸੀ ਨਹੀਂ ਸਨ ਰੂਸ ਸਰਕਾਰ ਦੇ ਵਿਰੁੱਧ ਦੂਜੀਆਂ ਪਾਰਟੀਆਂ ਨਾਲ ਰਲਾ ਦਿੱਤਾ ਸੀ। ਉਹਨਾਂ ਸਰਕਾਰ ਦੀ ਨੀਤੀ ਤੇ ਰਾਜ ਪ੍ਰਬੰਧ ਨੂੰ ਬਦਲਣ ਦਾ ਫੈਸਲਾ ਕਰ ਲਿਆ ਸੀ।

**ਇਨਕਲਾਬੀ ਭਾਵਨਾਵਾਂ :–** ਪੱਛਮੀ ਯੂਰਪ ਦੇ ਇਨਕਲਾਬੀ ਖਿਆਲ ਰੂਸੀ ਲੋਕਾਂ ਦੇ ਮਨਾਂ ਉਪਰ ਹਾਵੀ ਹੋ ਗਏ ਸਨ। ਉਹ ਪਿਛਾਂਹਖਿੱਚੂ ਜਾਰਾਸ਼ਾਹੀ ਹਕੂਮਤ ਨੂੰ ਖਤਮ ਕਰਕੇ ਪੱਛਮੀ ਯੂਰਪ ਦੀਆਂ ਲੀਹਾਂ ਤੇ ਰਾਜਨੀਤਿਕ ਸੁਧਾਰ ਚਾਹੁੰਦੇ ਹਨ। ਸ਼ਾਂਤਮਈ ਤਰੀਕਿਆਂ ਨਾਲ ਸੁਧਾਰ ਕਰਨ ਦੀ ਨਾਕਾਮਯਾਬੀ ਨੇ ਉਹਨਾਂ ਨੂੰ ਭਰੋਸਾ ਦਿਵਾ ਦਿੱਤਾਕਿ ਲੋੜੀਂਦੇ ਸੁਧਾਰ ਕਰਨ ਲਈ ਉਹਨਾਂ ਨੂੰ ਇਨਕਲਾਬੀ ਢੰਗ ਵਰਤਣੇ ਪੈਣਗੇ।

**ਜ਼ਾਰ ਦੀ ਹਕੂਮਤ ਦਾ ਸਥਾਈ ਨਾ ਹੋਣਾ :–** ਜ਼ਾਰ ਦੀ ਹਕੂਮਤ ਬਿਲਕੁਲ ਨਿਕੰਮੀ ਸੀ ਲੋਕਾਂ ਤੇ ਸਰਕਾਰੀ ਕਰਮਚਾਰੀਆਂ ਨੂੰ ਇਸ ਵਿੱਚ ਕੋਈ ਵਿਸ਼ਵਾਸ ਨਹੀਂ ਸੀ। ਮੰਤਰੀਆਂ ਨੂੰ ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਬਦਲਿਆ ਜਾਣ ਲੱਗਾ। ਮੰਤਰੀ ਕੌਂਸਿਲ ਦੇ ਪ੍ਰਧਾਨ ਨੂੰ ਚਾਰ ਵਾਰੀ ਬਦਲਿਆ ਗਿਆ, ਗ੍ਰਹਿ ਮੰਤਰੀ ਨੂੰ ਛੇ ਵਾਰੀ ਤੇ ਜੰਗੀ ਮੰਤਰੀ ਨੂੰ ਚਾਰ ਵਾਰੀ ਬਦਲਿਆ ਗਿਆ। ਸਰਕਾਰ ਚੰਗੀ ਤਰ੍ਹਾਂ ਰਾਜ ਪ੍ਰਬੰਧ ਚਲਾਉਣ ਤੇ ਲੜਾਈ ਦੀਆਂ ਲੋੜਾਂ ਪੂਰੀਆਂ ਕਰਨ ਵਿੱਚ ਅਸਫ਼ਲ ਰਹੀ।

## ਤਤਕਾਲੀ ਕਾਰਣ

**ਫੌਜ ਵਿੱਚ ਬਦਅਮਨੀ :–** 1917 ਈ. ਦੀਆਂ ਘਟਨਾਵਾਂ ਵਿੱਚ ਪਹਿਲੀ ਵਿਸ਼ਵ-ਜੰਗ ਤੋਂ ਤੰਗ ਆਏ ਲੋਕਾਂ ਨੇ ਬਹੁਤ ਹਿੱਸਾ ਪਾਇਆ। ਰੂਸੀ ਫੌਜ ਵਿਅਰਥ ਲੜਾਈ ਤੋਂ ਤੰਗ ਆ ਚੁੱਕੀ ਸੀ। 1916-17 ਈ. ਦੀ ਸਰਦੀ ਵਿੱਚ ਰੂਸੀ ਫੌਜ ਵਿੱਚ ਉਂਜ ਹੀ ਤਬਾਹੀ ਮਚੀ ਹੋਈ ਸੀ ਤੇ 1917 ਈ. ਦੀ ਮਾਰਚ-ਅਪਰੈਲ ਵਿੱਚ ਜਿਹੜੀ ਫੌਜ ਬਚੀ ਉਸਨੇ ਇਸ ਇਨਕਲਾਬ ਨੂੰ ਕਾਮਯਾਬ ਕਰਨ ਵਿੱਚ ਬਹੁਤ ਹਿੱਸਾ ਪਾਇਆ।

**ਜਨਤਾ ਵਿੱਚ ਰੋਸ ਅਤੇ ਬਦਅਮਨੀ :–** ਬੁਰੀ ਆਰਥਕ ਹਾਲਤ ਕਾਰਨ ਜਨਤਾ ਵਿੱਚ ਰੋਸ ਅਤੇ ਬਦਅਮਨੀ ਵਧਦੀ ਜਾ ਰਹੀ ਸੀ। ਖਾਣ ਦੀਆਂ ਕੀਮਤਾਂ ਦਿਨ ਦੁੱਗਣੀ ਤੇ ਰਾਤ ਚੋਗਣੀ ਤਰੱਕੀ ਕਰ ਰਹੀਆਂ ਸਨ। 1916-17 ਈ. ਦੀਆਂ ਸਰਦੀਆਂ ਵਿੱਚ ਕੋਲੇ ਦੀ ਬਹੁਤ ਘਾਟ ਹੋ ਗਈ, ਜਿਸ ਕਾਰਣ ਬਹੁਤ ਸਾਰੇ ਕਾਰਖਾਨੇ ਬੰਦ ਹੋ ਗਏ ਤੇ ਲੋਕ ਬੇਕਾਰ ਹੋ ਗਏ। ਜੰਗ ਦੇ ਬੋਝ ਕਾਰਣ ਆਵਾਜਾਈ ਦੇ ਵਸੀਲਿਆਂ ਤੋਂ ਵੀ ਭਾਰੀ ਸੰਕਟ ਬਣ ਗਿਆ। ਹਜ਼ਾਰਾਂ ਲੋਕਾਂ ਨੂੰ ਖੇਤੀ ਦੇ ਕੰਮ ਤੋਂ ਛੱਡਵਾਂ ਕੇ ਫੌਜ ਵਿੱਚ ਭਰਤੀ ਕਰ ਲਿਆ। ਜਿਸ ਕਾਰਣ ਅਨਾਜ ਦੀ ਪੈਦਾਵਾਰ ਵੀ ਘੱਟ ਗਈ।

## ਘਟਨਾਵਾਂ

ਮਾਰਚ 1917 ਈ. ਵਿੱਚ ਭੁੱਖੀ ਮਰਦੀ ਜਨਤਾ ਨੇ ਬਗਾਵਤ ਕਰ ਦਿੱਤੀ। ਕਾਰਖਾਨਿਆਂ ਵਿੱਚ ਹੜਤਾਲਾਂ ਹੋ ਗਈਆਂ, ਪੀਟਰੋਗਾਰਡ ਦੀ ਫੌਜ ਵਿੱਚ ਗਦਰ ਹੋ ਗਿਆ ਤੇ ਕੁਝ ਦਿਨਾਂ ਬਾਅਦ ਜ਼ਾਰ ਨੇ ਤਖਤ ਤਿਆਗ ਦਿੱਤਾ। ਆਰਜ਼ੀ ਸਰਕਾਰ ਨੇ ਸਾਰੀ ਤਾਕਤ ਆਪਣੇ ਹੱਥ ਵਿੱਚ ਲੈ ਲਈ, ਜਿਸ ਵਿੱਚ ਲਿਬਰਲ ਅਤੇ ਦੋ ਸੋਸ਼ਲਿਸਟ ਪਾਰਟੀਆਂ ਸਨ। ਬੋਲਸਵਿਕ ਇਸ ਵਿੱਚ ਨਾ ਰਲੇ ਕਿਉਂਕਿ ਉਹ ਇਨ੍ਹਾਂ ਪਾਰਟੀਆਂ ਦੇ ਸਰਕਾਰ ਬਣਾਉਣ ਦੇ ਢੰਗ ਨਾਲ ਸਹਿਮਤ ਨਹੀਂ ਸਨ। ਇਹ ਸਰਕਾਰ ਲੜਾਈ ਵਿੱਚ ਜਿੱਤ ਹਾਸਲ ਕਰਨ ਦੀ ਕੋਸ਼ਿਸ਼ ਕਰਨ ਲੱਗੀ, ਪਰੰਤੂ ਉਹ ਜਿੱਤ ਪ੍ਰਾਪਤ ਨਾ ਕਰ ਸਕੀ।

ਨਤੀਜੇ ਵਜੋਂ ਆਰਜ਼ੀ ਸਰਕਾਰ ਦੇਸ਼ ਦੇ ਲੋਕਾਂ ਦਾ ਵਿਸ਼ਵਾਸ ਪ੍ਰਾਪਤ ਨਾ ਕਰ ਸਕੀ। ਬੋਲਸ਼ਵਿਕਾਂ ਨੇ ਸੋਸ਼ਲਿਸਟ ਕ੍ਰਾਂਤੀ ਲਿਆਉਣ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ। ਉਹ ਚਾਹੁੰਦੇ ਸਨ ਕਿ ਦੇਸ਼ ਦੀ ਸ਼ਕਤੀ ਕਾਮਾ ਜਮਾਤ ਦੇ ਹੱਥਾਂ ਵਿੱਚ ਹੋਏ। ਇਸੇ ਕਰਕੇ ਪੀਟਰੋਗਰਾਡ ਵਿੱਚ ਕਾਮਿਆਂ ਤੇ ਸਿਪਾਹੀਆਂ ਦੇ ਮੁਜ਼ਾਹਰੇ ਕੀਤੇ, ਸਰਕਾਰ ਨੇ ਇਨ੍ਹਾਂ ਨੂੰ ਬਹੁਤ ਦਬਾਉਣ ਦੀ ਕੋਸ਼ਿਸ਼ ਕੀਤੀ। ਬਹੁਤ ਸਾਰੇ ਲੋਕ ਮਾਰੇ ਗਏ ਤੇ ਸਰਕਾਰ ਨੇ ਇੰਨ੍ਹਾਂ ਤੇ ਬਹੁਤ ਸਾਰੀਆਂ ਪਾਬੰਦੀਆਂ ਲਗਾ ਦਿੱਤੀਆਂ। ਆਰਜੀ ਸਰਕਾਰ ਦੇ ਕਮਾਂਡਰ-ਇਨ-ਚੀਫ, ਜਨਰਲ ਕੋਰਨੀਲੋਵ (Kornilov) ਨੇ ਫੋਜਾਂ ਦੇ ਵਿਦਰੋਹ ਨੂੰ ਕੁਚਲਣ ਦਾ ਹੁਕਮ ਦਿੱਤਾ, ਪਰ ਫੋਜਾਂ ਨੇ ਹੁਕਮ ਦੀ ਪਾਲਣਾ ਕਰਨ ਤੋਂ ਇਨਕਾਰ ਕਰ ਦਿੱਤਾ। ਹੁਣ ਬੋਲਸ਼ਵਿਕਾਂ ਦਾ ਪ੍ਰਭਾਵ ਹੋ ਗਿਆ।

ਬੋਲਸ਼ਵਿਕਾਂ ਨੇ ਲੈਨਿਨ ਦੀ ਅਗਵਾਈ ਹੇਠ ਜੋ ਸਵਿਟਜ਼ਰਲੈਂਡ ਤੇ ਪੀਟਰੋਗਰਾਡ ਪਹੁੰਚ ਚੁੱਕਿਆ ਸੀ, ਰੂਸੀ ਲੋਕਾਂ ਪਾਸ ਅਪੀਲ ਕੀਤੀ ਤੇ ਹੇਠ ਲਿਖਿਆ ਪ੍ਰੋਗਰਾਮ ਉਹਨਾਂ ਦੇ ਸਾਹਮਣੇ ਰੱਖਿਆ:-

1. ਜਲਦੀ ਜੰਗਬੰਦੀ ਤੇ ਸ਼ਾਂਤੀ ਐਲਾਨ।
2. ਫੱਟਾ ਫੱਟ ਬਿਨਾਂ ਕਿਸੇ ਨੁਕਸਾਨ ਪੂਰਤੀ ਤੇ ਜਗੀਰਾਂ ਦੀ ਜ਼ਬਤੀ।
3. ਕ੍ਰਿਤੀਆਂ ਦਾ ਕਾਰਖਾਨਿਆਂ ਤੇ ਕਬਜ਼ਾ ਤੇ ਅਧਿਕਾਰ।
4. ਉਪਜ ਤੇ ਵੰਡ ਤੇ ਲੋਕਾਂ ਦਾ ਅਧਿਕਾਰ।
5. ਕਿਸਾਨਾਂ ਤੇ ਕ੍ਰਿਤੀਆਂ ਦਾ ਸਰਕਾਰੀ ਅਹੁੱਦਿਆਂ ਤੇ ਨਿਯੁਕਤ ਕਰਨਾ।
6. ਅਮੀਰ ਜਮਾਤਾਂ ਦੀ ਕੰਮ ਕਾਜ ਤੋਂ ਬੇਦਖਲੀ।

ਹੁਣ ਬੋਲਸ਼ਵਿਕ ਦੀ ਗਿਣਤੀ ਤੇ ਤਾਕਤ ਦਿਨ ਦੂਣੀ ਤੇ ਰਾਤ ਚੌਗੁਣੀ ਤਰੱਕੀ ਕਰਨ ਲੱਗੀ। ਜਰਨੈਲ ਕੋਰਨੀਲੋਵ (Kornilov) ਨੇ ਸਤੰਬਰ, 1917 ਈ. ਵਿੱਚ ਹਕੂਮਤ ਸਥਾਪਿਤ ਕਰਨ ਦੀ ਕੋਸ਼ਿਸ਼ ਕੀਤੀ। ਬੋਲਸ਼ਵਿਕ ਨੇ ਕੋਰਨੀਲੋਵ ਦੀ ਬਗਾਵਤ ਨੂੰ ਖਤਮ ਕਰਕੇ ਰੂਸ ਦੀ ਕਾਰਜ ਸਾਧਕ ਕਮੇਟੀ ਪਹਿਲੀ ਵਾਰ ਆਪਣੇ ਹੱਥ ਵਿੱਚ ਲੈ ਲਈ। ਜ਼ਿਮੀਦਾਰਾਂ ਕੋਲੋਂ ਜ਼ਮੀਨਾਂ ਖੋਹ ਲਈਆਂ ਗਈਆਂ। ਬਹੁਤ ਸਾਰੇ ਕਿਸਾਨ ਬੋਲਸ਼ਵਿਕ ਝੰਡੇ ਥੱਲੇ ਇੱਕਠੇ ਹੋ ਗਏ। ਸ਼ਹਿਰਾਂ ਵਿੱਚ ਕਿਰਤੀ ਤੇ ਫੌਜੀ ਬੋਲਸ਼ਵਿਕਾਂ ਨਾਲ ਰੱਲਣ ਲੱਗੇ।

ਲੈਨਿਨ ਨੇ ਸੋਚਿਆ ਕਿ ਹੁਣ ਵਕਤ ਆ ਗਿਆ ਹੈ ਕਿ ਉਹਨਾਂ ਨੂੰ ਜਲਦੀ ਤੋਂ ਜਲਦੀ ਰਾਜ-ਭਾਗ ਆਪਣੇ ਹੱਥਾਂ ਵਿੱਚ ਲੈਣਾ ਚਾਹੀਦਾ ਹੈ। ਰੂਸੀਆਂ ਦੀ ਸਾਂਝੀ ਰੂਸੀ ਕਾਂਗਰਸ' ਚੁਣੀ ਗਈ (All Russian Congress of the Soviets of Workers and Soldiers)। ਇਸ ਵਿੱਚ ਬੋਲਸ਼ਵਿਕ ਜ਼ਿਆਦਾ ਗਿਣਤੀ ਵਿੱਚ ਸਨ। 6 ਨਵੰਬਰ, 1917 ਦੀ ਰਾਤ ਨੂੰ ਇਹਨਾਂ ਪੀਟਰੋਗਰਾਡ ਦੀਆਂ ਜਨਤਕ ਇਮਾਰਤਾਂ ਤੇ ਕਬਜ਼ਾ ਕਰ ਲਿਆ। ਰੂਸੀ ਬੈਂਕ, ਰੇਲਵੇ ਸਟੇਸ਼ਨ, ਤਾਰ ਘਰ, ਟੈਲੀਫੋਨ ਘਰ, ਪੁਲ, ਸੜ੍ਹਕਾਂ, ਬਿਜਲੀ ਘਰ ਆਦਿ ਸਭ ਇਹਨਾਂ ਦੇ ਕਬਜ਼ੇ ਵਿੱਚ ਆ ਗਏ। 17 ਨਵੰਬਰ, 1917 ਈ. ਦੀ ਸਵੇਰੇ ਨੂੰ ਕਾਂਗਰਸ ਨੇ ਐਲਾਨ ਕੀਤਾ ਕਿ ਆਰਜੀ ਸਰਕਾਰ ਦੇ ਸਾਰੇ ਮੈਂਬਰ ਸਿਵਾਏ ਕੇਰੇਂਸਕੀ (Kernsky) ਤੋਂ ਰੱਦ ਕਰ ਦਿੱਤੇ ਗਏ। ਇਸ ਤੋਂ ਬਾਅਦ ਕਾਂਗਰਸ ਨੇ ਇੱਕ ਹੋਰ ਐਲਾਨ ਕੀਤਾ ਜਿਸ ਅਨੁਸਾਰ ਰਾਜ ਕਾਜ ਆਪਣੇ ਹੱਥਾਂ ਵਿੱਚ ਲੈ ਲਿਆ ਤੇ ਸੋਵੀਅਤ ਸਰਕਾਰ ਦੀ ਪ੍ਰਧਾਨਗੀ ਲੈਨਿਨ ਨੂੰ ਦੇ ਦਿੱਤੀ ਤੇ ਬਿਦੇਸ਼ੀ ਮਹਿਕਮਾ ਟਰੋਸਟਕੀ (Trostiky) ਅਧੀਨ ਕਰ ਦਿੱਤਾ।

**ਵਿਧਾਨ :-** 1918 ਈ. ਵਿੱਚ ਕਮਿਊਨਿਸਟਾਂ ਨੇ ਰੂਸ ਵਿੱਚ ਇੱਕ ਸੰਵਿਧਾਨ ਲਾਗੂ ਕੀਤਾ, ਜਿਸਨੇ ਰਸ਼ੀਅਨ ਸੋਸ਼ਲਿਸਟ ਫੈਡਰੇਟਿਡ ਸੋਵੀਅਤ ਰੀਪਬਲਿਕਸ ਦੀ ਸਥਾਪਨਾ ਕੀਤੀ। 1922 ਈ. ਵਿੱਚ ਯੂਨੀਅਨ ਆਫ ਸੋਸ਼ਲਿਸਟ ਰੀਪਬਲਿਕਸ ਦੀ ਸਥਾਪਨਾ ਹੋਈ। 1824 ਈ. ਨਵਾਂ ਸੰਵਿਧਾਨ ਲਾਗੂ ਹੋਇਆ, ਜਿਸ ਵਿੱਚ 1936 ਈ. ਵਿੱਚ ਪਰਿਵਰਤਨ ਲਿਆਂਦੇ ਗਏ। ਇਸ ਨੂੰ ਸਟਾਲਿਨ ਸੰਵਿਧਾਨ ਕਹਿੰਦੇ ਹਨ। ਰੂਸ ਦੇ ਸੰਵਿਧਾਨ ਨੇ ਸਰਕਾਰ ਦੀ ਸੰਘ ਪ੍ਰਣਾਲੀ ਦੀ ਸਥਾਪਨਾ ਕੀਤੀ।

## ਨਤੀਜੇ (Results)

1. ਰੂਸ ਵਿੱਚ ਤਾਨਾਸ਼ਾਹੀ ਰਾਜ ਦਾ ਖਾਤਮਾ ਹੋ ਗਿਆ। ਜ਼ਾਰ ਨਿਕੋਲਸ ਦੂਜੇ ਤੇ ਉਸਦੇ ਟੱਬਰ ਦੇ ਸਾਰੇ ਮੈਂਬਰ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਦੇਸ਼ ਦੀ ਵਾਗਡੋਰ ਲੋਕਾਂ ਦੇ ਹੱਥਾਂ ਵਿੱਚ ਆ ਗਈ।
2. ਲੈਨਿਨ ਦੀ ਅਗਵਾਈ ਹੇਠ ਯੂਨੀਅਨ ਆਫ਼ ਸੋਵੀਅਤ ਸੋਸ਼ਲਿਸਟ ਰੀਪਬਲਿਕਸ (U.S.S.R.) ਕਾਇਮ ਕੀਤੀ ਗਈ। ਕਾਰਲ ਮਾਰਕਸ ਦੇ ਸਿਧਾਂਤਾਂ ਅਨੁਸਾਰ ਨਵਾਂ ਵਿਧਾਨ ਬਣਾਇਆ ਗਿਆ।
3. ਵੱਡੇ-ਵੱਡੇ ਪੂੰਜੀਪਤੀਆਂ ਦਾ ਖਾਤਮਾ ਕਰ ਦਿੱਤਾ ਗਿਆ। ਜ਼ਮੀਨ, ਖਾਣਾਂ, ਫੈਕਟਰੀਆਂ ਤੇ ਹੋਰ ਸਾਰੇ ਸਾਧਨਾਂ ਨੂੰ ਕੌਮੀ ਸੰਪਤੀ ਸਮਝਿਆ ਜਾਣ ਲੱਗਾ।
4. ਦੇਸ਼ ਦੇ ਸਮਾਜਿਕ ਤੇ ਆਰਥਿਕ ਢਾਂਚੇ ਨੂੰ ਕ੍ਰਾਂਤੀ ਨੇ ਬਦਲ ਕੇ ਰੱਖ ਦਿੱਤਾ। ਸਮਾਜਵਾਦ ਦਾ ਹੌਲੀ-ਹੌਲੀ ਗਵਾਂਢੀ ਦੇਸ਼ਾਂ ਤੇ ਪ੍ਰਭਾਵ ਪੈਣ ਲੱਗਾ।
5. ਯੁੱਧ ਤੋਂ ਛੁਟਕਾਰਾਂ ਪਾਉਣ ਲਈ ਬੋਲਸ਼ਵਿਕ ਸਰਕਾਰ ਅਤੇ ਜਰਮਨੀ ਨੇ 15 ਦਸੰਬਰ ਨੂੰ ਇੱਕ ਸਮਝੋਤਾ ਕਰ ਲਿਆ। ਇਸ ਤੋਂ ਬਾਅਦ ਮਾਰਚ, 1918 ਈ. ਵਿੱਚ ਬੋਲਸ਼ਵਿਕ ਸਰਕਾਰ ਨੇ ਜਰਮਨੀ ਦੁਆਰਾ ਨਿਰਧਾਰਿਤ ਸ਼ਾਂਤੀ ਦੀਆਂ ਸ਼ਰਤਾਂ ਨੂੰ ਮੰਨਦੇ ਹੋਏ। ਬਰੈਸਤ-ਲਿਟੋਵਸਕ ਦੀ ਸੰਧੀ ਤੇ ਹਸਤਾਖਰ ਕਰ ਦਿੱਤੇ।
6. ਰੂਸੀ ਕ੍ਰਾਂਤੀ ਪਿਛੋਂ ਹੋਲੀ-ਹੋਲੀ ਯੂਰਪ ਅਤੇ ਸੰਸਾਰ ਦੇ ਦੂਜੇ ਦੇਸ਼ਾਂ ਵਿੱਚ ਸਾਮਵਾਦੀ ਸਿਧਾਂਤਾ ਦਾ ਪ੍ਰਚਾਰ ਹੋਣ ਲੱਗਾ। ਇਸ ਕ੍ਰਾਂਤੀ ਤੋਂ ਉਤਸ਼ਾਹ ਪ੍ਰਾਪਤ ਕਰਦੇ ਹੋਏ ਪੋਲੈਂਡ, ਜਰਮਨੀ, ਚੈਕੋਸਲਾਵੀਆ, ਬਲਗਾਰੀਆ ਆਦਿ ਯੂਰਪੀ ਦੇਸ਼ਾਂ ਨੇ ਇਸ ਸ਼ਾਸਨ ਪ੍ਰਣਾਲੀ ਨੂੰ ਅਪਣਾ ਲਿਆ।
7. ਰੂਸੀ ਕ੍ਰਾਂਤੀ ਨੇ ਵਿਸ਼ਵ ਦੇ ਇਤਿਹਾਸ ਉੱਤੇ ਵੀ ਬਹੁਤ ਪ੍ਰਭਾਵ ਪਾਇਆ। ਇਸ ਤੋਂ ਬਾਅਦ ਵਿਸ਼ਵ ਦੋ ਗੁੱਟਾਂ ਵਿੱਚ ਵੰਡਿਆ ਗਿਆ। ਇੱਕ ਨੇਤਾ ਰੂਸ ਅਤੇ ਦੂਜੇ ਗੁੱਟ ਦਾ ਨੇਤਾ ਅਮਰੀਕਾ ਬਣਿਆ। ਇਸ ਤਰ੍ਹਾਂ ਵਿਸ਼ਵ ਸਾਮਵਾਦੀ ਅਤੇ ਪੂੰਜੀਵਾਦੀ ਗੁੱਟਾਂ ਵਿੱਚ ਵੰਡਿਆ ਗਿਆ।

## ਹੋਰ ਪੜ੍ਹਨ ਲਈ ਪੁਸਤਕਾਂ ਦੇ ਸੰਬੰਧਿਤ ਪੰਨੇ


| | | | |
|---|---|---|---|
| 1. | ਅਰੋੜਾ, ਏ.ਸੀ. | : | ਵਿਸ਼ਵ ਦਾ ਇਤਿਹਾਸ (1500–1950) |
| 2. | Fisher, H.A.L. | : | History of Europe, Vol. II. pp. 803, 1032-33 1132-33, 1163, 1180, 1205, 1209-10, 1216, 1233, 1241. |
| 3. | Thomson, David. | : | Europe since, Napoleon pp. 204-263, 04-12, 375, 527, 529. |
| 4. | Ketelbey, C.D.M. | : | A History of Modern Times from 1799, pp. 392, 393, 395 430-42 455, 456-61, 564 |


## KEY WORDS

1. **ਨਾਹੀਲਿਜ਼ਮ (Nihillism) :–** ਅਲੈਗਜ਼ੈਂਡਰ ਦੂਜੇ ਦੇ ਰਾਜਕਾਲ ਵਿੱਚ ਰੂਸ ਵਿੱਚ ਕ੍ਰਾਂਤੀਕਾਰੀ ਅੰਦੋਲਨ ਦਾ ਉੱਥਾਨ ਹੋਇਆ ਜਿਸ ਨੂੰ ਨਾਹੀਲਿਜ਼ਮ ਕਿਹਾ ਜਾਂਦਾ ਹੈ। ਇਸ ਅੰਦੋਲਨ ਦੇ ਨੇਤਾ ਕ੍ਰਾਂਤੀਕਾਰੀ ਵਿਚਾਰਾਂ ਦੇ ਸਨ।

**2. ਰੂਸੀਕਰਣ (Russification) :–** ਇਸ ਨੀਤੀ ਉੱਤੇ ਚਲਦੇ ਹੋਏ ਅਲੈਗਜ਼ੈਂਡਰ ਤੀਜੇ ਨੇ ਗੈਰ-ਰੂਸੀ ਲੋਕਾਂ ਉੱਤੇ ਰੂਸੀ ਭਾਸ਼ਾ, ਰੂਸੀ ਧਰਮ ਅਤੇ ਰੂਸੀ ਸਭਿਅਤਾ ਥੋਪਣ ਦੇ ਯਤਨ ਕੀਤੇ।

**3. ਮੇਨਸ਼ਵਿਕ (Mensheviks) :–** ਮੇਨਸ਼ਵਿਕ ਸਮਾਜਵਾਦੀ ਲੋਕਤੰਤਰੀ ਦਲ ਦੀ ਇੱਕ ਘੱਟ ਗਿਣਤੀ ਦੇ ਮੈਂਬਰਾਂ ਦੀ ਸ਼ਾਖਾ ਸੀ ਕਿ ਰੂਸ ਵਿੱਚ ਹੋਲੀ-ਹੋਲੀ ਸੰਵਿਧਾਨਕ ਸਾਧਨਾਂ ਰਾਹੀਂ ਸਮਾਜਵਾਦ ਲਿਆਉਣਾ ਚਾਹੁੰਦੀ ਸੀ। ਇਸਦਾ ਪ੍ਰਸਿੱਧ ਨੇਤਾ ਕੇਰੇਂਸਕੀ ਸੀ।

**4. ਬੋਲਸ਼ੇਵਿਕ (Bolsheviks) :–** ਇਹ ਸਮਾਜਵਾਦੀ ਲੋਕਤੰਤਰੀ ਦਲ ਦੀ ਵੱਧ ਗਿਣਤੀ ਦੇ ਮੈਂਬਰਾਂ ਦੀ ਸ਼ਾਖਾ ਸੀ ਜਿਸਦਾ ਪ੍ਰਮੁੱਖ ਨੇਤਾ ਲੈਨਿਨ ਸੀ। ਇਹ ਸ਼ਾਖਾ ਕ੍ਰਾਂਤੀਕਾਰੀ ਢੰਗ ਨਾਲ ਰੂਸ ਵਿੱਚ ਸਮਾਜਵਾਦ ਲਿਆਉਣ ਦੇ ਪੱਖ ਵਿੱਚ ਸੀ।

**5. ਰੈਡ ਆਰਮੀ (Red Army) :–** ਟ੍ਰਾਟਸਕੀ ਨੇ ਵਿਦੇਸ਼ੀ ਸੈਨਾਵਾਂ ਦਾ ਮੁਕਾਬਲਾ ਕਰਨ ਲਈ ਚਾਰ ਲੱਖ ਦੀ ਵਿਸ਼ਾਲ ਤੇ ਸੰਗਠਿਤ ਸੈਨਾ ਦਾ ਨਿਰਮਾਣ ਕੀਤਾ ਜਿਸਨੂੰ ਰੈਡ ਆਰਮੀ ਕਿਹਾ ਜਾਂਦਾ ਸੀ।

## ਆਪਣੇ ਗਿਆਨ ਨੂੰ ਪਰਖੋ

1. 1917 ਈ. ਦੀ ਰੂਸੀ ਕ੍ਰਾਂਤੀ ਦੇ ਸਮੇਂ ਰੂਸੀ ਵਿੱਚ ਕਿਹੜਾ ਸ਼ਾਸਕ ਰਾਜ ਕਰਦਾ ਸੀ?
2. ਰਾਜਪੁਟਿਨ (Rasputin) ਕੌਣ ਸੀ?
3. ਪ੍ਰਤੀਕ੍ਰਿਆਵਾਦ, ਦਮਨ ਅਤੇ ਰੂਸੀਕਰਣ ਦੀ ਨੀਤੀ ਕਿਸ ਰੂਸੀ ਸ਼ਾਸਕ ਨਾਲ ਸੰਬੰਧਿਤ ਹੈ?
4. ਰੂਸ ਦੇ ਇਤਿਹਾਸ ਵਿੱਚ ਖੂਨੀ ਐਤਵਾਰ ਕਿਹੜੇ ਦਿਨ ਨੂੰ ਕਿਹਾ ਜਾਂਦਾ ਹੈ?
5. ਰੂਸੀ ਵਿੱਚ ਬੈਲਸ਼ੇਵਿਕ ਦਲ ਦੀ ਕ੍ਰਾਂਤੀਕਾਰੀ ਸਰਕਾਰ ਦੀ ਸਥਾਪਨਾ ਕਦੋਂ ਹੋਈ?
6. ਲੈਨਿਨ ਰਾਹੀਂ ਅਪਣਾਈ ਗਈ ਨਵੀ ਆਰਥਿਕ ਨੀਤੀ (New Economic Policy) ਦੀਆਂ ਮੁੱਖ ਵਿਸ਼ੇਸ਼ਤਾਵਾਂ ਦੱਸੋ।
7. ਰੂਸੀ ਕ੍ਰਾਂਤੀ ਦੇ ਪ੍ਰਭਾਵ ਹੇਠ ਸਾਮਵਾਦੀ ਸ਼ਾਸ਼ਨ-ਪ੍ਰਣਾਲੀ ਅਪਨਾਉਣ ਵਾਲੇ ਯੂਰਪ ਦੇ ਚਾਰ ਦੇਸ਼ਾਂ ਦੇ ਨਾਂ ਦੱਸੋ।

## ਤੁਹਾਡੇ ਅਭਿਆਸ ਲਈ ਪ੍ਰਸ਼ਨ

1. 1917 ਈ. ਦੀ ਰੂਸੀ ਕ੍ਰਾਂਤੀ ਲਈ ਜ਼ਿੰਮੇਵਾਰ ਪਰਿਸਥਿਤੀਆਂ ਦਾ ਵਰਣਨ ਕਰੋ।
2. ਆਧੁਨਿਕ ਵਿਸ਼ਵ ਦੇ ਇਤਿਹਾਸ ਵਿੱਚ 1917 ਈ. ਦੀ ਰੂਸੀ ਕ੍ਰਾਂਤੀ ਦੀ ਮਹੱਤਤਾ ਦੱਸੋ।
3. 1917 ਈ. ਦੀ ਬੋਲਸ਼ੇਵਿਕ ਕ੍ਰਾਂਤੀ ਦਾ ਵਰਣਨ ਕਰੋ। ਇਸਦੀ ਸਫ਼ਲਤਾ ਦੇ ਕੀ ਕਾਰਣ ਸਨ।
4. ਹੇਠ ਲਿਖਿਆਂ ਉੱਤੇ ਸੰਖੇਪ ਨੋਟ ਲਿਖੋ।
   (ੳ) 1905 ਦੀ ਰੂਸੀ ਕ੍ਰਾਂਤੀ
   (ਅ) ਲੈਨਿਨ
   (ੲ) ਨਾਹੀਲਿਜ਼ਮ

**ਪਾਠ ਨੰਬਰ : 2.3**

# ਪਹਿਲੇ ਸੰਸਾਰ ਯੁੱਧ ਦੇ ਕਾਰਨ

## (Causes of the First World War, 1914-1918)

### ਉਦੇਸ਼

ਇਸ ਪ੍ਰਸ਼ਨ ਨੂੰ ਪੜ੍ਹਨ ਉਪਰੰਤ ਤੁਹਾਨੂੰ ਇਸ ਤਰ੍ਹਾਂ ਦੀ ਜਾਣਕਾਰੀ ਮਿਲੇਗੀ।

* ਪਹਿਲੇ ਵਿਸ਼ਵ ਯੁੱਧ ਦੇ ਵੱਖ-ਵੱਖ ਕਾਰਣ
* ਮੌਲਿਕ ਕਾਰਣ
    1. ਗੁਪਤ ਸੰਧੀਆਂ ਦੀ ਪ੍ਰਣਾਲੀ
    2. ਖੇਤਰੀ ਝਗੜੇ
    3. ਆਰਥਿਕ ਸਾਮਰਾਜਵਾਦ
    4. ਰਾਸ਼ਟਰਵਾਦ ਦਾ ਉਥਾਨ
    5. ਪ੍ਰੈਸ ਦਾ ਯੋਗਦਾਨ
* ਅੰਤਰ-ਰਾਸ਼ਟਰੀ ਅਰਾਜਕਤਾ
* ਤਤਕਾਲੀ ਕਾਰਣ
* ਯੁੱਧ ਦੀਆਂ ਘਟਨਾਵਾਂ

### ਭੂਮਿਕਾ

ਪਹਿਲੇ ਸੰਸਾਰ ਯੁੱਧ ਵਿਚ ਹੇਠ ਲਿਖੇ ਦੋ ਧੜੇ ਇਕ ਦੂਜੇ ਦੇ ਵਿਰੁੱਧ ਲੜੇ :

(ੳ) ਮੱਧ ਸ਼ਕਤੀਆਂ (Central Powers) ਆਸਟ੍ਰੀਆ, ਜਰਮਨੀ, ਤੁਰਕੀ ਅਤੇ ਬੁਲਗਾਰੀਆ

(ਅ) ਮਿੱਤਰ ਸ਼ਕਤੀਆਂ (Allies) ਫ੍ਰਾਂਸ, ਰੂਸ, ਇੰਗਲੈਂਡ, ਸਰਬੀਆ, ਬੈਲਜੀਅਮ, ਜਪਾਨ, ਇਟਲੀ ਅਤੇ ਅਮਰੀਕਾ।

ਇਹ ਯੁੱਧ ਦੇ ਹੇਠ ਲਿਖੇ ਮਹੱਤਵਪੂਰਣ ਕਾਰਣ ਸਨ।

### ਕਾਰਨ

**ਆਧੁਨਿਕ ਸਭਿਅਤਾ ਦੀ ਅਸਫਲਤਾ Failure of the Modern Civilization to Substitute Right for Might)** : ਆਧੁਨਿਕ ਇਤਿਹਾਸ ਬਹੁਤ ਗੱਲਾਂ ਵਿਚ ਉੱਨਤੀ ਦੀ ਕਹਾਣੀ ਹੈ। ਯੂਰਪ ਦੇ ਲੋਕ ਮਸ਼ੀਨਾ ਦੀ ਕਾਢ, ਲੋਕਰਾਜ ਦੀ ਪ੍ਰਾਪਤੀ ਅਤੇ ਦੂਜੇ ਮਹਾਂਦੀਪਾਂ ਤੇ ਕਬਜਾ ਕਰਨ ਵਿਚ ਚੰਗੇ ਸਫਲ ਰਹੇ। ਪਰ ਅੰਤਰਰਾਸ਼ਟਰੀ ਸੰਸਥਾ ਵਿਚ ਯੂਰਪ ਦੇ ਲੋਕ ਯੁੱਧ ਦੀ ਸ਼ਾਂਤੀ ਨੂੰ ਦੇਣ ਵਿਚ ਬੁਰੀ ਤਰ੍ਹਾਂ ਅਸਫਲ ਰਹੇ। ਬਾਲਕਨ ਤੇ ਉੱਤਰੀ ਅਫਰੀਕਾ ਦੇ ਝਗੜਿਆਂ ਨੇ ਭਾਵੇਂ ਕਿਤਨੀਆਂ ਹੀ ਕਠਿਨਾਈਆਂ ਪੈਦਾ ਕਰ ਦਿੱਤੀਆਂ ਹਨ, ਪਰ ਇਹ ਬੜੇ ਦੁਖ ਅਤੇ ਸ਼ਰਮ ਦੀ ਗੱਲ ਹੈ ਕਿ ਸਭ ਲੋਕ ਭਿਆਨਕ ਯੁੱਧ ਵਿਚ ਕੁਦ ਪਏ। ਹੇਜ ਅਤੇ ਮੂਨ (Hayes and Moon) ਦੇ ਅਨੁਸਾਰ ਯੂਰਪ ਦੇ ਸੱਭਯ ਲੋਕਾਂ ਨੇ ਆਪਣੇ ਝਗੜੇ ਨਜਿੱਠਣ ਲਈ ਇਕ ਦੂਜੇ ਨੂੰ ਮਾਰਨ ਦੇ ਤਰੀਕੇ ਨੂੰ ਅਪਣਾਇਆ।

**ਯੁੱਧ ਹੋਰ ਖਤਰਨਾਕ ਬਣਾ ਦਿੱਤਾ ਗਿਆ (War made more terrible) :** ਸਭਿਅਤਾ ਦੀ ਉੱਨਤੀ ਨੇ ਯੁੱਧ ਸਮਾਪਤ ਕਰਨ ਦੀ ਥਾਂ ਯੁੱਧਾਂ ਨੂੰ ਹੋਰ ਭਿਆਨਕ ਰੂਪ ਦੇ ਦਿੱਤਾ। ਵਿਗਿਆਨੀਆਂ ਅਤੇ ਖੋਜੀਆਂ ਨੇ ਹੋਰ ਜਹਿਰੀਲੇ ਹਥਿਆਰਾਂ ਦੀ ਕਾਢ ਕੱਢੀ। ਛੋਟੀਆਂ ਫੌਜੀ ਟੁਕੜੀਆਂ ਦੀ ਥਾਂ ਵੱਡੀਆਂ ਟ੍ਰੇਂਡ ਫੌਜਾਂ ਨੇ ਲੈ ਲਈ। ਨਤੀਜਾ ਇਹ ਨਿਕਲਿਆ ਕਿ ਪ੍ਰਾਚੀਨ ਪਛੜੇ ਹੋਏ ਦੇਸ਼ਾਂ ਦੇ ਯੁਧਾਂ ਵਿਚ ਮਰੇ ਸੈਨਿਕਾਂ ਨਾਲੋਂ ਆਧੁਨਿਕ ਯੂਰਪ ਦੇ ਯੁੱਧਾਂ ਵਿਚ ਬਹੁਤ ਜ਼ਿਆਦਾ ਸਿਪਾਹੀ ਮਾਰੇ ਗਏ। ਅਨੁਮਾਨ ਹੈ ਕਿ 1890 ਤੋਂ 1914 ਵਿਚ ਹੋਈਆਂ ਲੜਾਈਆਂ ਵਿਚ ਸਾਢੇ ਸੱਤ ਲੱਖ ਸਿਪਾਹੀ ਮਾਰੇ ਗਏ। ਹਰੇਕ ਯੂਰਪੀ ਦੇਸ਼ ਇਹ ਮਹਿਸੂਸ ਕਰਦਾ ਸੀ ਕਿ ਉਸ ਦੀਆਂ ਫੌਜਾਂ ਅਤੇ ਹਥਿਆਰ ਦੂਜਿਆਂ ਨਾਲੋਂ ਬਹੁਤ ਚੰਗੇ ਹਨ।

**ਅੰਤਰ-ਰਾਸ਼ਟਰੀ ਅਰਾਜਕਤਾ (International Anarchy)** : ਪਹਿਲੇ ਵਿਸ਼ਵ ਯੁੱਧ ਦੇ ਕਾਰਣਾਂ ਵਿਚੋਂ ਵੱਡਾ ਕਾਰਣ ਅੰਤਰ-ਰਾਸ਼ਟਰੀ ਅਰਾਜਕਤਾ ਕਿਹਾ ਜਾ ਸਕਦਾ ਹੈ। ਅਰਾਜਕਤਾ ਤੋਂ ਭਾਵ ਉਸ ਸਥਿਤੀ ਤੋਂ ਹੈ ਜਿਸ ਵੇਲੇ ਕੋਈ ਸਰਕਾਰ ਕਾਨੂੰਨ ਲਾਗੂ ਕਰਨ ਵਿਚ ਅਸਮਰਥ ਹੋਏ। ਉਸ ਵੇਲੇ ਕੋਈ ਅਜਿਹੀ ਅੰਤਰ-ਰਾਸ਼ਟਰੀ ਸੰਸਥਾ ਨਹੀਂ ਸੀ, ਜਿਹੜੀ ਸਭ ਰਾਸ਼ਟਰਾਂ ਨੂੰ ਕਾਨੂੰਨ ਮੰਨਣ ਲਈ ਜ਼ੋਰ ਨਾਲ ਕਹਿ ਸਕਦੀ ਜਾਂ ਨਵਾਂ ਕਾਨੂੰਨ ਬਣਾ ਸਕਦੀ।

**ਅੰਤਰ-ਰਾਸ਼ਟਰੀ ਅਰਾਜਕਤਾ ਤੋਂ ਮੁਕਤੀ ਪ੍ਰਾਪਤ ਕਰਨ ਦੀ ਕੋਸ਼ਿਸ਼ (Unsuccessful attempts to get rid of International Anarchy)** : ਪਹਿਲੇ ਸੰਸਾਰ ਯੁੱਧ ਦੇ ਆਰੰਭ ਤੋਂ ਪਹਿਲਾਂ ਅਰਾਜਕਤਾ ਦੀ ਥਾਂ ਕਾਨੂੰਨ ਅਤੇ ਸ਼ਾਂਤੀ ਕਾਇਮ ਕਰਨ ਲਈ ਉਪਾਅ ਕੀਤੇ ਗਏ, ਜਿਵੇਂ ਮੱਧ ਕਾਲੀਨ ਯੁੱਧ ਵਿਚ ਕੈਥੋਲਿਕ ਚਰਚ ਨੇ ਯੁੱਧ ਰੋਕਣ ਦੇ ਕਈ ਯਤਨ ਕੀਤੇ। ਪੋਪ ਨੇ ਕਈ ਥਾਵਾਂ ਤੇ ਬਾਦਸ਼ਾਹਾਂ ਵਿਚਕਾਰ ਸਾਲਿਸ ਬਣਕੇ ਝਗੜੇ ਖਤਮ ਕੀਤੇ। 1815 ਵਿਚ ਰੂਸ ਦੇ ਜਾਰ ਅਲੈਗਜ਼ੈਂਡਰ ਨੇ ਵਿਸ਼ਵ ਸ਼ਾਂਤੀ ਲਈ ਪਵਿੱਤਰ ਸੰਘ (Holy Alliance) ਅਤੇ ਮੈਟਰਨਿਖ ਨੇ ਮਹਾਨ ਸ਼ਕਤੀਆਂ ਦੀ ਸਭਾ ਬਣਾਈ ਪ੍ਰੰਤੂ ਇਹ ਸਭ ਅਸਫਲ ਰਹੇ। ਮੈਟਰਨਿਖ ਦੇ ਪਤਨ (1848) ਤੋਂ ਬਾਅਦ ਵੀ ਅੰਤਰਰਾਸ਼ਟਰੀ ਝਗੜੇ ਖਤਮ ਕਰਨ ਲਈ 1856 ਵਿਚ ਪੈਰਿਸ ਵਿਖੇ, 1878 ਵਿਚ ਬਰਲਿਨ ਅਤੇ 1913 ਵਿਚ ਲੰਡਨ ਵਿਚ ਸਭਾ ਬੁਲਾਈ ਗਈ। 1900 ਵਿਚ ਚੀਨ ਦੇ ਬਾਕਸਰ ਵਿਦਰੋਹ ਨੂੰ ਦਬਾਉਣ ਲਈ ਵੱਡੀਆਂ ਸ਼ਕਤੀਆਂ ਨੇ ਮਿਲ ਕੇ ਚਲਣ ਦਾ ਫੈਸਲਾ ਕੀਤਾ, ਪਰ ਇਹ ਸਾਰੀਆਂ ਸਭਾਵਾਂ ਆਪਣੇ ਟੀਚਿਆਂ ਦੀ ਪ੍ਰਾਪਤੀ ਵਿਚ ਅਸਫਲ ਰਹੀਆਂ। ਇਸ ਉਪਰੰਤ ਉਨ੍ਹੀਵੀਂ ਸਦੀ ਦੇ ਅੰਤ ਵਿਚ (1899) ਰੂਸ ਦੇ ਜਾਰ ਅਲੈਗਜੈਂਡਰ ਦੂਜੇ ਨੇ ਹੇਗ ਵਿਖੇ ਯੂਰਪ ਏਸ਼ੀਆ ਅਤੇ ਉੱਤਰੀ ਅਮਰੀਕਾ ਦੇ ਸੁਤੰਤਰ ਰਾਜਾਂ ਦੀ ਇਕ ਸਭਾ ਸੈਨਿਕ ਦੌੜ ਨੂੰ ਠੱਲ ਪਾਉਣ ਲਈ ਬੁਲਾਈ। ਸੈਨਾ ਨੂੰ ਘੱਟ ਕਰਨ ਦੀ ਤਜਵੀਜ਼ ਨੂੰ ਜਰਮਨੀ ਆਦਿ ਦੇਸ਼ਾਂ ਨੇ ਠੁਕਰਾ ਦਿੱਤਾ। ਫਿਰ ਵੀ ਇਹ ਸੰਮੇਲਨ ਹੇਗ ਵਿਖੇ ਅੰਤਰ-ਰਾਸ਼ਟਰੀ ਅਦਾਲਤ ਦੀ ਸਥਾਪਨਾ ਕਰਨ ਵਿਚ ਸਫਲ ਹੋਇਆ, ਭਾਵੇਂ ਅਜਿਹੀ ਅਦਾਲਤ ਪਾਸ ਕਾਨੂੰਨ ਮਨਵਾਉਣ ਦੀ ਕੋਈ ਵਿਸ਼ੇਸ਼ ਸ਼ਕਤੀ ਨਹੀਂ ਸੀ। ਇਸ ਬਾਅਦ ਦੂਜਾ ਸ਼ਾਂਤੀ ਸੰਮੇਲਨ ਹੇਗ ਵਿਖੇ ਹੀ 1907 ਵਿਚ ਹੋਇਆ ਪ੍ਰੰਤੂ ਅੰਤਰ-ਰਾਸ਼ਟਰੀ ਅਰਾਜਕਤਾ ਨਾ ਮੁਕਾਈ ਜਾ ਸਕੀ। ਇਤਿਹਾਸਕਾਰ ਹੇਜ ਅਤੇ ਮੂਨ ਨੇ ਹੇਗ ਸਭਾਵਾਂ ਦੀ ਅਸਫਲਤਾ ਬਾਰੇ ਲਿਖਿਆ ਹੈ ਕਿ ਸਭਾਵਾਂ 1911-12 ਦੇ ਤੁਰਕੀ ਅਤੇ ਇਟਲੀ ਮੱਧ ਹੋਏ ਯੁੱਧ ਅਤੇ 1912-13 ਵਿਚ ਤੁਰਕੀ ਅਤੇ ਬਲਕਾਨ ਰਾਜਾਂ ਵਿਚ ਹੋਏ ਯੁੱਧਾਂ ਨੂੰ ਰੋਕਣ ਵਿਚ ਅਸਫਲ ਰਹੀਆਂ।

**ਖੇਤਰੀ ਝਗੜੇ (Territorial Disputes)** : ਵੱਖ-ਵੱਖ ਰਾਸ਼ਟਰਾਂ ਵਿਚਲੇ ਖੇਤਰੀ ਸਮੱਸਿਆਵਾਂ ਵੀ ਮਹਾਨ ਯੁੱਧਾਂ ਦਾ ਵੱਡਾ ਕਾਰਣ ਬਣੀਆਂ। 1815 ਦੇ ਵੀਆਨਾ ਸੰਮੇਲਨ ਨੇ ਰਾਸ਼ਟਰੀ ਜਜ਼ਬਾਤ ਨੂੰ ਇਕ ਨੁਕਰੇ ਸੁੱਟ ਕੇ ਆਪਣੀ ਇੱਛਾ ਅਨੁਸਾਰ ਯੂਰਪੀ ਧਰਤੀ ਦੀਆਂ ਵੰਡੀਆਂ ਪਾ ਲਈਆ। ਨਤੀਜਾ ਇਹ ਹੋਇਆ ਕਿ ਜਰਮਨੀ ਇਟਲੀ ਅਤੇ ਬੈਲਜੀਅਮ ਨੂੰ ਉਨ੍ਹੀਵੀਂ ਸਦੀ ਵਿਚ ਹਥਿਆਰਾਂ ਦੀ ਸ਼ਕਤੀ ਦੁਆਰਾ ਆਪਣੀ ਆਜ਼ਾਦੀ ਪ੍ਰਾਪਤ ਕਰਨ ਲਈ ਯਤਨ ਕਰਨੇ ਪਏ। ਸੁਤੰਤਰਤਾ ਪ੍ਰਾਪਤੀ ਤੋਂ ਬੈਲਜੀਅਮ, ਇਟਲੀ ਤੇ ਜਰਮਨੀ ਖੇਤਰ ਝਗੜਿਆਂ ਕਾਰਣ ਵਿਸ਼ਵ-ਸ਼ਾਂਤੀ ਲਈ ਖਤਰਾ ਬਣੇ ਰਹੇ। ਇਟਲੀ ਵਿਚ, ਟਰੈਂਟੀਨੋ (Trentino) ਤੇ ਟ੍ਰਾਈਸਟੇ (Trieste) ਪ੍ਰਾਂਤਾਂ ਦੀ ਆਸਟ੍ਰੀਆ ਹੰਗਰੀ ਤੋਂ ਵਾਪਸ ਲੈਣ ਦੀ ਇੱਛਾ ਹਾਲੀ ਪ੍ਰਬਲ ਸੀ। ਅਲਸੇਸ ਅਤੇ

ਲੋਰੇਨ ਸੰਬੰਧੀ ਫਰਾਂਸ ਤੇ ਜਰਮਨੀ ਵਿਚਕਾਰ ਘੋਰ ਮੱਤ ਭੇਦ ਸੀ। ਸੁਤੰਤਰ ਪੋਲੈਂਡ ਦੀ ਸਥਾਪਨਾ ਇਕ ਹੋਰ ਜਟਿਲ ਸਮੱਸਿਆ ਸੀ। ਰੂਸ ਜਰਮਨੀ ਅਤੇ ਆਸਟ੍ਰੀਆ, ਹੰਗਰੀ ਅਤੇ ਪੋਲੈਂਡ ਦੇ ਦੇਸ਼ ਭਗਤਾਂ ਦੇ ਰਸਤੇ ਵਿਚ ਰੁਕਾਵਟ ਸਨ। ਯੂਰਪ ਦੀਆਂ ਵੱਡੀਆਂ ਸ਼ਕਤੀਆਂ ਅਤੇ ਪ੍ਰੰਪਰਾਗਤ ਹਿੱਤਾਂ ਦੇ ਕਾਰਨ ਤੁਰਕੀ ਦੀ ਸਮੱਸਿਆ (ਵੰਡ) ਬਾਰੇ ਭਿੰਨ-ਭਿੰਨ ਮੱਤ ਰਖਦੀਆਂ ਸਨ। ਬਲਕਾਨ ਰਾਜ ਉਤੇ ਬਹੁਤ ਸਾਰੇ ਅੱਖਾਂ ਲਾਈ ਬੈਠੇ ਸਨ। ਉਥੋਂ ਦੇ ਰਾਸ਼ਟਰਪਤੀ ਈਸਾਈ, ਤੁਰਕੀ ਤੋਂ ਪੂਰੀ ਆਜਾਦੀ ਲੈਣਾ ਚਾਹੁੰਦੇ ਸਨ। ਆਸਟ੍ਰੀਆ ਦੀਆਂ ਵੱਖ-ਵੱਖ ਕੌਮਾਂ ਵਿਚਕਾਰ ਘੋਰ ਰਾਸ਼ਟਰਵਾਦੀ ਮੱਤਭੇਦ ਵਿਆਪਕ ਸਨ।

**ਆਰਥਿਕ ਸਾਮਰਾਜਵਾਦ (New Mercantilism)** : ਉਨ੍ਹੀਵੀਂ ਸ਼ਤਾਬਦੀ ਨੇ ਆਰਥਿਕ ਹਿੱਤ ਵਿਚਾਰ ਨੂੰ ਪੁਨਰ-ਜਨਮ ਦਿੱਤਾ। ਇਹ ਅਨੁਭਵ ਕੀਤਾ ਗਿਆ ਕਿ ਨਾਗਰਿਕਾਂ ਦੇ ਵਪਾਰਕ ਤੇ ਆਰਥਿਕ ਹਿੱਤਾਂ ਦੀ ਰਖਿਆ ਕਰਨਾ ਸਰਕਾਰ ਦਾ ਫਰਜ ਹੈ। ਸੋ ਆਰਥਿਕ ਸਾਮਰਾਜਵਾਦ ਸੰਸਾਰ-ਯੁੱਧ ਦਾ ਇਕ ਹੋਰ ਮਹਾਨ ਕਾਰਣ ਸਿੱਧ ਹੋਇਆ। ਆਧੁਨਿਕ ਸਭ ਯੁੱਧ ਲਗਭਗ ਲਾਭ ਦੇ ਮੰਤਵ ਨਾਲ ਹੀ ਲੜੇ ਗਏ ਜਿਵੇਂ ਕਿ ਚੀਨ ਦੇ ਅਫ਼ੀਮ ਯੁੱਧ ਦਾ ਕਾਰਣ ਵਪਾਰਕ ਲਾਭ ਹੀ ਸੀ। ਜਿਉਂ-ਜਿਉਂ ਰਾਸ਼ਟਰੀ ਰਾਜਾਂ ਦਾ ਉਦਯੋਗੀਕਰਣ ਹੁੰਦਾ ਗਿਆ, ਉਨ੍ਹਾਂ ਦੇ ਅਧੀਨ ਰਾਜਾਂ ਤੇ ਉਪ ਨਿਵੇਸ਼ਾਂ ਦੀ ਖੋਜ ਤੇਜ਼ੀ ਨਾਲ ਕਰਨੀ ਸ਼ੁਰੂ ਕਰ ਦਿੱਤੀ। ਉਨ੍ਹਾਂ ਵਿਚਕਾਰ ਮੰਡੀਆਂ, ਕੱਚੇ ਮਾਲ ਤੇ ਬਸਤੀਆਂ ਦੀ ਪ੍ਰਾਪਤੀ ਦੀ ਇਹ ਦੌੜ 20ਵੀਂ ਸਦੀ ਦੇ ਆਰੰਭ ਤਕ ਬਹੁਤ ਵੱਧ ਗਈ। ਰੂਸ ਦੀ ਸਾਇਬੇਰੀਆ ਪਾਰ (Trans-Siberian) ਰੇਲਵੇ ਲਾਈਨ ਤੇ ਜਰਮਨੀ ਦੀ ਬਰਲਿਨ-ਬਗਦਾਦ ਰੇਲਵੇ ਲਾਈਨ ਬਣਾਉਣ ਦੀ ਪ੍ਰਬੱਲ ਇੱਛਾ ਸੀ। ਪੈਸੇ, ਸ਼ਕਤੀ ਤੇ ਧਰਤੀ ਦੀ ਪ੍ਰਾਪਤੀ ਲਈ ਉਨ੍ਹਾਂ ਤਲਵਾਰ ਦਾ ਸਹਾਰਾ ਲਿਆ। ਇਥੇ ਇਹ ਚੇਤੇ ਰੱਖਣਾ ਬਹੁਤ ਜ਼ਰੂਰੀ ਹੈ। ਕਿ ਜਰਮਨ ਰਾਜ ਦਾ ਵਿਸਤਾਰ ਕੇਵਲ ਯੁੱਧ ਨਾਲ ਹੀ ਸੰਭਵ ਸੀ।

**ਯੁੱਧ ਦਾ ਵਿਗਿਆਨਕ ਆਧਾਰ (Scientific Justification of Militarism)** : ਇਸ ਸਮੇਂ ਕੁੱਝ ਵਿਗਿਆਨੀਆਂ, ਸਮਾਜ ਸ਼ਾਸਤਰੀਆਂ ਅਤੇ ਦਾਰਸ਼ਨਿਕਾਂ ਨੇ ਵੀ ਸੈਨਿਕਵਾਦ ਦੇ ਸਿਧਾਂਤ ਦਾ ਇਕ ਵਿਗਿਆਨਕ ਆਧਾਰ ਪੇਸ਼ ਕੀਤਾ। ਉਨ੍ਹਾਂ ਕਿਹਾ ਕਿ ਸਪੈਨਸਰ ਦਾ ਇਹ ਸਿਧਾਂਤ ਕਿ ਸਰਵ ਉੱਤਮ ਹੀ ਜਿਉਂਦਾ ਰਹਿ ਸਕਦਾ ਹੈ (Survival of the fittest), ਦੇਸ਼ਾਂ ਦੇ ਉਥਾਨ ਬਾਰੇ ਵੀ ਲਾਗੂ ਹੁੰਦਾ ਹੈ। ਹੇਜ ਅਤੇ ਮੂਨ ਦੇ ਸ਼ਬਦਾਂ ਵਿਚ ਭਾਵੇਂ ਇੰਜ ਸੋਚਣਾ ਇਕ ਮਹਾਨ ਗਲਤੀ ਸੀ, ਪਰ ਫਿਰ ਵੀ ਬਹੁਤ ਸਾਰੇ ਲੋਕ ਇਸ ਤਰ੍ਹਾਂ ਸੋਚਦੇ ਸਨ। ਉਪਰਲੀ ਵਿਚਾਰਧਾਰਾ ਅਨੁਸਾਰ ਯੂਰਪ ਦੇ ਮੁੱਖ ਸੈਨਿਕਵਾਦੀਆਂ ਨੇ ਸ਼ਸਤਰੀਕਰਣ ਦੇ ਪ੍ਰਤੀ ਆਤਮਕ ਰੱਖਿਆ ਪੱਖ ਉਤੇ ਜ਼ੋਰ ਨਾ ਦੇ ਕੇ ਜੀਵਨ ਲਈ ਸੰਘਰਸ਼ (The Struggle for Existence) ਕੂਕਣ ਲੱਗ ਪਏ। ਬਰਲਿਨ ਦੇ ਪ੍ਰੋਫੈਸਰ ਟ੍ਰੀਚਸ ਨੇ ਕਿਹਾ "ਯੁੱਧ ਇਕ ਅਜਿਹਾ ਸਾਧਨ ਹੈ ਜਿਸ ਦੁਆਰਾ ਰਾਜ ਆਪਣੀ ਸ਼ਕਤੀ ਦਾ ਵਿਸਥਾਰ ਕਰਦਾ ਹੈ। ਛੋਟੇ ਰਾਜਾਂ ਦੀ ਕਿਸਮਤ ਹੀ ਇਹ ਹੈ ਕਿ ਵੱਡੇ ਰਾਜ ਦੁਆਰਾ ਖੋਹ ਲਏ ਜਾਣ।" ਬਰਨਹਾਰਡੀ ਨੇ ਕਿਹਾ, "ਯੁੱਧ ਸਾਰੀਆਂ ਚੀਜਾਂ ਦਾ ਪਿਤਾ ਹੈ, ਯੁੱਧ ਜੀਵਨ ਸ਼ਾਸਤਰ ਦਾ ਇਕ ਨਿਯਮ ਹੀ ਨਹੀ ਸਗੋਂ ਇਕ ਨੈਤਿਕ ਜ਼ਿੰਮੇਵਾਰੀ ਹੈ, ਇਸ ਲਈ ਇਹ ਸਭਿਅਤਾ ਦਾ ਇਕ ਲਾਜ਼ਮੀ ਤੱਤ ਹੈ।" 1900 ਵਿਚ ਜਰਮਨੀ ਨੇ ਜਲ-ਸੈਨਾ ਕਾਨੂੰਨ ਪਾਸ ਕੀਤਾ ਅਤੇ ਆਪਣੀ ਬਹੁਤ ਭਾਰੀ ਜਲ-ਸੈਨਾ ਤਿਆਰ ਕੀਤੀ। ਇੰਗਲੈਂਡ ਨੇ ਆਪਣੀ ਉਤਮ ਜਲ-ਸੈਨਾ ਲਈ ਇਸ ਨੂੰ ਚਿਤਾਵਨੀ ਸਮਝਿਆ ਤੇ ਜਰਮਨੀ ਨਾਲੋਂ ਹਮੇਸ਼ਾਂ ਦੁਗਣੀ ਜਲ ਸੈਨਾ ਤਿਆਰ ਰੱਖਣ ਦਾ ਫੈਸਲਾ ਕਰ ਲਿਆ। ਹੇਜ ਅਤੇ ਮੂਨ ਦੇ ਵਿਚਾਰ ਵਿਚ ਨੌ-ਸੈਨਾ ਦਾ ਵਿਕਾਸ ਸੈਨਿਕਵਾਦ ਦਾ ਹੀ ਹਿੱਸਾ ਸੀ। ਜਦੋਂ ਇਕ ਵੱਡੇ ਦੇਸ਼ ਨੇ ਆਪਣੀ ਸਮੁੰਦਰੀ ਸੈਨਾ ਨੂੰ ਵਧਾਉਣਾ ਸ਼ੁਰੂ ਕਰ ਦਿੱਤਾ ਤਾਂ ਲਗਭਗ ਸਾਰੇ ਰਾਸ਼ਟਰ ਆਪਣੀ ਆਮਦਨ ਦਾ ਮੁੱਖ ਭਾਗ ਸੈਨਾ ਅਤੇ ਹਥਿਆਰਾਂ ਤੇ ਖਰਚ ਕਰਨ ਲਗ ਪਏ।

**ਖੁਫੀਆ ਅੰਤਰ ਰਾਸ਼ਟਰੀ ਰਾਜਨੀਤੀ (Secret International Diplomacy)** : ਬਹੁਤੇ ਬਿਦੇਸ਼ੀ ਮੰਤਰੀ ਅਤੇ ਰਾਜਦੂਤ ਆਪਸ ਵਿਚ ਮਿਲ ਕੇ ਖੁਫੀਆ ਸੰਮੇਲਨ ਅਤੇ ਸੰਧੀ ਆਦਿ ਕਰਨ ਲਗ ਪਏ। ਉਹ ਆਪਣਾ ਅੰਤਰ-ਰਾਸ਼ਟਰੀ ਸੰਬੰਧ ਖੁਫੀਆ ਰਖਦੇ ਸਨ। ਸਾਧਾਰਨ ਮਨੁੱਖ ਨੂੰ ਗਿਆਨ ਨਹੀਂ ਸੀ ਹੋ ਸਕਦਾ ਕਿ ਕੁਝ ਹੋ ਰਿਹਾ ਹੈ। ਸ਼ੱਕ ਤੇ ਭੈ ਵਧ ਗਿਆ। ਕੋਈ ਪਤਾ ਨਹੀ ਸੀ ਕਿ ਕਿਸ ਸਮੇਂ ਕਿਹੜੇ ਦੇਸ਼ ਕਿਸ ਦੀ ਸਹਾਇਤਾ ਲਈ ਮੈਦਾਨ ਵਿਚ ਕੁੱਦ ਪਏ।

**ਬਿਸਮਾਰਕ ਦੀ ਅੰਤਰ ਰਾਸ਼ਟਰੀ ਰਾਜਨੀਤੀ (Bismarck's International Diplomacy)** : ਯੁੱਧ ਦੇ ਕਾਰਣਾਂ ਨੂੰ ਚੰਗੀ ਤਰ੍ਹਾਂ ਸਮਝਣ ਲਈ ਸਾਨੂੰ ਬਹੁਤ ਪਿੱਛੋਂ 1871 ਦੇ ਫਰੈਂਕੋ-ਪ੍ਰਸ਼ੀਅਨ ਯੁੱਧ ਵਲ ਜਾਣਾ ਜ਼ਰੂਰੀ ਹੈ। ਇਸ ਯੁੱਧ ਦੀ ਸਮਾਪਤੀ ਪਿੱਛੋਂ ਜਦ ਬਿਸਮਾਰਕ ਨੇ ਅਲਸੇਸ ਤੋਂ ਲੋਰੇਨ ਫ੍ਰਾਂਸ ਪਾਸੋਂ ਖੋਹ ਲਏ, ਤਾਂ ਫ੍ਰਾਂਸ ਜਰਮਨੀ ਦਾ ਵੱਡਾ ਦੁਸ਼ਮਣ ਬਣ ਗਿਆ। ਪਰ ਜਦੋਂ ਤਕ ਬਿਸਮਾਰਕ (1871 ਤੋਂ 1890) ਜਰਮਨ ਰਾਜ ਦਾ ਚਾਂਸਲਰ (ਪ੍ਰਧਾਨ ਮੰਤਰੀ) ਰਿਹਾ ਫ੍ਰਾਂਸ ਬਦਲੇ ਦੀ ਭਾਵਨਾ ਨੂੰ ਦਬਾਈ ਬੈਠਾ ਰਿਹਾ ਕਿਉਂਕਿ ਜਰਮਨ ਸੈਨਾ ਸੰਸਾਰ ਵਿਚ ਸਭ ਤੋਂ ਸ਼ਕਤੀਸ਼ਾਲੀ ਸੈਨਾ ਅਤੇ ਬਿਸਮਾਰਕ ਸਭ ਤੋਂ ਵੱਡਾ ਨੀਤੀਵੇਤਾ ਸਮਝਿਆ ਜਾਂਦਾ ਸੀ।

**ਤਿੰਨ ਪੱਖੀ ਸਮਝੌਤਾ ਅਤੇ ਤਿੰਨ ਪੱਖੀ ਮਿੱਤਰਤਾ ਸੰਧੀ (The Triple Alliance and the Triple Entente)** : 1871 ਤੋਂ ਬਾਅਦ ਜਰਮਨੀ ਦਾ ਬਿਸਮਾਰਕ ਫ੍ਰਾਂਸ ਨੂੰ ਅੰਤਰ-ਰਾਸ਼ਟਰੀ ਖੇਤਰ ਵਿਚ ਪਾਸੇ (isolate) ਦੇਣਾ ਚਾਹੁੰਦਾ ਸੀ ਤਾਂ ਕਿ ਉਹ ਦੂਜੇ ਦੇਸ਼ਾਂ ਨਾਲ ਦੋਸਤੀ ਪਾ ਕੇ ਜਰਮਨੀ ਵਿਰੁੱਧ ਲੜਾਈ ਨਾ ਕਰ ਸਕੇ। ਜਰਮਨੀ ਨੇ ਰੂਸ ਤੇ ਬਲਕਾਨ ਵਿਚ ਪੈਨਸਲਾਵਿਸਮ (Pan Slavism) ਦੀ ਵਧਦੀ ਹੋਈ ਲਹਿਰ ਦੇ ਪ੍ਰਤੀ ਆਸਟਰੀਆ ਹੰਗਰੀ ਦੇ ਭੈ ਤੋਂ ਲਾਭ ਉਠਾ ਕੇ ਆਸਟ੍ਰੀਆ ਨਾਲ ਸੰਧੀ ਕਰ ਲਈ (Austro-German Alliance 1879)। 1882 ਵਿਚ ਇਸ ਸੰਧੀ ਨੂੰ ਦੋਬਾਰਾ ਨਵਾਂ ਕਰ ਲਿਆ ਤੇ ਇਸ ਵਾਰੀ ਇਟਲੀ ਨੂੰ ਵੀ ਇਸ ਵਿਚ ਸ਼ਾਮਲ ਕਰ ਲਿਆ। ਸੋ ਤਿੰਨ ਪੱਖੀ ਸਮਝੌਤੇ ਦੀ ਸਥਾਪਨਾ ਹੋਈ। 1887, 1891 ਅਤੇ 1901 ਵਿਚ ਫਿਰ ਇਸ ਸੰਧੀ ਨੂੰ ਦੁਬਾਰਾ ਅਗੋਂ ਲਈ ਜਾਰੀ ਰਖਣ ਦਾ ਫੈਸਲਾ ਕੀਤਾ ਗਿਆ। ਸੰਧੀ ਮੂਲ ਰੂਪ ਵਿਚ ਰਖਿਆਤਮਕ ਸੀ। ਇਸ ਨੇ ਲਗਭਗ ਅੱਧੀ ਸ਼ਤਾਬਦੀ ਤਕ ਫ੍ਰਾਂਸ ਨੂੰ ਜਰਮਨੀ ਪਾਸੋਂ ਬਦਲਾ ਲੈਣ ਦਾ ਮੌਕਾ ਨਾ ਦਿੱਤਾ, ਪਰ ਦੂਜੇ ਪਾਸੇ ਜਰਮਨੀ ਨੇ ਰੂਸ ਨੂੰ ਇੰਨਾ ਦੂਰ ਕਰ ਲਿਆ ਕਿ ਰੂਸ ਨੂੰ ਫ੍ਰਾਂਸ ਦੀ ਸ਼ਰਣ ਲੈਣੀ ਪਈ।

1891 ਵਿਚ ਰੂਸ-ਫ੍ਰਾਂਸੀਸੀ ਮਿੱਤਰਤਾ (Franco-Russian Entente) ਵਾਸਤਵ ਵਿਚ 1879 ਦੀ ਆਸਟ੍ਰੀਆ ਤੇ ਜਰਮਨੀ ਦੀ ਸੰਧੀ (Austro-German Alliance) ਦਾ ਹੀ ਨਤੀਜਾ ਸੀ। 1894 ਵਿਚ ਇਸ ਨੂੰ ਨਿਯਮਤ ਸੰਧੀ ਦਾ ਰੂਪ ਦੇ ਦਿੱਤਾ ਗਿਆ। 1907 'ਚ ਇੰਗਲੈਂਡ ਵੀ ਇਸ ਨਾਲ ਮਿਲ ਗਿਆ। ਇਸ ਪ੍ਰਕਾਰ ਤਿੰਨ-ਪੱਖੀ ਮਿੱਤਰਤਾ ਦੀ ਸਥਾਪਨਾ ਹੋਈ। ਹੁਣ ਯੂਰਪ ਪਰਸਪਰ ਦੇ ਵਿਰੋਧੀ ਗੁਟਾਂ ਵਿਚ ਵੰਡਿਆ ਗਿਆ। ਸੰਧੀਆਂ ਤੇ ਸੰਘਾਂ ਨੇ ਵਿਸ਼ਵ ਯੁੱਧ ਨੂੰ ਲਾਜ਼ਮੀ ਬਣਾ ਦਿੱਤਾ। ਜਰਮਨੀ ਨੂੰ ਆਸਟ੍ਰੀਆ ਦੇ ਪੱਖ ਵਿਚ ਬਾਲਕਨ ਰਾਜ ਦੇ ਝਗੜੇ ਵਿਚ ਹਿੱਸਾ ਲੈਣਾ ਪਿਆ। ਦੂਜੇ ਪਾਸੇ ਬਾਲਕਨ ਸਮੱਸਿਆ ਨੂੰ ਫ੍ਰਾਂਸ ਨੂੰ ਰੂਸ ਦੇ ਹਿੱਤਾਂ ਲਈ ਮੈਦਾਨ ਵਿਚ ਕੁੱਦਣਾ ਪਿਆ। 1871 ਤੋਂ 1914 ਦਾ ਸਮਾਂ ਗੁਪਤ-ਸੰਧੀਆਂ ਸਮਾਂ ਕਿਹਾ ਜਾ ਸਕਦਾ ਹੈ।

**ਜਾਪਾਨ ਦੀ ਸਥਿਤੀ (Japan's Position)** : ਤਿੰਨ ਪੱਖੀ ਮਿੱਤਰਤਾ ਵਾਲਾ ਗੁੱਟ (Anglo-Franco Russian Entente) ਹੁਣ ਜਾਪਾਨ ਦੀ ਸਹਾਇਤਾ ਦੀ ਵੀ ਆਸ ਕਰ ਸਕਦਾ ਸੀ। ਇੰਗਲੈਂਡ ਤੇ ਜਾਪਾਨ ਨੇ ਇਕ ਰਖਿਆਕਤਮਕ ਸੰਧੀ (Anglo-Japanese Alliance) 1902 ਵਿਚ ਕਰ ਲਈ ਸੀ। ਇਸ ਤਰੀਕੇ ਨਾਲ ਜਾਪਾਨ ਵੀ ਲਗਭਗ ਇਸ ਗੁੱਟ ਦਾ ਮੈਂਬਰ ਕਿਹਾ ਜਾ ਸਕਦਾ ਸੀ।

**ਇਟਲੀ ਦੀ ਸਥਿਤੀ (Italy's Position)** : ਨਿਰਸੰਦੇਹ ਇਟਲੀ ਤਿੰਨ ਪੱਖੀ (Austro-German Italian Alliance) ਸਮਝੌਤੇ ਦਾ ਮੈਂਬਰ ਸੀ ਪਰ ਉਹ ਫ੍ਰਾਂਸ ਨਾਲ ਰਲ ਗਿਆ । ਇਟਲੀ ਨੇ 1902 ਵਿਚ ਫ੍ਰਾਂਸ ਨਾਲ ਚੋਰੀ ਚੋਰੀ ਸੰਧੀ ਕਰ ਲਈ। ਇਸ ਨਾਲ ਇਟਲੀ ਨੂੰ ਟ੍ਰਿਪੋਲੀ (Tripoli) ਤੇ ਆਪਣਾ ਅਸਰ ਵਧਾਉਣ ਦੀ ਤੇ ਫ੍ਰਾਂਸ ਨੂੰ ਮਰਾਕੋ ਵਿਚ ਦੀ ਖੁਲ੍ਹ ਮਿਲ ਗਈ।

**ਸ਼ਕਤੀ ਦਾ ਸੰਤੁਲਨ (The Balance of Power)** : ਤਿੰਨ-ਪੱਖੀ ਸਮਝੌਤੇ ਅਤੇ ਤਿੰਨ-ਮਿੱਤਰਤਾ ਦੇ ਗੁੱਟਾਂ ਵਿਚਕਾਰ ਸ਼ਕਤੀ ਸਮਤੋਲ ਦੱਸਦਾ ਸੀ। ਕੋਈ ਪਾਸਾ ਵੀ ਦੂਜੇ ਤੇ ਹਮਲਾ ਕਰਨਾ ਦਾ ਹੌਸਲਾ ਨਹੀ ਸੀ ਕਰਦਾ। ਭੈ ਅਤੇ ਸ਼ੱਕ ਪ੍ਰਧਾਨ ਸਨ। ਕੋਈ ਪਤਾ ਨਹੀਂ ਕਿਸ ਸਮੇਂ ਕੀ ਕੁਝ ਹੋ ਜਾਵੇ। ਜਦੋਂ ਵੀ ਇਕ

ਗੁਟ ਨੂੰ ਇਹ ਪਤਾ ਲਗਦਾ ਕਿ ਦੂਜੇ ਗੁਟ ਨਾਲ ਹੋਰ ਸ਼ਕਤੀ ਆ ਰਹੀ ਹੈ ਜਾਂ ਉਸ ਨੇ ਆਪਣੀ ਸੈਨਿਕ ਸ਼ਕਤੀ ਵਧਾ ਲਈ ਹੈ ਤਾਂ ਇਕ ਪਾਸੇ ਉਸ ਘਾਟੇ ਨੂੰ ਪੂਰਾ ਕਰਨ ਲਈ ਹੋਰ ਸੈਨਾ ਭਰਤੀ ਕੀਤੀ ਜਾਂਦੀ ਸੀ ਅਤੇ ਹੋਰ ਵੱਧ ਹਥਿਆਰ ਬਣਾਏ ਤੇ ਖਰੀਦੇ ਜਾਂਦੇ ਸਨ। ਦੋਹਾਂ ਧੜਿਆਂ ਨੂੰ ਇਹੋ ਡਰ ਸੀ ਕਿ ਸ਼ਕਤੀ ਸਮਤੋਲ ਵਿਗੜ ਨਾ ਜਾਵੇ।

**ਜਰਮਨੀ ਦੀ ਤੁਰਕੀ ਨਾਲ ਸੰਧੀ (Germany's Alliance with Turkey)** : ਜਰਮਨੀ ਨੇ ਤੁਰਕੀ ਨਾਲ ਇਸ ਕਰਕੇ ਸੰਧੀ ਕਰ ਲਈ ਕਿ ਉਸ ਦੀ ਸਹਾਇਤਾ ਨਾਲ ਭਾਰਤ ਜਿੱਤਿਆ ਜਾ ਸਕੇਗਾ। ਇੰਗਲੈਂਡ ਨੇ ਇਸ ਦਾ ਬਹੁਤ ਵਿਰੋਧ ਕੀਤਾ।

**ਸਮਾਚਾਰ ਪੱਤਰਾਂ ਰਾਹੀਂ ਪ੍ਰਪੇਗੰਡਾ (Newspapers Propaganda)** : ਆਮ ਤੌਰ ਤੇ ਸਮਾਚਾਰ ਪੱਤਰਾਂ ਦਾ ਪ੍ਰਚਾਰ ਹਾਨੀਕਾਰਕ ਹੁੰਦਾ ਹੈ। ਸਮਾਚਾਰ ਪੱਤਰ ਦੁਸ਼ਮਣ ਦੇ ਦੋਸ਼ਾਂ ਨੂੰ ਵਧਾ ਕੇ ਅਤੇ ਆਪਣੀਆਂ ਗਲਤੀਆਂ ਨੂੰ ਘਟਾ ਕੇ ਲਿਖਦੇ ਹਨ। ਪਹਿਲੇ ਸੰਸਾਰ ਯੁੱਧ ਵਿਚ ਸਮਾਚਾਰ-ਪੱਤਰਾਂ ਨੇ ਬਹੁਤ ਹਾਨੀਕਾਰਕ ਕੰਮ ਕੀਤਾ।

**ਤੱਤਕਾਲੀ ਕਾਰਣ (Immediate Cause) : Murder of Archduke Francis Ferdinand, the Heir to the Austrian throne)** : ਜਰਮਨ ਦੇ ਯੁੱਧ ਦੀ ਇੱਛਾ ਨੂੰ ਪੂਰਾ ਕਰਨ ਲਈ ਛੋਟਾ ਜਿਹਾ ਬਹਾਨਾ ਕਾਫੀ ਸੀ। ਸਾਰਾ ਯੂਰਪ ਵਾਸਤਵ ਵਿਚ ਬਾਰੂਦ ਦਾ ਕਾਰਖਾਨਾ ਬਣਿਆ ਹੋਇਆ ਸੀ ਅਤੇ ਇਸ ਨੂੰ ਛੋਟੀ ਜਿਹੀ ਚਿੰਗਾਰੀ ਖਤਮ ਕਰ ਸਕਦੀ ਸੀ। ਇਕ ਸਰਬੀਅਨ ਨਾਗਰਿਕ (ਵਿਦਿਆਰਥੀ) ਨੇ ਆਸਟ੍ਰੀਆ ਦੇ ਯੁਵਰਾਜ ਨੂੰ ਕਤਲ ਕਰ ਦਿੱਤਾ।

(On a sunny morning in June 1914, the Archduke Francis Ferdinand of Austria-Hungry and his wife were shot by a student, Princep. on the streets of Sarajevo, a Bosnian town near the Serbian Frontier, Princep hated the Hapsburg dual Monarchy' ਜਰਮਨੀ ਨੇ ਆਸਟ੍ਰੀਆ ਨੂੰ ਸਲਾਹ ਦਿੱਤੀ ਕਿ ਸਰਬੀਆ ਨੂੰ ਆਖੇ ਕਿ ਉਹ ਆਸਟ੍ਰੀਆ ਦੀ ਅਧੀਨਤਾ ਸਵੀਕਾਰ ਕਰ ਲਵੇ। ਆਸਟ੍ਰੀਆ ਨੇ ਇਵੇਂ ਹੀ ਕੀਤਾ। ਸਰਬੀਆ ਨੇ ਅਧੀਨਤਾ ਮੰਨਣ ਤੋਂ ਸਾਫ ਨਾਂਹ ਕਰ ਦਿੱਤੀ। ਆਸਟ੍ਰੀਆ ਨੇ ਸਰਬੀਆ ਵਿਰੁੱਧ 28 ਜੁਲਾਈ 1914 ਨੂੰ ਯੁੱਧ ਦਾ ਐਲਾਨ ਕਰ ਦਿੱਤਾ।

ਰੂਸ ਨੇ ਸਰਬੀਆ ਦਾ ਸਾਥ ਦਿੱਤਾ। ਜਰਮਨੀ ਨੇ ਬੈਲਜੀਅਮ ਤੋਂ ਫ੍ਰਾਂਸ ਉੱਤੇ ਹਮਲਾ ਕਰਨ ਲਈ ਰਸਤਾ ਮੰਗਿਆ। ਬੈਲਜੀਅਮ ਨੇ ਨਾਂਹ ਕਰ ਦਿੱਤੀ। ਜਰਮਨੀ ਨੇ ਬੈਲਜੀਅਮ ਉੱਤੇ ਹਮਲਾ ਕਰ ਦਿੱਤਾ ਤੇ ਬੈਲਜੀਅਮ ਦੀ ਨਿਰਪੱਖਤਾ ਦਾ ਖਿਆਲ ਨਾ ਕੀਤਾ। ਇੰਗਲੈਂਡ ਨੇ ਜਰਮਨੀ ਨੂੰ ਅਜਿਹਾ ਕਰਨ ਤੋਂ ਰੋਕਿਆ। ਜਰਮਨੀ ਨੇ ਕੁਝ ਨਾ ਸੁਣਿਆ। ਨਤੀਜੇ ਵਜੋਂ ਇੰਗਲੈਂਡ ਵੀ ਮੈਦਾਨ ਵਿਚ ਕੁਦ ਪਿਆ ਕਿਉਂਕਿ ਬੈਲਜੀਅਮ ਦੀ ਨਿਰਪੱਖਤਾ ਦੀ (neutrality) ਦੀ ਗਰੰਟੀ ਉਸ ਨੇ ਦਿੱਤੀ ਹੋਈ ਸੀ। ਦੂਜੇ ਬੈਲਜੀਅਮ ਤੇ ਜਰਮਨੀ ਦਾ ਕਬਜ਼ਾ ਹੋਣ ਨਾਲ ਇੰਗਲੈਂਡ ਦੀ ਸੁਰੱਖਿਆ ਨੂੰ ਵੱਡਾ ਧੱਕਾ ਲਗਦਾ ਸੀ। 1918 ਵਿਚ ਅਮਰੀਕਾ ਨੂੰ ਵੀ ਇੰਗਲੈਂਡ ਤੇ ਫ੍ਰਾਂਸ ਦਾ ਸਾਥ ਦੇਣਾ ਪਿਆ।

ਆਸਟ੍ਰੀਆ ਅਤੇ ਸਰਬੀਆ ਦਾ ਝਗੜਾ ਉਨ੍ਹਾਂ ਦਾ ਆਪਸੀ ਝਗੜਾ ਨਹੀਂ ਸੀ। ਹੌਲੀ ਹੌਲੀ ਦੂੰਜੇ ਦੇਸ਼ ਦੀ ਇਕ ਦੂਜੇ ਪ੍ਰਤੀ ਸਹਿਮਤੀ ਨੇ ਜੰਗ ਦੇ ਆਧਾਰ ਹੋਰ ਪੱਕੇ ਕਰ ਦਿੱਤੇ। ਵੱਡੀਆਂ ਤਾਕਤਾਂ ਲਈ ਸਮਝੌਤਿਆਂ ਵਿਚ ਬੱਝੇ ਹੋਣ ਕਰਕੇ ਜੰਗ ਵਿਚ ਹਿੱਸਾ ਲੈਣਾ ਜ਼ਰੂਰੀ ਹੋ ਗਿਆ। ਇਸ ਤਰ੍ਹਾਂ ਯੂਰਪੀ ਦੇਸ਼ਾਂ ਦੇ ਜੰਗ ਵਿਚ ਆਉਣ ਬਾਰੇ ਸਪਸ਼ਟ ਹੋ ਜਾਂਦਾ ਹੈ। ਇਸ ਪ੍ਰਕਾਰ ਜੰਗ ਮਹਾਂ-ਯੁੱਧ ਬਣ ਗਈ। ਅਖੀਰ 1917 ਵਿਚ ਅਮਰੀਕਾ ਵੀ ਇਸ ਜੰਗ ਵਿਚ ਮਿੱਤਰ ਦੇਸ਼ਾਂ ਨਾਲ ਆ ਸ਼ਾਮਿਲ ਹੋਇਆ।

ਇਹ ਜੰਗ ਚਾਰ ਸਾਲ ਤੋਂ ਵੱਧ ਚਲਦੀ ਰਹੀ (1914 ਤੋਂ 1918)। ਨਵੰਬਰ 1918 ਵਿਚ ਜਰਮਨੀ ਜੰਗ-

ਬੰਦੀ ਦਾ ਐਲਾਨ ਕਰਨ ਲਈ ਰਾਜ਼ੀ ਹੋ ਗਿਆ। ਕੁਦਰਤੀ ਹੀ ਸਾਰੇ ਵੱਡੇ ਦੇਸ਼ਾਂ ਨੂੰ ਦੁਨੀਆਂ ਦੇ ਕਈ ਦੇਸ਼ਾਂ ਵਿਚ ਲੜਨਾ ਪਿਆ। ਇਸ ਜੰਗ ਦੀਆਂ ਪ੍ਰਸਿੱਧ ਘਟਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ :

## ਯੁੱਧ ਦੀਆਂ ਮੁੱਖ ਘਟਨਾਵਾਂ (Events)

### *1914*

(ਕ) ਆਸਟ੍ਰੀਆ ਨੇ ਸਰਬੀਆ ਉੱਤੇ ਹਮਲਾ ਕਰ ਦਿੱਤਾ, ਸਖਤ ਯੁੱਧ ਤੋਂ ਬਾਅਦ ਉਸ ਉੱਤੇ ਅਧਿਕਾਰ ਕਰ ਲਿਆ।

(ਖ) ਬੈਲਜੀਅਮ ਉੱਤੇ ਜਰਮਨੀ ਨੇ ਹਮਲਾ ਕਰਕੇ ਉਸ ਤੇ ਕਬਜ਼ਾ ਕਰ ਲਿਆ।

(ਗ) ਜਰਮਨ ਫੌਜਾਂ ਫ੍ਰਾਂਸ ਵਿਚ ਪੈਰਿਸ ਉੱਤੇ ਕਬਜ਼ਾ ਕਰਨ ਦੇ ਲਈ ਦਾਖਲ ਹੋ ਗਈਆਂ।

(ਘ) ਜਦ ਜਰਮਨ ਫੌਜਾਂ ਅੰਗਰੇਜ਼ਾਂ ਨੂੰ ਰੋਕਣ ਦੇ ਲਈ ਤੱਟ ਵਲ ਵਧੀਆਂ ਅਤੇ ਯਾਇਪਰਸ (Ypress) ਦੇ ਯੁੱਧ ਵਿਚ ਜਰਮਨੀ ਦੀ ਹਾਰ ਹੋਈ।

(ਙ) ਪੂਰਬੀ ਪ੍ਰਸ਼ਨ ਤੇ ਗੈਲੀਸ਼ੀਆ (Galicia) ਜੋ ਕਿ ਆਸਟ੍ਰੀਆ ਦਾ ਇਕ ਪ੍ਰਾਂਤ ਸੀ, ਉੱਤੇ ਰੂਸ ਨੇ ਹਮਲਾ ਕਰ ਦਿੱਤਾ। ਉਹ ਪ੍ਰਸ਼ੀਆ ਵਿਚ ਅਸਫਲ ਰਿਹਾ, ਪਰ ਆਸਟ੍ਰੀਆ ਵਿਚ ਸਫਲ ਹੋ ਗਿਆ।

(ਚ) ਤੁਰਕੀ ਨੇ ਅੰਗਰੇਜ਼ਾਂ ਦੇ ਵਿਰੋਧ ਦਾ ਐਲਾਨ ਕਰ ਦਿੱਤਾ ਅਤੇ ਇੰਗਲੈਂਡ ਨੂੰ ਸਵੇਜ ਨਹਿਰ ਅਤੇ ਫਾਰਸ ਦੀ ਖਾੜੀ ਦੀ ਰੱਖਿਆ ਕਰਨੀ ਪਈ।

### *1915*

1915 ਮਿੱਤਰ ਦੇਸ਼ਾਂ ਲਈ ਵਿਨਾਸ਼ ਦਾ ਸਾਲ ਸੀ। ਇਟਲੀ ਮਿੱਤਰ ਦੇਸ਼ਾਂ ਨਾਲ ਮਿਲ ਗਿਆ।

(ਕ) ਰੂਸ ਆਸਟ੍ਰੀਆ ਵਿਚ ਵਧ ਗਿਆ ਪਰ ਉਸ ਨੂੰ ਹਰਾ ਦਿੱਤਾ ਗਿਆ।

(ਖ) ਜਰਮਨ ਫੌਜਾਂ ਨੇ ਮਿੱਤਰ ਦੇਸ਼ਾਂ ਦੀਆਂ ਫੌਜਾਂ ਤੇ ਫਿਰ ਹਮਲਾ ਕਰ ਦਿੱਤਾ ਅਤੇ ਯਾਇਪਰਸ (Ypress) ਦਾ ਦੂਜਾ ਯੁੱਧ ਅਪ੍ਰੈਲ 1915 ਵਿਚ ਲੜਿਆ ਗਿਆ।

(ਗ) ਗੈਲੀਪੋਲੀ (Gallpolli) ਦੇ ਹਮਲੇ ਵਿਚ ਮਿੱਤਰ ਦੇਸ਼ਾਂ ਦੀ ਅਸਫ਼ਲਤਾ ਹੋਈ। ਬਲਗਾਰੀਆ ਜਰਮਨੀ ਨਾਲ ਮਿਲ ਗਿਆ ਅਤੇ ਉਸ ਨੇ ਸਰਬੀਆ ਨੂੰ ਕੁਚਲ ਦਿੱਤਾ। ਮਿੱਤਰ ਦੇਸ਼ਾਂ ਦੀ ਫੌਜ ਨੇ ਸੈਲੋਨਿਕਾ (Salonika) ਉੱਤੇ ਅਧਿਕਾਰ ਕਰ ਲਿਆ ਤਾਂ ਕਿ ਯੂਨਾਨ ਜਰਮਨ ਦੇ ਨਾਲ ਨਾ ਮਿਲ ਜਾਏ।

(ਘ) ਜਰਮਨਾਂ ਨੇ ਵੱਡੇ ਅਮਰੀਕਨ ਜਹਾਜ ਲਿਊਸੀਟੇਨੀਆ (Luisitiania) ਨੂੰ ਡੁਬੋ ਦਿੱਤਾ। ਇਸ ਨਾਲ ਅਮਰੀਕਨ ਜਰਮਨੀ ਦੇ ਵਿਰੁੱਧ ਹੋ ਗਏ।

(ਕ) 1916 ਵਰਡਯੂਨ (Verdune) ਦਾ ਯੁੱਧ ਦਾ ਇਸ ਸਾਲ ਦਾ ਪਹਿਲਾ ਮਹਾਨ ਯੁੱਧ ਸੀ। ਜਰਮਨੀ ਦਾ ਇਸ ਵਿਚ ਬਹੁਤ ਨੁਕਸਾਨ ਹੋਇਆ।

(ਖ) ਸੋਮ (Somme) ਦਾ ਯੁੱਧ ਮਹੱਤਵ ਪੂਰਨ ਘਟਨਾ ਸੀ, ਇਸ ਦਾ ਕੋਈ ਫੈਸਲਾ ਨਾ ਹੋ ਸਕਿਆ।

(ਗ) ਜਿਊਟਲੈਂਡ ਦੀ ਲੜਾਈ ਵੀ ਇਕ ਮਹਾਨ ਜੰਗ ਦੀ ਮਹੱਤਵ-ਪੂਰਨ ਸਮੁੰਦਰੀ ਲੜਾਈ ਸੀ। ਜਰਮਨਾਂ ਨੂੰ ਆਪਣੇ ਅਸਲੀ ਅੱਡਿਆਂ ਤੇ ਮੁੜਨਾ ਪਿਆ।

(ਘ) ਰੁਮਾਨੀਆਂ ਨੇ ਬੁਲਗਾਰੀਆ ਤੇ ਹਮਲਾ ਕਰ ਦਿੱਤਾ ਬੁਲਗਾਰੀਆ ਨੂੰ ਮਿੱਤਰ ਦੇਸ਼ਾਂ ਦੇ ਹੋਣ ਤੇ ਵੀ ਹਥਿਆਰ ਸੁੱਟਣੇ ਪਏ ਤੇ ਉਸ ਦੀ ਰਾਜਧਾਨੀ ਤੇ ਰੁਮਾਨੀਆਂ ਨੇ ਕਬਜ਼ਾ ਕਰ ਲਿਆ।

### *1917*

(ਕ) 1917 ਦੀ ਮਹੱਤਵਪੂਰਨ ਘਟਨਾ ਇਹ ਹੈ ਕਿ ਅਮਰੀਕਾ ਇਸ ਜੰਗ ਵਿਚ ਮਿੱਤਰ ਦੇਸ਼ਾਂ ਨਾਲ ਆ ਰਲਿਆ।

(ਖ) 1917 ਰੂਸੀ ਕ੍ਰਾਂਤੀ ਨੇ ਜ਼ਾਰ ਦੇ ਰਾਜ ਦਾ ਅੰਤ ਕਰ ਦਿੱਤਾ। ਬੋਲਸ਼ੈਵਿਕ ਰੂਸ ਨੇ ਜਰਮਨੀ ਨਾਲ ਬਰੈਸਟ ਲਿਟੋਵਿਸਕ (Brest-Litovsk) ਦੀ ਸੰਧੀ ਕਰ ਲਈ।

(ਗ) ਆਸਟਰੀਅਨ ਅਤੇ ਜਰਮਨ ਫੌਜਾਂ ਇਟਲੀ ਵਿਚ ਉਸ ਦੇ ਵਿਰੋਧ ਨੂੰ ਦੂਰ ਕਰਕੇ ਦਾਖਿਲ ਹੋ ਗਈਆਂ।

(ਘ) ਜਨਰਲ ਮੈਂਡ ਬਗਦਾਦ ਨੂੰ ਜਿੱਤਣ ਵਿਚ ਸਫਲ ਹੋ ਗਿਆ ਅਤੇ ਤੁਰਕਾਂ ਨੂੰ ਮੈਸੋਪੋਟੇਮੀਆ ਵਿਚੋਂ ਕੱਢ ਦਿੱਤਾ ਗਿਆ। ਦੂਜੀ ਤਰਫ ਜਨਰਲ ਐਲਨਬੀ ਨੇ ਪੈਲਸਤੀਨ (Palestine) ਅਤੇ ਜ਼ੇਰੂਸਲਮ ਉੱਤੇ ਅਧਿਕਾਰ ਕਰ ਲਿਆ। ਤੁਰਕੀ ਸਾਮਰਾਜ ਕੁਚਲ ਦਿੱਤਾ ਗਿਆ।

**1918**

(ਕ) 1918 ਵਿਚ ਮਿੱਤਰ ਦੇਸ਼ਾਂ ਨੂੰ ਜਰਮਨੀ ਦੇ ਸੈਂਟ ਕਵੈਟਮ (St. Quentm) ਦੇ ਹਮਲੇ ਨਾਲ ਬਹੁਤ ਨੁਕਸਾਨ ਹੋਇਆ।

(ਖ) ਯਾਇਪਰਸ (Ypress) ਦੇ ਤੀਜੇ ਯੁੱਧ ਵਿਚ ਜਰਮਨੀ ਨੇ ਜਿੱਤ ਪ੍ਰਾਪਤ ਕੀਤੀ। ਭਾਵੇ ਉਹ ਮਿੱਤਰ ਦੇਸ਼ਾਂ ਦੀ ਲਾਈਨ ਨੂੰ ਤੋੜ ਨਾ ਸਕਿਆ।

(ਗ) ਪੱਛਮੀ ਮੋਰਚੇ ਉੱਤੇ ਜਰਮਨੀ ਨੇ ਬਹੁਤ ਹਮਲੇ ਕੀਤੇ, ਬਹੁਤ ਸਾਰੀਆਂ ਜਿੱਤਾਂ ਪ੍ਰਾਪਤ ਕੀਤੀਆਂ।

ਮਿੱਤਰ ਦੇਸ਼ਾਂ ਦੀ ਹਾਲਤ ਸੰਕਟਮਈ ਸੀ। ਪਰ ਅਮਰੀਕਾ ਦੇ ਆ ਜਾਣ ਨਾਲ ਪਾਸਾ ਮਿੱਤਰ ਦੇਸ਼ਾਂ ਦੇ ਹੱਕ ਵਿਚ ਬਦਲ ਗਿਆ। ਜਰਮਨ ਵਿਚ ਮਾਰਨ (Marne) ਪਹੁੰਚ ਗਏ ਪਰ ਉਨ੍ਹਾਂ ਦੀ ਹਾਰ ਹੋਈ। ਬੁਲਗਾਰੀਆ ਨੇ 20 ਸਤੰਬਰ, 1918 ਨੂੰ ਅਧੀਨਤਾ ਪ੍ਰਵਾਨ ਕਰ ਲਈ। ਅਕਤੂਬਰ ਵਿਚ ਤੁਰਕੀ ਨੇ ਵੀ ਹਥਿਆਰ ਸੁੱਟ ਦਿੱਤੇ। 3 ਨਵੰਬਰ ਨੂੰ ਆਸਟ੍ਰੀਆ ਨਾਲ ਸਮਝੌਤਾ ਹੋ ਗਿਆ ਅਤੇ ਜਰਮਨੀ ਇਕੱਲਾ ਰਹਿ ਗਿਆ। ਅੰਤ ਜਰਮਨੀ ਨੇ 11 ਨਵੰਬਰ ਨੂੰ ਯੁੱਧ ਵਿਰਾਮ ਸੰਧੀ ਦੀਆਂ ਸ਼ਰਤਾਂ ਨੂੰ ਮੰਨ ਲਿਆ ਅਤੇ ਯੂਰਪੀ ਮਹਾਂ-ਯੁੱਧਾਂ ਦਾ ਅੰਤ ਹੋ ਗਿਆ।

## ਹੋਰ ਪੜ੍ਹਨ ਲਈ ਪੁਸਤਕਾਂ ਦੇ ਸੰਬੰਧਿਤ ਪੰਨੇ

1. ਅਰੋੜਾ, ਏ. ਸੀ. : ਵਿਸ਼ਵ ਦਾ ਇਤਿਹਾਸ (1500–1950)

2 Ketelbey, C.D.M. : A History of Modern Times 1789. pp. 382-444.

3. Fisher, H.A.L. : A History of Europe, pp. 1024-77

## Key Words

1. ਪਵਿੱਤਰ ਸੰਘ (Holy Alliance) : ਰੂਸ ਦੇ ਜ਼ਾਰ ਅਲੇਗਜੈਂਡਰ ਨੇ 1815 ਈ. ਨੇ ਪਵਿੱਤਰ ਸੰਘ ਦੀ ਸਥਾਪਨਾ ਕੀਤੀ ਜਿਸ ਦਾ ਮੁੱਖ ਉਦੇਸ਼ ਯੂਰਪ ਵਿਚ ਸ਼ਾਂਤੀ ਸਥਾਪਨਾ ਕੀਤੀ ਸੀ।

2. ਆਰਥਿਕ ਸਾਮਰਾਜਵਾਦ (Economic Imperialism) : ਪਹਿਲੇ ਮਹਾਂ-ਯੁੱਧ ਦੇ ਆਰੰਭ ਹੋਣ ਤੋਂ ਪਹਿਲਾਂ ਦੇ 50 ਸਾਲਾਂ ਦੌਰਾਨ ਆਰਥਿਕ ਸਾਮਰਾਜਵਾਦ ਦਾ ਉਥਾਨ ਹੋਇਆ। ਯੂਰਪੀ ਦੇਸ਼ਾਂ ਵਿਚ ਨਵੀਆਂ ਵਪਾਰਿਕ ਮੰਡੀਆਂ ਪ੍ਰਾਪਤ ਕਰਨ ਲਈ ਦੌੜ ਚਲ ਪਈ। ਜਿਸ ਕਾਰਣ ਕਈ ਅੰਤਰ-ਰਾਸ਼ਟਰੀ ਸੰਕਟ ਪੈਦਾ ਹੋ ਗਏ।

3. ਰਾਸ਼ਟਰਵਾਦ (Nationalism) : ਰਾਸ਼ਟਰਵਾਦ ਦੀ ਉਤਪੱਤੀ 1789 ਈ. ਫਰਾਂਸੀਸੀ ਕ੍ਰਾਂਤੀ ਤੋ ਬਾਅਦ ਹੋਈ ਪਰੰਤੂ 1870–1914 ਈ. ਦੌਰਾਨ ਯੂਰਪੀ ਦੇਸ਼ਾਂ ਵਿਚ ਰਾਸ਼ਟਰੀ ਭਾਵਨਾ ਚਰਨ-ਸੀਮਾ ਤੇ ਪੁੱਜ ਗਈ। ਇਹ ਇਕ ਨਵਾਂ ਧਰਮ ਬਣ ਗਿਆ ਜਿਸ ਨੇ ਮਨੁੱਖ ਜਾਤੀ ਦੇ ਜਜ਼ਬਾਤ ਨੂੰ ਵਿਸ਼ੇਸ਼ ਪ੍ਰੇਰਣਾ ਦਿੱਤੀ।

**4.** ਸੈਨਿਕਵਾਦ (Miltarism) : 19ਵੀਂ ਸਦੀ ਦੇ ਦੂਜੇ ਅੱਧ ਵਿਚ ਯੂਰਪ ਵਿਚ ਸੈਨਿਕਵਾਦ ਦਾ ਉਭਾਰ ਹੋਇਆ। ਵੱਖ-ਵੱਖ ਯੂਰਪੀ ਦੇਸ਼ਾਂ ਵਿਚ ਲੇਖਕਾਂ, ਵਿਦਵਾਨਾਂ ਤੇ ਕਵੀਆਂ ਰਾਹੀ ਇਹ ਪ੍ਰਚਾਰ ਕੀਤਾ ਜਾਣ ਲਗਾ ਕਿ ਕਿਸੇ ਵੀ ਰਾਸ਼ਟਰ ਦੀ ਉੱਨਤੀ ਲਈ ਲੜਾਈ ਬਹੁਤ ਜ਼ਰੂਰੀ ਹੈ। ਹੌਲੀ-ਹੌਲੀ ਯੂਰਪ ਦੇ ਸ਼ਾਂ ਵਿਚ ਵੱਧ ਤੋਂ ਵੱਧ ਫੌਜ਼ਾ ਰਖਣ ਦੀ ਦੌੜ ਚਲ ਪਈ।

## ਆਪਣੇ ਗਿਆਨ ਨੂੰ ਪਰਖੋ

1. ਪਹਿਲੇ ਵਿਸ਼ਵ ਯੁੱਧ ਦੇ ਦੋ ਮੌਲਿਕ ਕਾਰਣ ਦੱਸੋ।
2. ਵਿਸ਼ਾਲ ਸਰਬੀਆ ਅੰਦੋਲਨ ਕਦੋਂ ਚਲਿਆ ਅਤੇ ਇਸ ਦਾ ਉਦੇਸ਼ ਕੀ ਸੀ ?
3. ਮਰਾਕੋ ਸੰਕਟ ਕਦੋਂ ਹੋਇਆ ? ਇਸ ਦੇ ਦੋ ਕਾਰਣ ਕੀ ਸਨ ?
4. ਨੌਜਵਾਨ ਤਰਕ ਅੰਦੋਲਨ (Young Turk Movement) ਦਾ ਕੀ ਉਦੇਸ਼ ਸੀ ?
5. ਪਹਿਲੇ ਬਾਲਕਨ ਯੁੱਧ ਪਿੱਛੋਂ ਸ਼ਾਂਤੀ ਦੀ ਸੰਧੀ ਕਿੱਥੇ ਅਤੇ ਕਦੋਂ ਹੋਈ ?
6. ਆਸਟਰੀਆ ਦੇ ਯੁਵਰਾਜ ਫਰਡੀਨੈਂਡ ਅਤੇ ਉਸ ਦੀ ਪਤਨੀ ਦੀ ਹੱਤਿਆ ਕਿਸ ਰਾਜ ਦੇ ਕਿਸ ਵਿਅਕਤੀ ਨੇ ਕਦੋਂ ਕੀਤੀ ?

## ਤੁਹਾਡੇ ਅਭਿਆਸ ਲਈ ਪ੍ਰਸ਼ਨ

1. 1904-1914 ਈ. ਦੌਰਾਨ ਹੋਏ ਅੰਤਰ-ਰਾਸ਼ਟਰੀ ਸੰਕਟਾਂ ਦਾ ਵੇਰਵਾ ਦਿਓ ਜਿਨ੍ਹਾਂ ਕਾਰਣ ਪਹਿਲਾ ਮਹਾਂ-ਯੁੱਧ ਹੋਇਆ।
2. ਪਹਿਲੇ ਵਿਸ਼ਵ ਯੁੱਧ ਦੇ ਮੌਲਿਕ ਕਾਰਣਾਂ ਦਾ ਵਰਣਨ ਕਰੋ।
3. ਹੇਠ ਲਿਖਿਆਂ ਉਤੇ ਸੰਖੇਪ ਨੋਟ ਲਿਖੋ :

(ੳ) ਮਰਾਕੋ ਸੰਕਟ - 1905 (Moracco crisis)

(ਅ) ਬੋਸਨੀਆ ਸੰਕਟ - 1908 ਈ. (Bosnian Crisis)

(ੲ) ਅਗਾਦੀਰ ਸੰਕਟ - 1911 (Agadir Crisis)

ਪਾਠ ਨੰਬਰ : 2.4

# ਫਾਸਿਜ਼ਮ ਅਤੇ ਨਾਜ਼ੀਇਜ਼ਮ ਦਾ ਉਥਾਨ
# (Rise of Fascism and Nazism)

## ਉਦੇਸ਼ (Objectives)

ਇਸ ਪਾਠ ਨੂੰ ਪੜ੍ਹਨ ਉਪਰੰਤ ਤੁਹਾਨੂੰ ਇਸ ਤਰ੍ਹਾਂ ਦੀ ਜਾਣਕਾਰੀ ਮਿਲੇਗੀ :

* ਫਾਸਿਜ਼ਮ ਦਾ ਉਥਾਨ
* ਫਾਸਿਜ਼ਮ ਦੇ ਸਿਧਾਂਤ
* ਮੁਸੋਲਿਨੀ ਦਾ ਉਭਾਰ
* ਮੁਸੋਲਿਨੀ ਦੀ ਗ੍ਰਹਿ ਨੀਤੀ
* ਮੁਸੋਲਿਨੀ ਦੀ ਵਿਦੇਸ਼ ਨੀਤੀ
* ਨਾਜ਼ੀਇਜ਼ਮ ਦਾ ਉਥਾਨ
* ਹਿਟਲਰ ਦਾ ਉਭਾਰ
* ਨਾਜ਼ੀਇਜ਼ਮ ਦੇ ਨਿਸ਼ਾਨੇ
* ਨਾਜ਼ੀ ਪਾਰਟੀ ਦਾ ਵਿਕਾਸ
* ਹਿਟਲਰ ਦੀ ਗ੍ਰਹਿ ਨੀਤੀ
* ਹਿਟਲਰ ਦੀ ਵਿਦੇਸ਼ ਨੀਤੀ

## ਫਾਸਿਜ਼ਮ ਦਾ ਭਾਵ ਅਰਥ

ਫਾਸਿਜ਼ਮ ਸ਼ਬਦ ਲਾਤੀਨੀ ਸ਼ਬਦ ਫਾਸ਼ੀਓ ਤੋਂ ਨਿਕਲਿਆ ਹੈ, ਜਿਸ ਦਾ ਅਰਥ ਸੋਟੀਆਂ ਦੀ ਗੱਠ ਹੈ। ਇਹ ਗੱਠ ਰੋਮਨ ਸਮ੍ਰਾਟਾਂ ਦੀ ਸੱਤਾ ਦਾ ਚਿੰਨ੍ਹ ਸੀ। ਇਸ ਲਹਿਰ ਦੇ ਅਨੁਯਾਈ ਪ੍ਰਾਚੀਨ ਰੋਮ ਦੀ ਆਨ-ਸ਼ਾਨ ਨੂੰ ਸੁਰਜੀਤ ਕਰਨਾ ਚਾਹੁੰਦੇ ਸਨ।

## ਇਸ ਦਾ ਉਥਾਨ

ਇਹ ਲਹਿਰ ਪਹਿਲੇ ਵਿਸ਼ਵ ਯੁੱਧ (1914-1918) ਤੋਂ ਉਤਪੰਨ ਅਸੰਤੁਸ਼ਟਤਾ ਤੋਂ ਪੈਦਾ ਹੋਈ। ਭਾਵੇਂ ਇਟਲੀ ਨੇ ਵਰਸਾਇ ਦੀ ਸੰਧੀ ਰਾਹੀ ਬਹੁਤ ਕੁਝ ਪ੍ਰਾਪਤ ਕੀਤਾ ਸੀ ਪਰ ਫਿਰ ਵੀ ਉਸ ਦੀਆਂ ਪ੍ਰਾਪਤੀਆਂ ਉਸ ਦੀਆਂ ਆਸਾਂ ਤੋਂ ਘੱਟ ਸਨ। ਉਹ ਮਹਿਸੂਸ ਕਰਦਾ ਸੀ ਕਿ ਉਸ ਨੂੰ ਹੋਏ ਲਾਭ ਉਸ ਦੀਆਂ ਕੁਰਬਾਨੀਆਂ ਜਿੰਨੇ ਨਹੀ ਸਨ। ਉਸ ਨੇ ਜੰਗ ਵਿਚ 17 ਲੱਖ ਬੰਦੇ ਅਤੇ 12 ਲੱਖ ਡਾਲਰ ਗਵਾਏ ਸਨ ਅਤੇ ਕੇਵਲ ਟਰੈਟੀਨੋ, ਦੱਖਣੀ ਟਾਈਰੋਲ ਅਤੇ ਦਾਲਮੇਸੀਆ ਦਾ ਇਕ ਭਾਗ ਪ੍ਰਾਪਤ ਕੀਤਾ ਸੀ। "ਇਟੇਲੀਅਨ ਇਲਾਕੇ ਵਾਪਸ ਮੋੜ ਦਿਓ" ਦੇ ਨਾਅਰੇ ਨੂੰ ਅਣਸੁਣਿਆ ਕੀਤਾ ਗਿਆ ਸੀ ਅਤੇ ਕਦੀ ਕਦੀ ਤਾਂ ਸ਼ਾਂਤੀ ਸੰਮਿਲਨ ਤੇ ਕਲੇਮਾਨਸੋ ਤੇ ਲੋਯਡ ਜਾਰਜ ਦਾ ਉਰਲੈਂਡੋ ਪ੍ਰਤੀ ਰਵਈਆ ਕਠੋਰ ਅਪਮਾਨਜਨਕ ਸੀ। ਇਸ ਗੱਲ ਨੇ ਇਟਲੀ ਦੇ ਦੇਸ਼ ਭਗਤਾਂ ਵਿਚ ਬੇਚੈਨੀ ਪੈਦਾ ਕੀਤੀ। ਕਮਿਊਨਿਸਟਾਂ ਦੇ ਹਮਲਿਆਂ ਨੇ ਵੀ ਦੇਸ਼ ਦੀ ਸ਼ਾਂਤੀ ਨੂੰ ਖਤਰਾ ਪੈਦਾ ਕੀਤਾ। ਕੱਟੜ ਰਾਸ਼ਟ੍ਰਵਾਦੀਆਂ ਨੇ, ਜਿਨ੍ਹਾਂ ਨੂੰ ਫਾਸਿਸਟ ਆਖਿਆ ਜਾਂਦਾ ਸੀ, ਨੇ ਦੇਸ਼ ਦੇ ਸਾਹਮਣੇ ਖਤਰਿਆਂ ਤੋਂ ਬਚਾਉਣ ਲਈ ਇਕ ਸੰਗਠਨ ਬਣਾਇਆ।

ਆਪਣੀ ਪੁਸਤਕ The Last Phase (282-83) ਵਿਚ ਹੈਰੋਲਡ ਬਟਲਰ ਨੇ ਇਸ ਲਹਿਰ ਨੂੰ ਇਨ੍ਹਾਂ ਸ਼ਬਦਾਂ ਵਿਚ ਬਿਆਨ ਕੀਤਾ।

"ਫਾਸਿਜ਼ਮ ਇਟਲੀ ਤੇ ਜਰਮਨੀ ਵਿਚ ਪੈਦਾ ਹੋਈ ਅਤੇ ਇਸ ਦੇ ਕਾਰਨ ਜੰਗ ਅਤੇ ਉਸ ਦੇ ਨਤੀਜੇ ਤੋਂ ਉਲੀਕੇ ਜਾ ਸਕਦੇ ਹਨ, ਜਿਸ ਨੇ ਹੇਠਲੀ ਮੱਧ-ਸ਼੍ਰੇਣੀ ਦੇ ਨੌਜਵਾਨਾਂ ਵਿਚ ਪੈਦਾ ਕੀਤੀਆਂ ਕਠਿਨਾਈਆਂ ਅਤੇ ਤਬਾਹੀ ਦੇ ਖਤਰੇ ਵਿਰੁੱਧ, ਜਿਹੜਾ ਉਨ੍ਹਾਂ ਦੇ ਸਾਹਮਣੇ ਸਨ, ਵਿਦਰੋਹ ਦੀ ਭਾਵਨਾ ਪੈਦਾ ਕੀਤੀ। ਉਨ੍ਹਾਂ ਦਾ ਕੋਈ ਭਵਿੱਖ ਨਹੀ ਸੀ, ਉਨ੍ਹਾਂ ਦੇ ਪ੍ਰਵਾਰਾਂ ਨੇ ਸਾਰੀ ਪੂੰਜੀ ਗਵਾ ਲਈ ਸੀ, ਉਨ੍ਹਾਂ ਲਈ ਵਪਾਰ ਵਿਚ ਕੋਈ ਥਾਂ ਨਹੀ ਸੀ, ਅਤੇ ਆਰਥਿਕ ਉੱਨਤੀ ਦੀਆਂ ਉਮੀਦਾਂ ਇੰਨੀਆਂ ਦੂਰ ਸਨ ਕਿ ਗ੍ਰਹਿਸਤੀ ਜੀਵਨ ਅਤੇ ਸਭਿਯ ਜ਼ਿੰਦਗੀ ਬਾਰੇ ਸੋਚ ਵੀ ਨਹੀਂ ਸਕਦੇ ਸਨ।"

ਭਾਵੇਂ ਇਟਲੀ ਦਾ 1870 ਵਿਚ ਏਕੀਕਰਣ ਹੋਇਆ ਸੀ, ਪਰ ਸਥਾਨਕ ਅਤੇ ਖੇਤਰੀ ਮੱਤ-ਭੇਦਾਂ ਨੇ ਰਾਸ਼ਟਰੀ-ਏਕਤਾ ਨੂੰ ਕਮਜ਼ੋਰ ਕਰ ਦਿੱਤਾ। ਸ਼ਕਤੀਸ਼ਾਲੀ ਬਣਨ ਲਈ ਇਹ ਜ਼ਰੂਰੀ ਸੀ। ਇਟਲੀ ਵਿਚ ਫਾਸਇਜ਼ਮ ਦੇ ਉਥਾਨ ਦਾ ਕਾਰਨ ਤਕੜੀ ਜੋੜਨ ਵਾਲੀ ਸ਼ਕਤੀ ਦੀ ਲੋੜ ਸੀ।" ਭੜਕਾਉਣ ਲਈ ਉਪਜਾਊ ਮੈਦਾਨ ਮਿਲ ਗਿਆ, ਪਰੰਤੂ ਉਹ ਘਰੇਲੂ ਜੰਗ ਤੇ ਅਰਾਜਕਤਾ ਦੇ ਹਾਮੀ ਸਨ। ਇਸ ਖਤਰਨਾਕ ਹਾਲਤ ਵਿਚ ਇਟਲੀ ਨੂੰ ਇਕ ਤਕੜੀ ਰਾਸ਼ਟਰੀ ਲਹਿਰ ਹੀ ਬਚਾ ਸਕਦੀ ਸੀ। ਫਾਸਿਸਟ ਇਹ ਕਰਨ ਲਈ ਸਫਲ ਹੋਈ। ਸਾਰ ਇਹ ਹੋਇਆ ਕਿ ਫਾਸਇਜ਼ਮ ਦੇ ਜਨਮ ਦੇ ਨਿਮਨ-ਲਿਖਤ ਕਾਰਣ ਸਨ : (1) ਮਿੱਤਰ ਸ਼ਕਤੀਆਂ 1915 ਵਿਚ ਕੀਤੇ ਵਾਅਦਿਆਂ ਨੂੰ ਭੁੱਲ ਗਈਆਂ ਅਤੇ ਉਨ੍ਹਾਂ ਨੂੰ ਸ਼ਾਂਤੀ ਸੰਮੇਲਨ ਸਮੇਂ ਠੁਕਰਾ ਦਿੱਤਾ। (2) ਵਰਸਾਇ ਸੰਧੀ ਦੇ ਵਿਰੁੱਧ ਅਸੰਤੁਸ਼ਟਤਾ ਦੀ ਵੀ ਆਮ ਲਹਿਰ ਚਲ ਰਹੀ ਸੀ। (3) ਨਕਾਰਾ ਰਾਜ-ਪ੍ਰਬੰਧ ਨੇ ਦੇਸ਼ ਨੂੰ ਕਮਜ਼ੋਰ ਕਰ ਦਿੱਤਾ ਸੀ। (4) ਇਨਕਲਾਬ-ਪਸੰਦ ਅਰਾਜਕਤਾ ਫੈਲਾਉਣ ਲਈ ਤੁਲੇ ਹੋਏ ਸਨ। (5) ਰਾਸ਼ਟਰੀ ਜਾਗ੍ਰਤੀ ਅਤੇ ਰਾਸ਼ਟ੍ਰੀ ਉੱਨਤੀ ਦੀ ਤੜਪ।

ਇਸ ਲਹਿਰ ਦਾ ਮੋਢੀ ਬੇਨੀਤੋ ਮਸੋਲੀਨੀ (1833-1945) ਸੀ। ਉਸ ਦੇ ਪਿੱਛੇ ਲੱਗ ਯੂਨੀਫਾਰਮ ਵਜੋਂ ਕਾਲੀਆਂ ਕੁੜਤੀਆਂ ਪਾਂਦੇ ਸਨ ਅਤੇ ਨਿਸ਼ਾਨੀ ਦੇ ਤੌਰ ਤੇ ਉਨ੍ਹਾਂ ਨੇ ਸੋਟੀਆਂ ਦੀ ਗੱਠ, ਜਿਨ੍ਹਾਂ ਨੂੰ ਫਾਸਜ ਕਹਿੰਦੇ ਸਨ, ਆਪਣਾ ਚਿੰਨ੍ਹ ਧਾਰਨ ਕੀਤਾ।

ਬੇਨੀਤੋ ਮਸੋਲੀਨੀ, ਰੋਮਾਗਨਾ ਵਿਖੇ ਫੋਰਲੀ ਦੇ ਨੇੜੇ ਇਕ ਲੁਹਾਰ ਦੇ ਘਰ ਪੈਦਾ ਹੋਇਆ। ਉਸ ਦੀ ਮਾਂ ਇਕ ਸਕੂਲ ਵਿਚ ਅਧਿਆਪਕਾ ਸੀ, ਜਿਸ ਨੇ ਉਸ ਉੱਤੇ ਡੂੰਘਾ ਪ੍ਰਭਾਵ ਪਾਇਆ। ਕੁਝ ਸਮੇਂ ਉਹ ਸਕੂਲ ਵਿਚ ਅਧਿਆਪਕ ਰਿਹਾ, ਪਰ 1902 ਵਿਚ ਉਹ ਸੈਨਿਕ ਸੇਵਾ ਤੋਂ ਬਚਣ ਲਈ ਸਵਿਟਜ਼ਰਲੈਂਡ ਨੱਠ ਗਿਆ। ਇਥੇ ਇਸ ਨੇ ਮਜ਼ਦੂਰ ਦੇ ਤੌਰ ਤੇ ਕੰਮ ਕੀਤਾ ਅਤੇ ਸਮਾਜਵਾਦੀ ਵਿਚਾਰਾਂ ਦਾ ਅਧਿਐਨ ਕੀਤਾ। 1904 ਵਿਚ ਇਟਲੀ ਵਾਪਸ ਆਉਣ ਤੇ ਉਹ ਇਕ ਸਮਾਜਵਾਦੀ ਅੰਦੋਲਨ ਦਾ ਨਾਮੀ ਪੱਤ੍ਰਕਾਰ ਬਣ ਗਿਆ। 1914 ਵਿਚ ਉਸ ਨੇ ਸਮਾਜਵਾਦੀ ਪਾਰਟੀ ਤੋ ਤਿਆਗ ਪੱਤਰ ਦੇ ਦਿੱਤਾ ਕਿਉਂਕਿ ਇਹ ਆਸਟ੍ਰੀਆ ਦੇ ਵਿਰੁੱਧ ਜੰਗ ਨੂੰ ਪਸੰਦ ਨਹੀਂ ਕਰਦੀ ਸੀ। ਉਹ ਫੌਜ ਵਿਚ ਭਰਤੀ ਹੋ ਗਿਆ, ਇਸੋਨਜੋ ਮੋਰਚੇ ਤੇ ਜ਼ਖਮੀ ਹੋਇਆ ਅਤੇ ਵਾਪਸ ਮੀਲਾਨ ਆ ਗਿਆ, ਜਿਥੇ ਉਹ ਇਕ ਅਖਬਾਰ ਪੋਪਲਡ ਦੀ ਸੰਪਾਦਕੀ ਕਰਨ ਲਗ ਪਿਆ। ਉਸ ਨੇ ਕਾਮਿਆਂ ਨੂੰ ਵੀ ਜਥੇਬੰਦ ਕੀਤਾ। ਇਨ੍ਹਾਂ ਨੂੰ ਫੈਸੀ ਕਿਹਾ ਜਾਂਦਾ ਸੀ ਅਤੇ ਉਸ ਸਮਾਜ ਸੁਧਾਰਾਂ ਲਈ ਅੰਦੋਲਨ ਕਰਦੇ ਸਨ। ਮਾਰਚ 1919 ਵਿਚ ਇਹ ਜਿਥੇ ਫਾਸਇਸਟ ਪਾਰਟੀ ਵਿਚ ਰਲ ਗਏ ਅਤੇ ਇਨ੍ਹਾਂ ਨੇ ਬੋਲਸਵਿਜ਼ਮ ਅਤੇ ਅਰਾਜਕਤਾਵਾਦ ਨਾਲ ਘੋਲ ਕਰਨ ਦੀ ਸਹੁੰ ਚੁੱਕੀ। ਆਪਣੇ ਸ਼ਾਨਦਾਰ ਭਾਸ਼ਨ ਕਲਾ ਸਦਕੇ, ਮਸੋਲੀਨੀ ਕੱਢੇ ਗਏ ਫੌਜੀਆਂ ਬੇ-ਸਬਰ ਵਿਦਿਆਰਥੀਆਂ ਅਤੇ ਹਰ ਪ੍ਰਕਾਰ ਦੇ ਅਸੰਤੁਸ਼ਟ ਅੰਸ਼ਾਂ ਨੂੰ ਪਾਰਟੀ ਵਿਚ ਸ਼ਾਮਲ ਕਰਨ ਵਿਚ ਸਫਲ ਹੋਇਆ। ਉਸ ਦਾ ਉਦੇਸ਼ ਤਕੜੇ ਤੇ ਸਿੱਧੇ ਤਰੀਕਿਆਂ ਨਾਲ ਦੇਸ਼ ਨੂੰ ਇਕ ਬਣਾਉਣਾ ਸੀ। ਉਸ ਦੇ ਕਾਲੀ ਕੁੜਤੀਆਂ ਨੇ ਕਮਿਊਨਿਸਟ ਵਿਰੋਧੀਆਂ ਦੇ ਇਕੱਠਾਂ ਨੂੰ ਡੰਡੇ ਦੇ ਕਸਟ੍ਰੈਲ ਦੀਆਂ ਬੋਤਲਾਂ ਦੇ ਜ਼ੋਰ ਤੇ ਖਿੰਡਾਇਆ।

**ਫਾਸਿਜ਼ਮ ਦੇ ਸਿਧਾਂਤ :** (1) ਇਹ ਇਕ ਨੇਤਾ ਦੇ ਥਲੇ ਇਕ ਪਾਰਟੀ ਵਿਚ ਵਿਸ਼ਵਾਸ ਰਖਦੀ ਸੀ। (2)

ਇਹ ਹਰ ਤਰੀਕੇ ਤੇ ਹਰ ਕੀਮਤ ਤੇ ਦੇਸ਼ ਦੇ ਭਲੇ ਲਈ ਚਾਹਵਾਨ ਸੀ। (3) ਇਹ ਸੰਖਿਆ ਨਾਲੋਂ ਗੁਣ ਤੇ ਵਧ ਯਕੀਨ ਕਰਦੀ ਸੀ। (4) ਇਹ ਲੋਕਤੰਤਰ ਦੇ ਵਿਰੁੱਧ ਸੀ, ਕਿਉਂਕਿ ਲੋਕਤੰਤਰ ਉਨ੍ਹਾਂ ਅਨੁਸਾਰ ਪੱਛਮੀ ਸ਼ਕਤੀਆਂ ਦਾ ਖਿਡੌਣਾ ਹੈ (5) ਇਹ ਸਮਝਦੀ ਸੀ ਕਿ ਕੌਮ ਦੀ ਉੱਨਤੀ ਲਈ ਜੰਗ ਜ਼ਰੂਰੀ ਹੈ।

**ਲਹਿਰ ਦਾ ਵਿਕਾਸ :** 1921 ਤੋਂ ਇਟਲੀ ਫਾਸਿਸਟਾਂ ਅਤੇ ਸਮਾਜਵਾਦੀਆਂ ਵਿਚਕਾਰ ਇਕ ਬਕਾਇਦਾ ਲੜਾਈ ਦਾ ਮੈਦਾਨ ਬਣਿਆ ਰਿਹਾ। ਮੀਲਾਨ, ਬੋਲੋਗਨਾ ਤੇ ਫਲੋਰੈਂਸ ਵਿਖੇ ਜ਼ਬਰਦਸਤ ਬਲਵੇ ਹੋਵੇ। ਸੰਵਿਧਾਨਿਕ ਸਰਕਾਰ ਵਿਚਾਰੀ ਵੇਖਦੀ ਰਹੀ ਤੇ ਕੁਝ ਨਾ ਕਰ ਸਕੀ। 1922 ਵਿਚ 40,000 ਕਾਲੇ-ਕੁੜਤੀਆਂ ਦੀ ਅਗਵਾਈ ਕਰਕੇ ਮੁਸੋਲਿਨੀ ਰੋਮ ਵਿਚ ਆ ਧਮਕਿਆ। ਡਰ ਕੇ ਸਮਰਾਟ ਵਿਕਟਰ ਇਮੈਨੂਅਲ III ਨੇ ਇਸ ਤਕੜੇ-ਬੰਦੇ ਨੂੰ ਅਕਤੂਬਰ 1922 ਵਿਚ ਫਾਸਿਸਟਾਂ ਤੇ ਰਾਸ਼ਟਰਵਾਦੀਆਂ ਦੀ ਇਕ ਮਿਲੀ ਜੁਲੀ ਸਰਕਾਰ ਦੇ ਪ੍ਰਧਾਨ-ਮੰਤਰੀ ਬਣਨ ਦਾ ਸੱਦਾ ਦਿੱਤਾ। ਇਕ ਮਹੀਨੇ ਬਾਅਦ ਮੁਸੋਲੀਨੀ ਡਿਕਟੇਟਰ ਬਣ ਗਿਆ। ਇਹ ਰਕਤ-ਰਹਿਤ ਇਨਕਲਾਬ ਸੀ। ਉਹ 1944 ਵਿਚ ਆਪਣੇ ਪਤਨ ਤਕ ਡਿਕਟੇਟਰ ਬਣਿਆ ਰਿਹਾ।

**ਉਸ ਦੀਆਂ ਪ੍ਰਾਪਤੀਆਂ :** ਫਾਸਿਸਟ ਰਾਜ ਦੇ ਸਮੇਂ ਸਰਬ-ਪੱਖੀ ਉੱਨਤੀ ਕੀਤੀ। (1) ਮੁਸੋਲੀਨੀ ਨੇ ਸਮੁੱਚੇ ਇਟਲੀ ਨੂੰ ਇਕ ਚੋਣ ਹਲਕਾ ਬਣਾ ਦਿੱਤਾ, ਜਿਸ ਵਿਚ ਵੋਟ ਦਾਤਾ ਉਨ੍ਹਾਂ 400 ਉਮੀਦਵਾਰਾਂ ਦੇ ਪੱਖ ਵਿਚ ਜਾ ਵਿਰੋਧ ਵਿਚ ਵੋਟ ਪਾਂਦੇ ਸਨ, ਜਿਨ੍ਹਾਂ ਨੂੰ ਫਾਸਿਸਟਾਂ ਦੀ ਸ਼੍ਰੋਮਣੀ ਪ੍ਰੀਸ਼ਦ ਨਾਮਜ਼ਦ ਕਰਦੀ ਸੀ। ਇਸ ਦੀ ਮਨਸਾ ਕੌਮੀ ਏਕਤਾ ਨੂੰ ਲਿਆਉਣਾ ਸੀ। ਇੰਰਿਸੋਰਜੀਮੈਂਟ ਦੇ ਰਾਹ ਵਿਚ ਇਕ ਨਵਾਂ ਪੜਾਅ ਸੀ। (2) ਉਦਯੋਗਿਕ ਝਗੜਿਆਂ ਨੂੰ ਜਿਹੜੇ ਮਾਲਕਾਂ ਤੇ ਕਾਮਿਆਂ ਵਿਚਕਾਰ ਵਾਪਰਦੇ, ਕੌਮੀ ਪ੍ਰੀਸ਼ਦ ਨਿਪਟਾਂਦੀ ਸੀ। ਸੁਸਤੀ ਤੇ ਬੇਈਮਾਨੀ ਨੂੰ ਬੇਤਰਸੀ ਨਾਲ ਖਤਮ ਕੀਤਾ ਜਾਂਦਾ ਸੀ। (3) ਲੋਕ ਭਲਾਈ ਦੇ ਵਿਸਤ੍ਰਿਤ ਕੰਮਾਂ ਨੂੰ ਸਿਰੇ ਚੜ੍ਹਾਇਆ ਗਿਆ, ਪ੍ਰਾਕ੍ਰਿਤਕ ਸੋਮਿਆਂ ਦਾ ਵਿਕਾਸ ਕੀਤਾ ਗਿਆ, ਖੇਤੀ-ਬਾੜੀ ਨੂੰ ਸੁਧਾਰਿਆ ਗਿਆ ਅਤੇ ਵਿਦਿਆ ਨੂੰ ਫੈਲਾਇਆ ਗਿਆ। (4) 1919 ਦੀ ਲੈਟਰਨ ਸੰਧੀ ਨਾਲ ਪੋਪ ਤੇ ਰਾਜ ਵਿਚਕਾਰ ਲੰਬੇ ਝਗੜੇ ਦਾ ਜਿਹੜਾ 1870 ਤੋਂ ਚਲ ਰਿਹਾ ਸੀ ਫੈਸਲਾ ਕੀਤਾ ਗਿਆ। ਇਸ ਨਾਲ ਰੋਮਨ ਸਵਾਲ ਹੱਲ ਹੋ ਗਿਆ ਅਤੇ ਹੁਣ ਪੋਪ "ਵੈਟੀਕਨ ਦਾ ਕੈਦੀ" ਨਾ ਰਿਹਾ। ਪੋਪ ਦੇ ਦਰਬਾਰ ਨੇ ਸੇਵਾਇ ਪ੍ਰਵਾਰ ਹੇ ਠ ਇਟਲੀ ਰਾਜ ਨੂੰ, ਜਿਸ ਦੀ ਰਾਜਧਾਨੀ ਰੋਮ ਸੀ, ਮਾਨਤਾ ਦਿੱਤੀ। ਰਾਜ ਨੇ ਵੈਟੀਕਨ ਦੇ ਪਵਿੱਤਰ ਨਗਰ ਉੱਤੇ ਪੋਪ ਦਾ ਰਾਜ ਮੰਨ ਲਿਆ। ਲੈਟਰਨ ਸੰਧੀ ਇਕ ਰਾਜਨੀਤਕ ਕਰਿਸ਼ਮਾ ਜਿਸ ਨਾਲ ਚਰਚ ਦੇ ਰਾਜਾਂ ਦਾ ਮਨੇਵਾਂ ਹੋ ਗਿਆ।

(5) ਫੁੱਟ ਨੂੰ ਬੇ-ਰਹਿਮੀ ਨਾਲ ਦਬਾ ਦਿੱਤਾ ਗਿਆ। ਸੰਸਦੀ ਸਰਕਾਰ ਨੂੰ ਬੰਧਨਾਂ ਵਿਚ ਪਾ ਦਿੱਤਾ ਗਿਆ। ਸਮੂਹ ਅਖਬਾਰਾਂ ਤੇ ਪਾਬੰਦੀ ਲਾ ਦਿੱਤੀ ਗਈ ਅਤੇ ਹੜਤਾਲਾਂ ਦੀ ਮਨਾਹੀ ਕਰ ਦਿੱਤੀ ਗਈ। ਫੌਜ ਦੀ ਤਾਕਤ ਵਿਚ ਵਾਧਾ ਕੀਤਾ ਗਿਆ।

(6) ਭਾਵੇਂ ਨਿਜੀ ਉਦਯੋਗਾਂ ਨੂੰ ਇਜਾਜ਼ਤ ਦਿੱਤੀ ਗਈ ਪਰੰਤੂ ਸਾਂਝੀਵਾਲਤਾ ਦੇ ਸਿਧਾਂਤਾਂ ਨੂੰ ਪ੍ਰੋਤਸਾਹਨ ਦਿੱਤਾ ਗਿਆ। ਮਾਲਕ ਤੇ ਕਾਮਿਆਂ ਵਿਚਕਾਰ ਸਹਿਯੋਗ ਨੂੰ ਉੱਨਤ ਕੀਤਾ ਗਿਆ। ਇਸ ਨੂੰ Fascist Radicalism ਆਖਿਆ ਜਾਣ ਲਗਿਆ, ਜਿਸ ਅਨੁਸਾਰ ਰਾਜ ਦੇ ਮੁਕਾਬਲੇ ਵਿਚ ਵਿਅਕਤੀ ਕੋਈ ਚੀਜ਼ ਨਹੀਂ ਸੀ।

**ਵਿਦੇਸ਼ੀ ਨੀਤੀ :** ਫਾਸਿਸਟ ਪਾਰਟੀ ਪ੍ਰਾਚੀਨ ਰੋਮ ਦੀਆਂ ਯਾਦਾਂ ਨੂੰ ਸੁਰਜੀਤ ਕਰਨ ਲਈ ਵਚਨ-ਬੱਧ ਸੀ। ਉਹ ਯੁੱਧ ਦੇ ਕਾਰਨਾਮਿਆਂ ਨੂੰ ਵੱਡਿਆਉਂਦੀ ਅਤੇ ਜ਼ਬਰਦਸਤੀ ਵਿਸਥਾਰ ਕਰਨ ਦੀ ਨੀਤੀ ਤੇ ਚਲਦੀ ਸੀ। ਰੋਮ ਸਾਗਰ ਖੇਤਰ ਵਿਚ ਪ੍ਰਭਾਵ ਫੈਲਾਉਣ ਲਈ ਯੂਗੋਸਲਾਵੀਆ ਤੇ ਤੁਰਕੀ ਨਾਲ ਸੰਧੀਆਂ ਕੀਤੀਆਂ। 1933 ਵਿਚ ਇਟਲੀ ਨੇ ਰੂਸ ਨਾਲ Non Aggression ਸਮਝੌਤਾ ਕੀਤਾ ਅਤੇ ਦੋ ਸਾਲ ਬਾਅਦ ਫਰਾਂਸ ਉਤੇ ਧਾਵਾ ਬੋਲ ਦਿੱਤਾ। ਰਾਸ਼ਟਰ ਸੰਘ ਨੇ ਇਟਲੀ ਵਿਚ Sanctions (ਆਰਥਕ ਪਾਬੰਦੀਆਂ) ਲਾ ਦਿੱਤੀਆਂ। ਇਸ ਕਾਰਵਾਈ ਨੇ ਮੁਸੋਲਿਨੀ ਨੂੰ ਹਿਟਲਰ ਦੇ ਧੜੇ (Camp) ਵਿਚ ਧੱਕ ਦਿੱਤਾ ਤੇ 1936 ਦੇ ਰੋਮ-ਬਰਲਿਨ ਸਮਝੌਤੇ 1936-45 ਦੇ ਗਠ-ਜੋੜ (Axis) ਦੀ ਆਧਾਰ ਸ਼ਿਲਾ ਰੱਖੀ। ਇਟਲੀ ਨੇ 1938 ਦਾ ਆਸਟ੍ਰੀਆ ਜਰਮਨ ਮੇਲ ਪ੍ਰਵਾਨ ਕੀਤਾ

ਅਤੇ ਇਕ ਬਾਕਾਇਦਾ ਸੰਧੀ ਨਾਲ ਦੋਸਤੀ ਨੂੰ ਮਜ਼ਬੂਤ ਕੀਤਾ। ਇਸ ਨੂੰ ਫੌਲਾਦੀ ਸਮਝੌਤਾ ਆਖਿਆ ਗਿਆ। ਸਪੇਨ ਦੀ ਘਰੇਲੂ ਜੰਗ ਵਿਚ ਦੋਹਾਂ ਸ਼ਕਤੀਆਂ ਨੇ ਜਨਰਲ ਫ੍ਰੈਂਕੋ ਦਾ ਸਾਥ ਦਿੱਤਾ। 1939 ਵਿਚ ਇਟਲੀ ਨੇ ਅਲਬਾਨੀਆ ਤੇ ਹਮਲਾ ਕਰਕੇ ਉਸ ਨੂੰ ਆਪਣੇ ਰਾਜ ਵਿਚ ਸ਼ਾਮਿਲ ਕਰ ਲਿਆ। 1939 ਵਿਚ ਦੂਜੇ ਵਿਸ਼ਵ ਯੁੱਧ ਦੇ ਸ਼ੁਰੂ ਹੋ ਜਾਣ ਤੇ ਇਟਲੀ ਨੇ ਬ੍ਰਤਾਨੀਆ ਤੇ ਫਰਾਂਸ ਵਿਰੁੱਧ 10 ਜੂਨ 1940 ਨੂੰ ਲੜਾਈ ਸ਼ੁਰੂ ਕਰ ਦਿੱਤੀ। ਇਟਲੀ ਦੇ ਸਾਥੀ ਦੇਸ਼ ਉਸ ਨਾਲ ਘਿਰਨਾ ਕਰਦੇ ਅਤੇ ਉਸ ਤੇ ਇਤਬਾਰ ਨਹੀਂ ਕਰਦੇ ਸਨ। ਅੰਤ ਵਿਚ ਉਸ ਨੂੰ ਹਾਰ ਖਾਣੀ ਪਈ, ਅਤੇ ਡਿਕਟੇਟਰ ਦੇ ਕਤਲ ਨੇ ਇਟਲੀ ਵਿਚ ਫਾਸਿਜਮ ਦਾ ਖਾਤਮਾ ਕਰ ਦਿੱਤਾ। ਫਾਸਿਜਮ ਆਪਸੀ ਫੁਟ ਤੇ ਸ਼ਰਮ ਨਾਲ ਚੂਰ-ਚੂਰ ਹੋ ਗਈ।

## ਨਾਜ਼ੀਇਜ਼ਮ

**ਉਥਾਨ :** ਜਰਮਨੀ ਦੇ 1918 ਵਿਚ ਸੈਨਿਕ ਤੌਰ ਤੇ ਢਹਿ-ਢੇਰੀ ਤੇ ਜਲੀਲ ਹੋਣ ਮਗਰੋਂ ਨਾਜੀਵਾਦ ਦੀ ਲਹਿਰ ਉਠੀ। ਫੌਜੀ ਮਸ਼ੀਨ ਚੂਰ-ਚੂਰ ਹੋ ਚੁੱਕੀ ਸੀ। ਜਰਮਨੀ ਦੀ ਪਿਤ੍ਰ-ਭੂਮੀ ਉੱਤੇ ਮਿੱਤਰ ਸ਼ਕਤੀਆਂ ਦੀਆਂ ਫੌਜਾਂ ਕਬਜਾ ਜਮਾਈ ਬੈਠੀਆਂ ਸਨ। ਰੂਸ ਦੀ ਕੈਦ ਤੋਂ ਵਾਪਸ ਮੁੜਨ ਵਾਲੇ ਜਰਮਨ ਜੰਗ ਕੈਦੀ ਆਪਣੇ ਨਾਲ ਕਮਿਊਨਿਜ਼ਮ ਦੀ ਛੂਤ ਲੈ ਆਏ ਸਨ। ਵਰਸਾਇ ਸੰਧੀ ਦੀਆਂ ਸ਼ਰਤਾਂ ਸਖਤ ਬਦਲੇ ਦੀ ਭਾਵਨਾ ਨਾਲ ਘੜੀਆਂ ਗਈਆਂ ਸਨ ਅਤੇ ਜਰਮਨ ਸਾਮਰਾਜ ਦੇ ਨੁਕਸਾਨ ਤੋਂ ਇਲਾਵਾ ਜਰਮਨੀ ਦੀ ਪਿੱਠ ਤੇ ਇਕ ਜਬਰਦਸਤ ਜੰਗੀ ਤਾਵਾਨ ਨੂੰ ਲੱਦ ਦਿੱਤਾ ਗਿਆ ਸੀ। ਇਸ ਦੇ ਨਾਲ ਨਾਲ ਉਸ ਉਤੇ ਹਰਜਾਨੇ ਦਾ ਮਾਰੂ ਭਾਰ ਸੁੱਟ ਦਿੱਤਾ ਗਿਆ ਸੀ। ਸੋਸ਼ਲ ਡੈਮੋਕ੍ਰੈਟਿਕ ਪਾਰਟੀ ਦੇ ਨੇਤਾ ਹੈਰ ਇਬ੍ਰਟ ਚਾਂਸਲਰ ਹੇਠ ਜਰਮਨੀ ਗਣਤੰਤਰ ਬਣ ਚੁੱਕਾ ਸੀ, ਪਰ ਲੋਕ-ਤੰਤ੍ਰੀ ਸੰਸਥਾਵਾਂ ਭਲੀ ਪ੍ਰਕਾਰ ਨਹੀਂ ਚਲ ਰਹੀਆਂ ਸਨ ਅਤੇ ਇਹ ਸਰਕਾਰ ਜੰਗ ਉਪਰੰਤ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਨਿਰਬਲ ਸਨ। ਲੋਕਾਂ ਦੀਆ ਅੱਖਾਂ ਵਿਚ ਉਹ ਭੁੱਖ-ਮਾਰ ਸਰਕਾਰਾਂ ਸਨ, ਜਿਹੜੀਆਂ ਆਰਥਿਕ ਮੰਦ-ਹਾਲੀ ਅਤੇ ਵਧਦੀ ਬੇਰੋਜ਼ਗਾਰੀ ਦਾ ਇਲਾਜ ਨਹੀਂ ਕਰ ਸਕਦੀਆਂ ਸਨ। ਜਰਮਨ ਸਿੱਕੇ ਮਾਰਕ ਦੀ ਕੀਮਤ ਮੁਦਰਾ ਦੇ ਫੈਲਾਅ ਕਾਰਨ ਬਿਲਕੁਲ ਡਿਗ ਪਈ ਸੀ। ਇਹ ਠੀਕ ਕਿਹਾ ਜਾਂਦਾ ਸੀ "ਜੰਗ ਤੋਂ ਪਹਿਲੋ ਕੋਈ ਖਰੀਦਦਾਰ ਰੁਪਏ ਜੇਬ ਵਿਚ ਪਾ ਲੈਂਦਾ ਸੀ ਤੇ ਟੋਕਰੀ ਭਰ ਕੇ ਚੀਜ਼ਾਂ ਲੈ ਆਉਂਦਾ ਸੀ। ਹੁਣ ਉਹ ਟੋਕਰੀ ਵਿਚ ਰੁਪਏ ਲੈ ਜਾਂਦਾ ਹੈ ਤੇ ਚੀਜ਼ ਜੇਬ ਵਿਚ ਪਾ ਕੇ ਲਿਆਂਦਾ ਹੈ।" ਭੁੱਖ ਤੇ ਅਭਿਮਾਨੀ ਜਾਗ੍ਰਤੀ ਜਰਮਨਾਂ, ਜਿਨ੍ਹਾਂ ਦੀਆਂ ਸੰਵਿਧਾਨਿਕ ਰਵਾਇਤਾਂ ਕੋਈ ਤਕੜੀਆਂ ਨਹੀਂ ਸਨ, ਨੂੰ ਇਹ ਪ੍ਰਤੀਤ ਹੁੰਦਾ ਸੀ ਕਿ ਉਨ੍ਹਾਂ ਨੂੰ ਰਾਸ਼ਟਰਾਂ ਦੀ ਕਤਾਰ ਵਿਚ ਕੇਵਲ ਇਕ ਮਜ਼ਬੂਤ ਅਗਵਾਈ ਹੇਠ ਕੋਈ ਸਮਾਜਿਕ, ਰਾਜਨੀਤਕ ਅਤੇ ਮਾਨਸਿਕ ਕ੍ਰਾਂਤੀ ਹੀ ਖੜਾ ਕਰ ਸਕਦੀ ਹੈ। ਇਸ ਦੀ ਪ੍ਰਾਪਤੀ ਲਈ ਉਹ ਹਰ ਪ੍ਰਕਾਰ ਦੀ ਕੁਰਬਾਨੀ ਕਰਨ ਨੂੰ ਤਿਆਰ ਸੀ। ਰਾਜ ਦੀ ਸਰਵਉੱਚਤਾ ਤੇ ਭਲਾਈ ਲਈ ਸਫਲਤਾ ਪੂਰਵਕ ਜਰਮਨ ਕੌਮ ਜੰਗ ਤੋਂ ਪਹਿਲਾਂ ਵਾਲੇ ਗੌਰਵ ਸੁਰਜੀਤ ਕਰਨ ਦਾ ਪ੍ਰਣ ਜਿਸ ਨੇ ਦਿੱਤਾ, ਉਹ ਰਾਸ਼ਟਰੀ ਸਮਾਜਵਾਦੀ, ਜਰਮਨ ਕਾਮਿਆਂ ਦੀ ਪਾਰਟੀ (ਨ.ਸ.ਡ.ਅ.ਪ.) ਸੀ। ਇਸ ਦੀ ਨੀਂਹ 1919 ਵਿਚ ਰਖੀ ਗਈ। ਇਸ ਨੂੰ 1923 ਘਿਰਣਾਂ ਵਜੋਂ ਨਾਜੀ ਪਾਰਟੀ ਆਖਿਆ ਜਾਣ ਲਗ ਪਿਆ।

**ਐਡੋਲਫ ਹਿਟਲਰ (*1889-1945*) :** ਇਸ ਦਾ ਜਨਮ ਉੱਤਰੀ ਆਸਟ੍ਰੀਆ ਵਿਚ ਬ੍ਰੋਨੇ ਦੇ ਸਥਾਨ ਤੇ ਗਰੀਬ ਮਾਪਿਆਂ ਦੇ ਘਰ ਹੋਇਆ। ਉਸ ਨੇ ਲਿੰਜ ਵਿਖੇ ਵਿਦਿਆ ਪ੍ਰਾਪਤ ਕੀਤੀ। 1909 ਵਿਚ ਉਸ ਦੇ ਮਾਂ-ਬਾਪ ਮਰ ਗਏ ਅੰਤ 1914 ਤਕ ਉਹ ਵਿਆਨਾ ਵਿਚ ਰਹਿੰਦਾ ਰਿਹਾ। ਉਹ ਇਕ ਸਾਧਾਰਨ ਪੇਂਟਰ ਦਾ ਕੰਮ ਕਰਕੇ ਰੋਟੀ ਕਮਾਂਦਾ ਰਿਹਾ। 1914 ਵਿਚ ਉਹ ਸੀਮਾ ਪਾਰ ਕਰਕੇ ਬੈਵੇਰੀਆ ਦੀ ਪਿਆਦਾ ਫੌਜ ਵਿਚ ਭਰਤੀ ਹੋ ਗਿਆ। ਉਸ ਨੇ ਸੋਮ ਦੀ ਲੜਾਈ ਵਿਚ ਹਿੱਸਾ ਲਿਆ। ਦੋ ਵਾਰੀ ਆਇਰਨ ਕਰਾਸ (Iron Cross) ਜਿੱਤਿਆ ਅਤੇ ਕਾਰਪੋਰਲ ਬਣ ਗਿਆ। ਜੰਗਬੰਦੀ ਵੇਲੇ ਉਹ ਪੋਮਰੇਨੀਆ ਦੇ ਹਸਪਤਾਲ ਵਿਚ ਬੀਮਾਰ ਪਿਆ ਸੀ। ਜੰਗ-ਬੰਦੀ ਦੀ ਖਬਰ ਨੇ ਉਸ ਦੇ ਸਰੀਰ ਨੂੰ ਠੰਡਾ ਕਰ ਦਿੱਤਾ। ਉਹ ਮਹਿਸੂਸ ਕਰਦਾ ਸੀ ਕਿ ਹਾਰ ਜਰਮਨ ਫੌਜਾਂ ਨੂੰ ਨਹੀਂ ਹੋਈ ਪਰ ਉਨ੍ਹਾਂ ਦੀ ਪਿੱਠ ਵਿਚ ਉਨ੍ਹਾਂ ਦੇ ਨਿਰਬਲ ਆਗੂਆਂ ਅਤੇ ਲਾਲਚੀ ਯਹੂਦੀਆਂ ਨੇ ਛੁਰਾ ਘੋਪਿਆ ਹੈ। ਜਰਮਨੀ ਉੱਤੇ ਦੁਸ਼ਮਨ ਫੌਜਾਂ ਦੇ ਸੈਨਿਕ ਕਬਜ਼ੇ, ਨਿਸ਼ਤਤ੍ਰੀ-ਕਰਣ, ਸਾਮਰਾਜ ਦੇ ਟੋਟੇ ਟੋਟੇ ਹੋਣ ਅਤੇ ਕੌਮੀ ਨਿਰਾਦਰੀ ਨੇ ਉਸ ਦੇ ਬਦਲ-ਲਊ ਹਿਰਦੇ ਵਿਚ ਹਲ-ਚਲ ਮਚਾ

ਦਿੱਤੀ ਅਤੇ ਉਸ ਨੇ ਪੂਰਾ ਫੈਸਲਾ ਕਰ ਲਿਆ ਕਿ ਉਹ ਗਵਾਚੇ ਹੋਏ ਮਾਣ ਨੂੰ ਮੁੜ ਲਿਆਉਣ ਵਿਚ ਆਪਣਾ ਹਿੱਸਾ ਪਾਵੇਗਾ। ਉਸ ਨੇ ਕੱਢੇ ਹੋਏ ਫੌਜੀਆਂ, ਦੌੜੇ ਦੇਸ਼ ਭਗਤਾਂ ਨੂੰ ਜਿਹੜੇ ਉਸ ਦੇ ਵਿਚਾਰਾਂ ਨਾਲ ਸਹਿਮਤ ਸਨ, ਇਕੱਠਾ ਕੀਤਾ ਅਤੇ ਨਾਜ਼ੀ ਪਾਰਟੀ ਦੀ ਨੀਂਹ ਰੱਖੀ। ਛੇਤੀ ਹੀ ਉਸ ਨੂੰ ਖੁੱਲ੍ਹੀਆਂ ਇਕਤ੍ਰਿਤਾਵਾਂ ਵਿਚ ਆਪਣੀ ਭਾਸ਼ਨ ਸ਼ਕਤੀ ਦਾ ਪਤਾ ਲਗ ਗਿਆ। ਇਨ੍ਹਾਂ ਅਵਸਰਾਂ ਤੇ ਉਹ ਵਰਸਾਇ ਸੰਧੀ ਅਤੇ ਯਹੂਦੀਆਂ ਉੱਤੇ ਸਖਤ ਹਮਲੇ ਕਰਦਾ। 1920 ਵਿਚ ਉਨ੍ਹਾਂ ਨੇ ਨਾਜੀਇਜ਼ਮ ਦਾ ਪ੍ਰੋਗਰਾਮ ਤਿਆਰ ਕੀਤਾ।

## ਨਾਜ਼ੀਇਜ਼ਮ ਦੇ ਨਿਸ਼ਾਨੇ

1. ਵਰਸਾਇ ਸੰਧੀ ਦੇ ਪੁਰਜੇ ਕਰਨਾ।
2. ਜਰਮਨਾਂ ਦੀ ਫੌਜੀ ਸ਼ਕਤੀ ਵਿਚ ਵਾਧਾ ਕਰਨਾ।
3. ਜਰਮਨੀ ਸਾਮਰਾਜ ਦਾ ਪੁਨਰ-ਗਠਨ ਕਰਨਾ ਅਤੇ ਉਸ ਦੀਆਂ ਗਵਾਚੀਆਂ ਨੌ-ਆਬਾਦੀਆਂ ਤੇ ਫਿਰ ਕਬਜ਼ਾ ਕਰਨਾ।
4. ਯਹੂਦੀਆਂ ਨੂੰ ਬੇ-ਕੌਮ ਕਰਨਾ ਅਤੇ ਉਨ੍ਹਾਂ ਨੂੰ ਸਹਿਰੀਆਂ ਦੀ ਸੂਚੀ ਵਿਚੋਂ ਕੱਢਣਾ।
5. ਕਮਿਊਨਿਸਟਾਂ ਅਤੇ ਰਾਸ਼ਟ੍ਰ-ਵਿਰੋਧੀ ਅੰਸ਼ਾਂ ਨਾਲ ਜੂਝਣਾ।
6. ਲੋਕ-ਤੰਤ੍ਰ ਦਾ ਵਿਰੋਧ ਕਰਨਾ।
7. ਇਸਤ੍ਰੀਆਂ ਨੂੰ ਘਰਾਂ ਤਕ ਸੀਮਿਤ ਰੱਖਣਾ, ਉਨ੍ਹਾਂ ਦਾ ਮੁੱਖ ਕੰਮ ਰਾਜ ਲਈ ਬੱਚੇ ਪੈਦਾ ਕਰਨਾ ਹੈ।ਸੰਖੇਪ ਰੂਪ ਵਿਚ, ਉਨ੍ਹਾਂ ਦਾ ਪ੍ਰੋਗਰਾਮ ਇਸ ਪਾਸੇ ਵਰਸਾਯ ਤੇ ਸੈਂਟ ਜਰਮੇਨ ਦੀਆਂ ਸੰਧੀਆਂ ਦੇ ਵਿਰੁੱਧ ਲੋਕ-ਤੰਤ੍ਰ ਦੇ ਵਿਰੁੱਧ ਸੀ ਤਾਂ ਦੂਜੇ ਪਾਸੇ ਆਰੀਆ-ਕਰਣ ਸਰਬ ਜਰਮਨਾਂ ਨੂੰ ਇਕੱਠਾ ਕਰਨ, ਰੋਜ਼ਗਾਰ ਉਪਲੱਬਧ ਕਰਨ, ਪੁਨਰ-ਸਸਤਰੀਕਰਣ ਅਤੇ ਸੈਨਿਕ-ਵਾਦ ਸੀ।

ਆਪਣੇ ਮੰਤਵ ਦੀ ਪੂਰਤੀ ਲਈ ਇਹ ਜ਼ਰੂਰੀ ਸੀ ਕਿ ਨਾਜੀ ਆਪਣੀ ਪਾਰਟੀ ਦੀ ਫੌਜ (Storm Troopers) ਰੱਖਣ ਅਤੇ ਇਕੱਲੇ ਨੇਤਾ (ਫੁਹਰੱਰ) ਵਿਚ ਪੂਰਨ ਨਿਸ਼ਚਾ ਕਰਨ। ਪ੍ਰੈਸ ਤੇ ਜਲਸਿਆਂ ਰਾਹੀਂ ਉਹ ਆਪਣੇ ਵਿਚਾਰਾਂ ਦਾ ਪ੍ਰਚਾਰ ਕਰਨ ਅਤੇ ਆਪਣੇ ਵਿਰੋਧੀਆਂ ਦੇ ਜਲਸਿਆਂ ਵਿਚ ਗੜ-ਬੜ ਪੈਦਾ ਕਰਨ। ਇਹ ਸਨ ਕਮਿਊਨਿਸਟ ਤੇ ਸੋਸ਼ਲ ਡੈਮੋਕਰੇਟ। ਇਕ ਪਾਰਟੀ ਫੌਜ ਖੜੀ ਕੀਤੀ ਗਈ, ਜਿਸ ਵਿਚ ਦੋ ਭਾਗ ਸ਼ਾਮਲ ਹਨ :

1. ਭੂਰੇ-ਕੁੜਤੀਏ : ਇਨ੍ਹਾਂ ਦਾ ਕੰਮ ਆਪਣੇ ਜਲਸਿਆਂ ਦੀ ਰਾਖੀ ਕਰਨਾ ਤੇ ਵਿਰੋਧੀਆਂ ਤੇ ਜਲਸਿਆਂ ਵਿਚ ਗੜਬੜ ਪੈਦਾ ਕਰਨਾ ਸੀ।
2. ਕਾਲੇ-ਕੁੜਤੀਏ : ਇਹ ਲੀਡਰਾਂ ਦੇ ਅੰਗ ਰਖਿਅਕ ਹੁੰਦੇ ਹਨ। ਦੋਨਾਂ ਦੀਆਂ ਬਾਹਵਾਂ ਤੇ ਬਿਲੇ ਲੱਗੇ ਹੁੰਦੇ ਸਨ, ਜਿਨ੍ਹਾਂ ਉੱਤੇ ਸਵਾਸਤੀਕਾ (ਗਨੇਸ਼) ਦਾ ਚਿੰਨ੍ਹ ਹੁੰਦਾ ਸੀ-ਇਹ ਨਾਜ਼ੀ ਚਿਨ੍ਹ ਸੀ। ਇਨ੍ਹਾਂ ਤੂਰਾਨੀ ਸੈਨਿਕਾਂ ਦੀ ਭਰਤੀ ਵਿਚ ਹਿਟਲਰ ਦੀ ਸਹਾਇਤਾ ਲਈ ਹਵਾਈ ਫੌਜ ਦੇ ਕਮਾਂਡਰ ਗੋਰਿੰਗ ਦੇ ਪ੍ਰਾਪੇਗੰਡਾ ਕਰਤਾ ਗੋਬਲਜ਼ ਨੂੰ ਵਫਾਦਾਰੀ ਨਾਲ ਕੀਤੀ।

**ਨਾਜੀ ਪਾਰਟੀ ਦਾ ਵਿਕਾਸ :** 1923 ਵਿਚ ਨਾਜੀਆ ਨੇ ਬੈਵੇਰੀਆ ਸਰਕਾਰ ਦਾ ਤਖਤਾ ਉਲਟਾਉਣ ਦਾ ਇਕ ਵਿਅਰਥ ਯਤਨ ਕੀਤਾ ਜਿਸ ਨੂੰ ਮਿਊਨਿਖ ਧੱਕਾ ਕਿਹਾ ਜਾਂਦਾ ਹੈ। ਪੁਲਿਸ ਨੇ ਗੋਲੀ ਚਲਾਈ, ਜਿਸ ਨਾਲ ਬਹੁਤ ਬੰਦੇ ਮਾਰੇ ਗਏ। ਹਿਟਲਰ ਉੱਤੇ ਦੇਸ਼-ਧ੍ਰੋਹ ਦਾ ਜੁਰਮ ਲਗਾ ਤੇ ਉਸ ਨੂੰ ਪੰਜ ਸਾਲ ਕੈਦ ਹੋਈ। ਉਹ ਕੇਵਲ 13 ਮਹੀਨੇ ਜੇਲ੍ਹ ਰਿਹਾ, ਜਿਸ ਅਰਸੇ ਵਿਚ ਉਸ ਨੇ ਆਪਣੀ ਕਹਾਣੀ "ਮਾਈਨ ਕੈਂਫ" (Mein kampf ਮੇਰਾ ਸੰਘਰਸ਼) ਲਿਖੀ। ਇਸ ਪੁਸਤਕ ਵਿਚ ਉਸ ਨੇ ਅਪਾਣਾ ਪੱਕਾ ਵਿਸ਼ਵਾਸ ਬਿਆਨ ਕੀਤਾ ਕਿ ਜਰਮਨ ਸਭ ਤੋਂ ਵਧੀਆ ਨਸਲ (ਨੋਰਡਿਕ) ਵਿਚੋਂ ਹਨ ਅਤੇ ਸਭਿਅਤਾ ਦੇ ਉਸਰਈਏ ਹਨ, ਜਦੋਂ ਕਿ ਸਾਮੀ ਨਸਲਾਂ ਘਟੀਆ ਸਨ ਅਤੇ ਸਭਿਅਤਾ ਨੂੰ ਬਰਬਾਦ ਕਰਨ ਵਾਲੇ ਹਨ। ਉਸ ਨੇ ਮੰਗ ਕੀਤੀ

ਕਿ ਵਧਦੀ ਹੋਈ ਜਰਮਨ ਆਬਾਦੀ ਨੂੰ ਰਹਿਣ ਲਈ ਜਗਾ ਚਾਹੀਦੀ ਹੈ। ਉਸ ਨੇ ਵਰਸਾਇ ਸੰਧੀ ਦੀ ਨਿਖੇਧੀ ਕੀਤੀ ਅਤੇ ਬਦਲੇ ਲੈਣ ਦੀ ਸਹੁੰ ਚੁੱਕੀ। ਉਸ ਦਾ ਯਕੀਨ ਇਕ ਪਾਰਟੀ ਦੀ ਤਾਨਾਸ਼ਾਹੀ ਵਿਚ ਸੀ, ਜਿਸ ਦਾ ਇਕੋ ਇਕ ਨੇਤਾ ਹੋਵੇ ਤੇ ਜਿਸ ਦੇ ਹੁਕਮਾਂ ਨੂੰ ਬਿਨਾਂ ਕਿਸੇ ਇਤਰਾਜ਼ ਦੇ ਮੰਨਿਆ ਜਾਵੇ। ਇਸ ਪ੍ਰਬੰਧ ਵਿਚ ਸ਼੍ਰੇਣੀਆਂ ਨਹੀਂ ਹੋਣਗੀਆਂ, ਨਾ ਹੀ ਪਾਰਟੀਆਂ ਨਾ ਮਜ਼ਦੂਰ ਸੰਗਠਨ। ਅਰਥ-ਸੁਤੰਤਰ ਰਾਜਾਂ ਦਾ ਪੁਰਾਤਨ ਜਰਮਨ ਸੰਘੀ ਰਾਜ ਪ੍ਰਣਾਲੀ ਦੀ ਥਾਂ ਉੱਤੇ ਤੋਂ ਹੇਠਾਂ ਤੱਕ ਇਕ ਕੇਂਦਰਿਤ, "ਭਾਈਚਾਰਕ ਰਾਜ ਹੋਵੇਗਾ।" (ਫਿਸ਼ਰ, ਪੰਨਾ 307) "ਮਾਈਨ ਕੈਂਫ" ਨਾਜੀਆਂ ਲਈ ਖੁਦਾਈ ਹੁਕਮ ਬਣ ਗਈ। ਇਸ ਨੂੰ ਦੋਸਤਾਂ ਤੇ ਦੁਸ਼ਮਣਾਂ ਨੇ ਗੌਰ ਨਾਲ ਪੜ੍ਹਿਆ ਅਤੇ ਇਸ ਪੁਸਤਕ ਨੇ ਇਸ ਦੇ ਲੇਖਕ ਨੂੰ ਵਿਸ਼ਵ ਪ੍ਰਸਿੱਧ ਬਣਾ ਦਿੱਤਾ।

**ਨਾਜ਼ੀਵਾਦ ਦੀ ਸਫਲਤਾ :** ਦੁਨੀਆਂ ਵਿਚ 1929 ਵਿਚ ਮੰਦ-ਹਾਲੀ ਨਾਜ਼ੀਵਾਦ ਲਈ ਗੁਝੀ ਬਰਕਤ ਸਾਬਤ ਹੋਈ। ਨਾਜ਼ੀਆਂ ਨੇ ਇਸ ਭੁੱਖ-ਮਾਰ ਦਾ, ਜਿਹੜੀ ਦੇਸ਼ ਵਿਚ ਫੈਲੀ ਹੋਈ ਸੀ, ਜਿਸ ਨਾਲ ਕਾਰਖਾਨੇ ਬੰਦ ਹੋ ਗਏ, ਪੂਰਾ ਲਾਭ ਉਠਾਇਆ। 1930 ਵਿਚ ਨਾਜ਼ੀ ਜਰਮਨੀ ਦੀ ਸਭ ਤੋਂ ਵੱਡੀ ਪਾਰਟੀ ਬਣ ਗਈ। ਦੂਜੀਆਂ ਪਾਰਟੀਆਂ ਵਿਚੋਂ ਲੋਕਾਂ ਦਾ ਵਿਸ਼ਵਾਸ ਉਠ ਗਿਆ। ਬੇ-ਰੁਜ਼ਗਾਰਾਂ ਦੀਆਂ ਮੁਸੀਬਤਾਂ ਨੂੰ ਦੂਰ ਕਰਨ ਵਿਚ ਜਦੋਂ ਤਿੰਨ ਸਾਲਾਂ ਵਿਚ ਤਿੰਨ ਚਾਂਸਲਰ ਅਸਫਲ ਰਹੇ, ਤਾਂ ਪ੍ਰਧਾਨ ਹਿੰਡਨਬਰਗ ਨੇ 30 ਜਨਵਰੀ 1933 ਨੂੰ ਹਿਟਲਰ ਨੂੰ ਚਾਂਸਲਰ ਬਣਾਇਆ। ਹਿਟਲਰ ਇਸ ਤੋਂ ਵੀ ਵੱਧ ਇਕ ਨਿਰੰਕੁਸ਼ ਡਿਕਟੇਟਰ ਬਣਨਾ ਚਾਹੁੰਦਾ ਸੀ। 27 ਫਰਵਰੀ 1933 ਨੂੰ Reichstag ਦੀ ਅੱਗ ਨੇ ਉਸ ਨੂੰ ਲੋੜੀਂਦਾ ਮੌਕਾ ਦਿੱਤਾ। ਉਸ ਨੂੰ ਆਪਣੇ ਦੁਸ਼ਮਣਾਂ ਉੱਤੇ ਅਗਜਨੀ ਦਾ ਦੋਸ਼ ਲਾਇਆ ਅਤੇ ਉਨ੍ਹਾਂ ਦਾ ਸਫਾਇਆ ਕਰ ਦਿੱਤਾ। ਅਗਸਤ 1934, ਹਿੰਡਨਬਰਗ ਦੀ ਮੌਤ ਤੋਂ ਬਾਅਦ ਉਹ ਪ੍ਰਧਾਨ ਤੇ ਚਾਂਸਲਰ ਆਪ ਹੀ ਬਣ ਗਿਆ (ਜਰਮਨ ਰਾਈਖ ਦਾ ਫੁਹਰੱਰ)। ਨਿਰੰਕੁਸ਼ ਸਾਧਨਾਂ ਨਾਲ ਉਸ ਨੇ ਆਪਣੀ ਪਾਰਟੀ ਤੋਂ ਸਿਵਾ ਸਭਨਾਂ ਨੂੰ ਖਤਮ ਕਰ ਦਿੱਤਾ; ਯਹੂਦੀਆਂ ਨੂੰ ਜੇਲ-ਕੈਂਪਾਂ ਵਿਚ ਸੁੱਟ ਦਿੱਤਾ ਅਤੇ ਰੋਮਨ ਕੈਥੋਲਿਕਾਂ ਦਾ ਦਮਨ ਕੀਤਾ। ਉਸ ਦੇ ਜਾਸੂਸ ਮੁਲਾਜਮ (ਗੈਸਟੈਪੋ) ਉਸ ਦੇ ਦੁਸ਼ਮਣਾਂ ਦਾ ਪਿੱਛਾ ਕਰਦੇ ਸਨ। ਨੌਜਵਾਨਾਂ ਦੇ ਦਿਲਾਂ ਵਿਚ ਹੀ ਨਾਜੀ ਵਿਚਾਰਧਾਰਾ ਕੁਟ-ਕੁਟ ਕੇ ਭਰ ਦਿੱਤੀ ਜਾਂਦੀ ਸੀ। ਉਸ ਨੇ ਸੈਨਿਕਾਂ ਨੂੰ ਸਿੱਖਿਆ ਅਨਵਾਰੀ ਬਣਾ ਦਿੱਤੀ, ਖੁਸਕੀ, ਸਮੁੰਦਰੀ ਤੇ ਹਵਾਈ ਫੌਜਾਂ ਨੂੰ ਵਧਾ ਕੇ ਬੇ-ਰੁਜ਼ਗਾਰੀ ਖਤਮ ਕਰ ਦਿੱਤੀ। ਹੜਤਾਲਾਂ ਦੀ ਮਨਾਹੀ ਕਰ ਦਿੱਤੀ ਗਈ, ਅਤੇ ਕਾਰਖਾਨੇ ਦਿਨ-ਰਾਤ ਚਲਣ ਲਗ ਪਏ। ਖੇਤੀ-ਬਾੜੀ ਦੇ ਖੇਤਰ ਵਿਚ ਜਰਮਨੀ ਆਤਮ-ਨਿਰਭਰ ਹੋ ਗਿਆ।

**ਵਿਦੇਸ਼ੀ ਨੀਤੀ :** ਨਾਜ਼ੀਆ ਦਾ ਮੁੱਖ ਮੰਤਵ ਵਰਸਾਇ ਦੀ ਸੰਧੀ ਨੂੰ ਖਤਮ ਕਰਨਾ ਸੀ। ਮਾਰਚ 1936 ਵਿਚ ਹਿਟਲਰ ਨੇ ਰਾਈਨਲੈਂਡ ਤੇ ਮੁੜ ਕਬਜ਼ਾ ਕਰ ਲਿਆ। ਇਸ ਦੀ ਕਿਲਾਬੰਦੀ ਕੀਤੀ ਗਈ। ਇਹ ਵਰਸਾਇ ਅਤੇ ਲੋਕਾਰਨ ਸੰਧੀਆਂ ਦੀ ਖਿਲਾਫ-ਵਰਜੀ ਸੀ। ਜਰਮਨੀ ਨੇ ਰਾਸ਼ਟਰ ਸੰਘ ਨੂੰ ਛੱਡ ਦਿੱਤਾ। ਆਪਣੇ ਸੰਭਵ ਦੁਸ਼ਮਣਾਂ ਨੂੰ ਆਪਸ ਵਿਚ ਲੜਾ ਕੇ ਅਤੇ ਮਸੋਲੀਨੀ ਨਾਲ ਗਠ-ਜੋੜ ਕਰਕੇ ਇਕ ਬਰਲਿਨ-ਰੋਸ ਮੋਰਚਾ ਕਾਇਮ ਕੀਤਾ ਗਿਆ। ਦੋਹਾਂ ਨੇ ਰਲ ਕੇ ਜਾਪਾਨ ਨਾਲ ਕਮਿਊਨਿਸਟ ਵਿਰੋਧੀ ਸਮਝੌਤਾ ਕਰ ਲਿਆ। ਕੂਟਨੀਤਕ ਦਾਊ ਪੇਚ ਨਾਲ 1938 ਵਿਚ ਆਸਟ੍ਰੀਆ ਤੇ ਚੈਕੋਸਲੋਵਾਕੀਆ ਤੇ ਕਬਜ਼ਾ ਕਰ ਲਿਆ ਗਿਆ। ਇਸ ਸਾਲ ਲੀਥੂਆਨੀਆਂ ਉੱਤੇ ਜ਼ਬਰਦਸਤੀ ਕਰਨ ਦੀਆਂ ਧਮਕੀਆਂ ਨਾਲ ਹਿਟਲਰ ਨੇ ਮੇਮਨ ਲੈ ਲਿਆ। ਫਰਾਂਸੀਸੀ ਅਤੇ ਅੰਗਰੇਜ਼ੀ ਰਾਜਨੀਤਕ ਉਸ ਸਮੇਂ ਤਕ ਜੰਗ ਤੋਂ ਬਚਣਾ ਚਾਹੁੰਦੇ ਸਨ ਜਦੋਂ ਤਕ ਕਿ ਉਨ੍ਹਾਂ ਦੀਆਂ ਆਪਣੀ ਤਿਆਰੀਆਂ ਪੂਰਨ ਨਾ ਹੋ ਜਾਣ। ਉਨ੍ਹਾਂ ਨੇ ਪਤਿਆਉਣ ਦੀ ਨੀਤੀ ਅਪਨਾਈ। ਇਹ ਸਤੰਬਰ 1939 ਦੇ ਮਿਉਨਿਖ ਸਮਝੌਤੇ ਤੋਂ ਸਪਸ਼ਟ ਹੁੰਦਾ ਹੈ। ਪਰ ਜਦੋਂ ਸਤੰਬਰ 1939 ਵਿਚ ਦਾਨਜਿਗ ਤੇ ਕਬਜਾ ਕਰਨ ਲਈ ਹਿਟਲਰ ਨੇ ਪੋਲੈਂਡ ਤੇ ਹਮਲਾ ਕਰ ਦਿੱਤਾ ਤਾਂ ਉਨ੍ਹਾਂ ਨੇ ਜਰਮਨੀ ਵਿਰੁੱਧ ਲੜਾਈ ਦੀ ਘੋਸ਼ਣਾ ਕਰ ਦਿੱਤੀ। ਜੰਗ ਨੇ ਕਈ ਉਤਰਾ-ਚੜ੍ਹਾ ਵੇਖੇ ਪ੍ਰੰਤੂ ਪੂਰਬੀ ਮੋਰਚੇ ਉੱਤੇ ਰੂਸ ਦੇ ਵਿਰੁੱਧ ਅਸਫਲਤਾਵਾਂ ਦੀ ਲੜੀ ਮਿੱਤਰ-ਸ਼ਕਤੀਆਂ ਦੀ ਨੋਰਮੰਡੀ ਵਿਚ ਉਤਰਨ ਨਾਲ ਖਤਮ ਹੋਈ। ਹਿਟਲਰ ਨੂੰ ਬਰਲਿਨ ਦੇ ਖੰਡਰਾਂ ਵਿਚ ਦਬੋਚ ਲਿਆ ਗਿਆ। ਉਥੇ ਆਪਣੀ ਰਖੇਲ ਐਵਾ ਬਰਾਊਨ ਨਾਲ ਸ਼ਾਦੀ ਕਰਨ ਉਪਰੰਤ ਉਹ ਆਪਣੇ ਆਪ

ਨੂੰ 30 ਅਪਰੈਲ 1945 ਨੂੰ ਗੋਲੀ ਮਾਰ ਕੇ ਮਰ ਗਿਆ। ਉਸ ਦੇ ਨਾਲ ਹੀ ਨਾਜ਼ੀਵਾਦ ਦਾ ਅੰਤ ਹੋ ਗਿਆ, ਘੱਟੋ ਘੱਟ ਕੁਝ ਸਮੇਂ ਲਈ।

## ਹੋਰ ਪੜ੍ਹਨ ਲਈ ਪੁਸਤਕਾਂ ਦਾ ਸੰਬੰਧਿਤ ਪੰਨੇ


| | | |
|---|---|---|
| Hazen, C.D. | : | Modern History of Europe, pp. 649-76 |
| Southgate, G.W. | : | Short History of Europe, p. 178-181 |
| Fisher, H.A.L. | : | A Short History of Europe, pp. 1304-6 |
| Lipson | : | Europe in the 19th & 20th Centuries, pp. 417-22. |
| Palmer & Parkins | : | International Relations, pp. 124-30. |
| ਅਰੋੜਾ, ਏ. ਸੀ. | : | ਵਿਸ਼ਵ ਦਾ ਇਤਿਹਾਸ (1500–1950) |


## Key Words

1. ਫਾਸਿਸਟ (Fascist) - ਫਾਸਿਸਟ ਸ਼ਬਦ ਦੀ ਉਤਪੱਤੀ ਲਾਤੀਨੀ ਭਾਸ਼ਾ ਦੇ ਸ਼ਬਦ Fascio ਤੋਂ ਹੋਈ ਜਿਸ ਦਾ ਭਾਵ ਅਰਥ ਸਾਹੀਂ ਡੰਡਿਆਂ ਦਾ ਮੁੱਠਾ ਹੈ। ਪ੍ਰਾਚੀਨ ਰੋਮ ਦੇ ਸਮਰਾਟ ਜਿੱਤ ਪ੍ਰਾਪਤ ਕਰਨ ਤੋਂ ਪਿੱਛੋਂ ਆਪਣੀ ਰਾਜਧਾਨੀ ਪ੍ਰਵੇਸ਼ ਕਰਨ ਸਮੇਂ ਉਨ੍ਹਾਂ ਦੇ ਹੱਥ ਵਿਚ ਸਾਹੀ ਡੰਡਿਆਂ ਦਾ ਮੁੱਠਾ ਹੁੰਦਾ ਸੀ ਜੋ ਉਨ੍ਹਾਂ ਦੀ ਨਿਰੰਕੁਸ਼ਤਾ ਦਾ ਪ੍ਰਤੀਕ ਹੁੰਦਾ ਸੀ।
2. ਫੌਲਾਦੀ ਸਮਝੌਤਾ (Steel Pact) - 1939 ਈ. ਵਿਚ ਇਟਲੀ ਤੇ ਜਰਮਨੀ ਵਿਚਕਾਰ ਇਕ ਰਾਜਨੀਤਿਕ ਤੇ ਸੈਨਿਕ ਸਮਝੌਤਾ ਹੋਇਆ ਜਿਸ ਨੂੰ ਫੌਲਾਦੀ ਸਮਝੌਤਾ ਕਿਹਾ ਜਾਂਦਾ ਹੈ।
3. ਰੋਮ ਪੈਕਟ (Rome Pact) - 1935 ਈ. ਵਿਚ ਇਟਲੀ ਵਿਚਕਾਰ ਇਕ ਸੰਧੀ ਹੋ ਗਈ ਜਿਸ ਨੂੰ ਰੋਮ ਪੈਕਟ ਕਿਹਾ ਜਾਂਦਾ ਹੈ। ਇਸ ਸੰਧੀ ਨੇ ਦੋਹਾਂ ਦੇਸ਼ਾਂ ਵਿਚ ਉਪਨਿਵੇਸ਼ਕ ਦੁਸ਼ਮਣੀ ਖਤਮ ਕਰ ਦਿੱਤੀ।
4. ਮੇਰਾ ਸੰਘਰਸ਼ (Mein Kampf) - ਹਿਟਲਰ ਨੇ ਆਪਣੀ ਕੈਦ ਸਮੇਂ ਮੇਰਾ ਸੰਘਰਸ਼ ਨਾਮੀ ਕਿਤਾਬ ਦੀ ਰਚਨਾ ਕੀਤੀ। ਇਸ ਵਿਚ ਹਿਟਲਰ ਨੇ ਆਪਣੇ ਰਾਜਨੀਤਕ ਵਿਚਾਰਾਂ ਅਤੇ ਫਲਸਫੇ ਦਾ ਪ੍ਰਗਟਾਵਾ ਕੀਤਾ।
5. ਸਟੋਰਮ ਟਰੂਪਰਜ (Storm Troopers) - ਨਾਜੀ ਦਲ ਦੇ ਸਟੋਰਮ ਟਰੂਪਰਜ ਨਾਂ ਦੀ ਸੈਨਾ ਤਿਆਰ ਕੀਤੀ। ਹਥਿਆਰਾਂ ਨਾਲ ਲੇਸ ਇਹ ਸੈਨਿਕ ਬਦਾਮੀ ਕਮੀਜ (Brown Shirt) ਪਹਿਨਦੇ ਸਨ ਅਤੇ ਉਨ੍ਹਾਂ ਦਾ ਪ੍ਰਮੁੱਖ ਕੰਮ ਨਾਜੀ ਦਲ ਦੀਆਂ ਸਭਾਵਾਂ ਵਿਚ ਅਨੁਸ਼ਾਸਨ ਕਾਇਮ ਰੱਖਣਾ ਤੇ ਵਿਰੋਧੀ ਰਾਜਨੀਤਕ ਦਲਾਂ ਦੇ ਜਲਸਿਆਂ ਇਕ ਗੜਬੜ ਕਰਨਾ ਹੁੰਦਾ ਸੀ।

## ਆਪਣੇ ਗਿਆਨ ਨੂੰ ਪਰਖੋ

1. ਫਾਸਿਜ਼ਮ ਲਹਿਰ ਦਾ ਮੋਢੀ ਕੌਣ ਸੀ ?
2. ਮੁਸੋਲੀਨੀ ਇਟਲੀ ਦਾ ਡਿਕਟੇਟਰ ਕਦੋਂ ਬਣਿਆ ?
3. ਇਟਲੀ ਵਿਚ ਫਾਸਇਜਮ ਦੇ ਉਭਾਰ ਦੇ ਦੋ ਮੁੱਖ ਕਾਰਣ ਦੱਸੋ।
4. ਇਟਲੀ ਨੇ ਰਾਸ਼ਟਰ ਸੰਘ ਦੀ ਮੈਂਬਰੀ ਤੋਂ ਅਸਤੀਫਾ ਕਦੋਂ ਦਿੱਤਾ ?
5. ਨਾਜੀ ਦਲ ਦੇ ਦੋ ਮੁੱਖ ਉਦੇਸ਼ ਕੀ ਸਨ ?

6. ਹਿਟਲਰ ਨੇ ਜਰਮਨੀ ਚਾਂਸਲਰ ਅਤੇ ਰਾਸ਼ਟਰਪਤੀ ਦੀ ਪਦਵੀ ਕਦੋਂ ਪ੍ਰਾਪਤ ਕੀਤੀ ?
7. ਗੈਸਟੈਪੋ (Gestapo) ਕੀ ਸੀ ?
8. ਹਿਟਲਰ ਨੇ ਪੋਲੈਂਡ ਨਾਲ ਯੁੱਧ ਨਾ ਕਰਨ ਸੰਬੰਧੀ ਸਮਝੌਤਾ ਕਦੋਂ ਕੀਤਾ, ਅਜਿਹਾ ਕਰਨ ਵਿਚ ਉਸ ਦੇ ਉਦੇਸ਼ ਕੀ ਸਨ ?
9. ਹਿਟਲਰ ਦੀ ਮੌਤ ਕਦੋਂ ਅਤੇ ਕਿਸ ਤਰ੍ਹਾਂ ਹੋਈ ?

## ਤੁਹਾਡੇ ਅਭਿਆਸ ਲਈ ਪ੍ਰਸ਼ਨ

1. ਮੁਸੋਲਿਨੀ ਦੇ ਜੀਵਨ ਅਤੇ ਸਫਲਤਾਵਾਂ ਦਾ ਵੇਰਵਾ ਦਿਓ।
2. ਫਾਸਿਸਟ ਸ਼ਾਸਨ ਅਧੀਨ ਇਟਲੀ ਦੀ ਘਰੇਲੂ ਅਤੇ ਵਿਦੇਸ਼ੀ ਨੀਤੀ ਦਾ ਵਰਣਨ ਕਰੋ।
3. ਮੁਸੋਲਿਨੀ ਦੀ ਵਿਦੇਸ਼ ਨੀਤੀ ਦੀ ਪੜਚੋਲ ਕਰੋ। ਇਹ ਕਿੱਥੋਂ ਤਕ ਸਫਲ ਰਹੀ ?
4. ਉਨ੍ਹਾਂ ਪਰਿਸਥਿਤੀਆਂ ਦਾ ਵਰਣਨ ਕਰੋ ਜਿਨ੍ਹਾਂ ਕਾਰਨ ਜਰਮਨੀ ਵਿਚ ਹਿਟਲਰ ਦੀ ਸ਼ਕਤੀ ਦਾ ਉਥਾਨ ਹੋਇਆ।
5. ਹਿਟਲਰ ਦੀ ਘਰੇਲੂ ਅਤੇ ਵਿਦੇਸ਼ ਦੀ ਪੜਚੋਲ ਕਰੋ।
6. ਹਿਟਲਰ ਦੀ ਵਿਦੇਸ਼ ਨੀਤੀ ਦੂਜੇ ਮਹਾਂ-ਯੁੱਧ ਲਈ ਕਿਥੋਂ ਤਕ ਜ਼ਿੰਮੇਵਾਰ ਸੀ ?

**ਪਾਠ ਨੰਬਰ : 2.5**

# ਦੂਜੇ ਵਿਸ਼ਵ ਯੁੱਧ ਦੇ ਕਾਰਨ
## (Causes of the Second World War, 1939-1945)

### ਉਦੇਸ਼ (Objectives)

ਇਸ ਪਾਠ ਨੂੰ ਪੜ੍ਹਨ ਉਪਰੰਤ ਤੁਹਾਨੂੰ ਇਸ ਤਰ੍ਹਾਂ ਦੀ ਜਾਣਕਾਰੀ ਮਿਲੇਗੀ :

* ਦੂਜੇ ਵਿਸ਼ਵ ਦੇ ਵੱਖ-ਵੱਖ ਕਾਰਣ :-

1. ਪਹਿਲੇ ਵਿਸ਼ਵ ਯੁੱਧ ਦਾ ਵਿਰਸਾ
2. ਵਰਸਾਇ ਦੀ ਸੰਧੀ
3. ਬਦਲੇ ਦੀ ਭਾਵਨਾ
4. ਰਾਸ਼ਟਰ ਸੰਘ ਦੀ ਬੇਵਸੀ
5. ਹਿਟਲਰ ਦਾ ਉਥਾਨ

* 6. (1) ਜਬਰਦਸਤ ਵਧੀਕੀਆਂ
   (2) ਰਾਇਨਲੈਂਡ ਤੇ ਫਿਰ ਕਬਜਾ
   (3) ਆਸਟਰੀਆ ਨਾਲ ਮੇਲ
   (4) ਚੈਕੋਸਲੋਵਾਕੀਆ ਨੂੰ ਟੋਟੇ ਕਰਨਾ
   (5) ਮੇਮਲ ਤੇ ਕਬਜ਼ਾ

7. ਆਤਮ ਵਿਸ਼ਵਾਸ
8. ਲੜਾਕਾ ਫਰਾਂਸ
9. ਪਤਿਆਉਣ ਦੀ ਨੀਤੀ
10. ਰੋਮ-ਬਰਲਿਨ-ਟੋਕਿਓ ਗਠਜੋੜ

### ਦੂਜੇ ਵਿਸ਼ਵ ਯੁੱਧ ਦੇ ਪ੍ਰਭਾਵ

**(1) ਪਹਿਲੇ ਵਿਸ਼ਵ ਯੁੱਧ ਦਾ ਵਿਰਸਾ :** ਯੁੱਧ ਕਦੇ ਵੀ ਸਮੱਸਿਆਵਾਂ ਦਾ ਹੱਲ ਨਹੀਂ ਕਰਦੇ ਬਲਕਿ ਨਵੀਆਂ ਸਮੱਸਿਆ ਖੜੀਆ ਕਰ ਦੇਂਦੇ ਹਨ। ਬਾਰੂਦ ਵਾਂਗ ਉਹ ਮਲੀਆ-ਮੇਟ ਤਾਂ ਕਰਦੇ ਹਨ, ਉਸਾਰਦੇ ਨਹੀਂ। ਇਸ ਤਰ੍ਹਾਂ ਇਕ ਤਕੜਾ ਘਟਨਾ-ਚੱਕਰ ਬਣ ਜਾਂਦਾ ਹੈ, ਜਿਸ ਵਿਚ ਜੇਤੂ ਆਪਣੇ ਬਾਰੂਦ ਨੂੰ ਇਸ ਕਾਰਨ ਸੰਭਾਲ ਕੇ ਰਖਦੇ ਹਨ ਕਿ ਹਾਰੇ ਹੋਏ ਫਿਰ ਚੁਨੌਤੀ ਨ ਦੇਣ ਅਤੇ ਹਾਰੇ ਹੋਏ ਆਪਣੀਆਂ ਹਥਿਆਰਬੰਦ ਫੌਜਾਂ ਵਿਚ ਇਸ ਲਈ ਖੁਲ੍ਹਮ ਖੁਲ੍ਹਾ ਜਾਂ ਛੁਪਾ-ਛੁਪਾ ਕੇ ਵਾਧਾ ਕਰਦੇ ਹਨ ਕਿ ਉਨ੍ਹਾ ਨੂੰ ਹੋਰ ਨੁਕਸਾਨ ਨਾ ਉਠਾਣੇ ਪੈਣ।

ਇਹੀ ਪਹਿਲੇ ਵਿਸ਼ਵ ਯੁੱਧ (1914-18) ਸੰਬੰਧੀ ਆਖਿਆ ਜਾ ਸਕਦਾ ਹੈ, ਇਸ ਨੇ ਦੇਸ਼-ਪ੍ਰੇਮ ਖਾਤਰ ਬਦਲੇ ਦੀ ਅੱਗ ਨੂੰ ਬੁਝਾਉਣ ਦੀ ਥਾਂ ਹੋਰ ਭੜਕਾਇਆ। ਸ਼ਾਂਤੀ-ਨਿਪਟਾਰੇ ਨੂੰ ਘੜਨ ਵਾਲਿਆਂ ਨੇ ਯੂ. ਐਸ.ਏ. ਦੇ ਪ੍ਰਧਾਨ ਵੁਡਰੋ ਵਿਲਸਨ (1856-1924) ਦੇ ਉਸ ਸੁਫਨੇ ਨੂੰ ਕਿ ਇਹ ਜੰਗ ਹਮੇਸ਼ਾਂ ਲਈ ਖਤਮ ਕਰ ਦੇ

ਵੇਗੀ ਚਕਨਾਚੂਰ ਕਰ ਦਿੱਤਾ। ਸ਼ਾਂਤੀ ਸੰਮੇਲਨ ਨੇ ਗੱਲਬਾਤ ਰਾਹੀਂ ਨਿਬੇੜਨ ਦੀ ਥਾਂ ਸ਼ਾਂਤੀ ਨੂੰ ਜ਼ੋਰ ਨਾਲ ਮੰਨਵਾਇਆ। ਸ਼ਾਂਤੀ ਸੰਧੀ ਦੀਆਂ ਸ਼ਰਤਾਂ "ਘਿਰਣਾ" ਦੇ ਭਾਰ ਨਾਲ ਲੱਦੀਆਂ ਹੋਈਆਂ ਸਨ, ਜੇਤੂਆਂ ਦਾ ਰਵੱਈਆ ਬ੍ਰਤਾਨਵੀ ਪ੍ਰਧਾਨ ਮੰਤਰੀ ਲੋਯਡ ਜਾਰਜ ਦੇ ਜਰਮਨ ਪ੍ਰਤੀਨਿਧੀਆਂ ਨੂੰ ਆਖੇ ਇਸ ਕਥਨ ਤੋਂ ਸਪਸ਼ਟ ਸੀ, "ਸੱਜਣ, ਤੁਹਾਨੂੰ ਦਸਤਖਤ ਕਰਨੇ ਪੈਣਗੇ। ਜੇਕਰ ਤੁਸੀਂ ਵਰਸਾਇ ਵਿਚ ਨਹੀਂ ਕਰੋਗੇ ਤਾਂ ਬਰਲਿਨ ਵਿਚ ਜ਼ਰੂਰ ਕਰੋਗੇ।

**(2) ਵਰਸਾਇ ਦੀ ਸੰਧੀ :** ਇਹ ਸੰਧੀ ਜਲਦਬਾਜੀ ਵਿਚ ਤੇ ਕਦੀ ਦਬਾਵਾਂ ਹੇਠ ਬਣਾਈ ਗਈ ਸੀ, ਜਦੋਂ ਜਨਤਾ ਵਿਚ ਗੁੱਸੇ ਦੀ ਲਹਿਰ ਸਿਖਰ ਤੇ ਪਹੁੰਚੀ ਹੋਈ ਸੀ। ਜਰਮਨੀ ਦਾ ਅਪਮਾਨ ਕੀਤਾ ਗਿਆ, ਉਸ ਦਾ ਨਿਸਸਤ੍ਰੀਕਰਣ ਕੀਤਾ ਗਿਆ। ਉਸ ਦੇ ਸਾਮਰਾਜ ਦੀਆਂ ਨੌ-ਆਬਾਦੀਆਂ ਉਸ ਤੋਂ ਖੋਹ ਲਈਆਂ ਗਈਆਂ। ਉਹ ਅਜਿਹਾ ਅਛੂਤ ਬਣਾ ਦਿੱਤਾ ਗਿਆ, ਜਿਹੜਾ ਆਸਟਰੀਆ, ਹੰਗਰੀ ਤੇ ਚੈਕੋਸਲੋਵਾਕੀਆ ਵਿਚ ਰਹਿੰਦੇ ਆਪਣੇ ਲੋਕਾਂ ਨੂੰ ਗਵਾ ਬੈਠਾ। ਆਰਥਿਕ ਪੱਖ ਤੋਂ ਇਸ ਪ੍ਰਕਾਰ ਨਿਰਬਲ ਕਰ ਦਿੱਤਾ ਗਿਆ ਕਿ ਉਹ ਆਸਾਨੀ ਨਾਲ ਫਿਰ ਖੜਾ ਨਾ ਹੋ ਸਕੇ। ਇਸ ਤਰ੍ਹਾਂ 1919 ਦੇ ਨੀਤੀਵਾਨ ਪੁਰਾਣੀਆਂ ਲੀਹਾਂ ਉੱਤੇ ਹੀ ਤੁਰਦੇ ਰਹੇ। ਇੰਨਸਾਨੀ ਸੁਭਾਅ ਨੇ ਇਕ ਵਾਰੀ ਫਿਰ ਉਨ੍ਹਾਂ ਨੂੰ ਹਾਰ ਦਿੱਤੀ ਅਤੇ ਉਨ੍ਹਾਂ ਨੇ ਦੂਜੇ ਵਿਸ਼ਵ ਯੁੱਧ ਦੇ ਬੀਜ ਬੋਏ। ਉਨ੍ਹਾਂ ਨੇ ਸ਼ਾਂਤੀ ਦੀ ਸਥਾਪਨਾਂ ਨਾ ਕੀਤੀ ਬਲਕਿ ਕੇਵਲ 20 ਸਾਲ ਲਈ ਜੰਗ ਬੰਦੀ ਹੀ ਕੀਤੀ। ਸੰਧੀ ਕਰਨ ਵਾਲਿਆਂ ਵਿਚੋਂ ਇਕ ਲੋਯਡ ਜਾਰਜ ਨੇ ਇਹ ਮੰਨਿਆ "ਮਿੱਤਰ-ਸ਼ਕਤੀਆਂ ਭਵਿੱਖ ਲਈ ਨਫਰਤ ਦੇ ਕੰਡੇ ਬੀਜ ਰਹੀਆਂ ਸਨ। ਉਹ ਨਾ ਸਿਰਫ ਜਰਮਨਾਂ ਵਾਸਤੇ ਦੁਖੜਿਆਂ ਨੂੰ ਵਧਾ ਰਹੇ ਹਨ ਸਗੋਂ ਆਪਣੇ ਲਈ ਵੀ।"

**3. ਬਦਲੇ ਦੀ ਭਾਵਨਾ :** ਐਲਸੇਸ ਤੇ ਲੋਰੇਨ ਦਾ ਫ੍ਰਾਂਸ ਨੂੰ ਮੋੜਣਾ, ਉਸ ਦਾ ਰੂਹਰਵਾਦ ਅਤੇ ਸਾਰ ਤੇ ਤਾਸ ਉੱਤੇ ਕਬਜਾ, ਪੋਜੇਨ ਦਾ ਪ੍ਰਸ਼ੀਆਂ ਤੋਂ ਕੱਟਣਾ, ਡੈਂਜ਼ਿਗ ਉੱਤੇ ਨਿਯੰਤ੍ਰਣ ਲਈ ਪੋਲਿਸ਼ ਇਲਾਕੇ ਦਾ ਕਾਇਮ ਕਰਨਾ ਅਤੇ ਲੀਥੂਆਨੀਆਂ ਨੂੰ ਸੇਮਲ ਦਾ ਤੋਹਫਾ ਦੇਣਾ, ਸਾਰੀਆਂ ਗੱਲਾਂ ਨੇ ਜਾਗ੍ਰਿਤ ਤੇ ਸਵੈਮਾਨੀ ਜਰਮਨਾ ਦੇ ਮਨਾਂ ਵਿਚ ਕੁੜਤਣ ਪੈਦਾ ਕੀਤਾ ਅਤੇ ਇਨ੍ਹਾਂ ਵਿਚ ਬਦਲੇ ਲਈ ਜੰਗ ਦੀ ਭਾਵਨਾ ਉਤਪੰਨ ਕੀਤੀ। ਜਰਮਨ ਇਸ ਡੂੰਘੀ ਬੇ-ਹੁਰਮਤੀ ਨੂੰ ਨਾ ਤਾਂ ਵਿਸਾਰ ਸਕਦੇ ਸਨ ਅਤੇ ਨਾ ਹੀ ਮੁਆਫ ਕਰ ਸਕਦੇ ਸਨ। ਇਹ ਜ਼ਰੂਰੀ ਸੀ ਕਿ ਉਹ ਫਿਰ ਉਠਣ ਅਤੇ ਆਪਣੇ ਗੁਆਚੇ ਹੋਏ ਨੁਕਸਾਨਾਂ ਨੂੰ ਪੂਰਾ ਕਰਨ ਦਾ ਦਾਅਵਾ ਕਰਨ ਤੇ ਬੇ-ਇਜਤੀ ਦਾ ਬਦਲਾ ਲੈਣ। ਅਗਲੀ ਜੰਗ ਦਾ ਭੂਤ ਛੇਤੀ ਹੀ ਨਜ਼ਰ ਆਣ ਲਗ ਪਿਆ।

**4. ਰਾਸ਼ਟਰ ਸੰਘ ਦੀ ਬੇਵਸੀ :** ਰਾਸ਼ਟਰ ਸੰਘ ਦੀ ਪਹਿਲੇ ਵਿਸ਼ਵ ਯੁੱਧ ਨਾਲ ਹੋਏ ਜਾਨੀ ਤੇ ਮਾਲੀ ਨੁਕਸਾਨਾਂ ਵਿਰੁੱਧ ਇਕ ਅਸਥਾਈ ਭਾਵਨਾ ਸੀ। ਡਾ. ਰਾਧਾ ਕ੍ਰਿਸ਼ਨਨ ਨੇ ਲਿਖਿਆ ਹੈ ਕਿ "ਇਹ ਸੰਘ ਦੀ ਇਕ ਫੋਕੇ ਕਾਰਤੂਸ ਚਲਾਉਣ ਵਾਲੀ ਇਕ ਬੰਦੂਕ ਸੀ।" ਬਾਗੀ ਮੈਂਬਰਾਂ ਉੱਤੇ ਦਬਾਅ ਪਾਉਣ ਲਈ ਇਸ ਕੋਲ ਫੌਜੀ ਸ਼ਕਤੀ ਨਹੀਂ ਸੀ। ਇਹ ਬੰਦਸ਼ਾਂ (Sanctions) ਦਾ ਸਹਾਰਾ ਲੈਂਦਾ ਸੀ, ਜਿਹੜੀਆਂ, ਜੇਕਰ ਲਗਾ ਵੀ ਦਿੱਤੀਆਂ ਜਾਂਦੀਆਂ ਤਾਂ ਵੀ ਬੇ-ਦਿਲੀ ਨਾਲ ਲਗਦੀਆਂ ਸਨ। ਇਹ ਮਨਜੂਰੀਆਂ, ਚੀਨ ਤੇ ਜਾਪਾਨੀ ਵਿਚ ਐਬੀਸੀਨੀਆਂ ਵਿਚ ਇਤਾਲਵੀ ਤੇ ਫਿਨਲੈਂਡ ਵਿਚ ਰੂਸੀ ਵਧੀਕੀਆਂ ਨੂੰ ਰੋਕਣ ਵਿਚ ਅਸਮਰਥ ਰਿਹਾ। ਜਰਮਨੀ ਦੀਆਂ ਵਧੀਕੀਆਂ ਵਿਰੁੱਧ ਆਪਣੇ ਬਲ ਦੱਸਣ ਵਿਚ ਇਹ ਬੁਰੀ ਤਰ੍ਹਾਂ ਅਸਫਲ ਰਿਹਾ।

ਦੂਜੇ ਵਿਸ਼ਵ ਯੁੱਧ ਛਿੜਨ ਤਕ ਰਾਸ਼ਟਰ ਸੰਘ ਵਾਸਤਵ ਵਿਚ ਮਰ ਚੁੱਕਾ ਸੀ। ਇਹ ਮੰਦੇ ਭਾਗ ਸਨ ਕਿ ਜਦੋਂ ਸੰਸਾਰ ਮੌਤ ਦੇ ਮੂੰਹ ਵਿਚ ਆ ਗਿਆ, ਉਸ ਸਮੇਂ ਕੋਈ ਅਜੇਹੀ ਸੰਸਥਾ ਨਹੀਂ ਸੀ, ਜਿਹੜੀ ਮਨੇਵਾ ਕਰ ਸਕਦੀ।

**5. ਹਿਟਲਰ :** ਹਿਟਲਰ, ਜਿਹੜਾ 1933 ਵਿਚ ਜਰਮਨੀ ਦਾ ਚਾਂਸਲਰ ਬਣਿਆ, ਯਕੀਨ ਰਖਦਾ ਸੀ ਕਿ ਕੌਮਾਂ ਦੀ ਕਤਾਰ ਵਿਚ ਕੇਵਲ ਜੰਗ ਹੀ ਜਰਮਨੀ ਨੂੰ ਫਿਰ ਖੜਾ ਕਰ ਸਕਦੀ ਹੈ ਅਤੇ ਇਹ ਜੰਗ ਉਸ ਦੀ ਜ਼ਿੰਦਗੀ ਵਿਚ ਹੋਣੀ ਚਾਹੀਦੀ ਹੈ। ਇਸ ਲਈ ਜ਼ਰੂਰੀ ਹੈ ਕਿ ਉਹ ਮੌਕੇ ਨੂੰ ਹੱਥੋਂ ਨਾ ਜਾਣ ਦੇਵੇ

ਅਤੇ ਉਸ ਤੋਂ ਲਾਭ ਉਠਾਵੇ। ਉਸ ਦਾ ਪਹਿਲਾ ਮੁੱਖ ਕੰਮ ਵਰਸਾਇ ਸੰਧੀ ਨੂੰ ਫਾੜ ਕੇ ਰੱਦੀ ਦੀ ਟੋਕਰੀ ਵਿਚ ਸੁੱਟਣਾ ਸੀ। ਉਸਨੇ ਇਹ ਦਾਅਵਾ ਕਰਕੇ ਕਿ ਜਲਦੀ ਤੋਂ ਜਲਦੀ ਇੰਜ ਕਰੇਗਾ, ਆਪਣੇ ਬੇ-ਸਬਰੇ ਸਰੋਤਾ ਜਿਨ੍ਹਾਂ ਉੱਤੇ ਜਾਦੂ ਦਾ ਅਸਰ ਪਾਇਆ। ਉਸ ਨੇ ਗਰਜ ਕੇ ਆਖਿਆ ਕਿ "ਸਭ ਤੋਂ ਚੰਗੀ ਮੌਤ ਉਹ ਹੈ ਜਿਹੜੀ ਮੈਦਾਨ ਵਿਚ ਹੋਵੇ। ਇਹ ਸੁਣ ਕੇ ਉਸ ਦੇ ਸੁਣਨ ਵਾਲੇ ਜੋਸ਼ ਵਿਚ ਆ ਕੇ ਝੂਮਦੇ ਸਨ। ਉਨ੍ਹਾਂ ਨੂੰ ਉਸ ਦੇ ਯਹੂਦੀਆਂ ਵਿਰੁੱਧ, ਕਮਿਊਨਿਸਟਾਂ ਵਿਰੁੱਧ, ਉਦਾਰ-ਵਾਦ ਵਿਰੁੱਧ, ਬੁੱਧੀ-ਜੀਵਾਂ ਵਿਰੁੱਧ ਅਤੇ ਇਸਤਰੀਆਂ ਵਿਰੁੱਧ ਪ੍ਰੋਗਰਾਮ ਨੂੰ ਜੰਗੀ ਸੈਨਿਕ ਰਾਸ਼ਟ੍ਰ ਏਕਤਾ ਅਤੇ ਨਿਊਟੈਨੀ ਸਰਵਉੱਚਤਾ ਲਈ ਸਵੀਕਾਰ ਕਰ ਲਿਆ।

**6. ਜਬਰਦਸਤ ਵਧੀਕੀਆਂ :** (i) 1933 ਤੋਂ 1936 ਤਕ ਦੇ ਤਿੰਨ ਸਾਲਾਂ ਵਿਚ ਹਿਟਲਰ ਪੁਨਰ-ਸਸਤ੍ਰੀਕਰਣ ਉਤੇ ਜੋਰ ਲਾਇਆ। 1933 ਵਿਚ ਉਸ ਨੇ ਜਰਮਨੀ ਨੂੰ ਲੀਗ ਤੋਂ ਕੱਢ ਲਿਆ ਅਤੇ 1935 ਵਿਚ ਜਬਰਨ ਭਰਤੀ ਸ਼ੁਰੂ ਕਰ ਦਿੱਤੀ। ਥਲ, ਜਲ ਅਤੇ ਹਵਾਈ ਫੌਜਾਂ ਨੂੰ ਬਣਾਇਆ। ਤੀਜੀ ਰਾਈਖ (Reich) ਨੂੰ ਜੰਗ ਲਈ ਪੂਰੇ ਤੌਰ ਤੇ ਤਿਆਰ ਬਰ ਤਿਆਰੀ ਕੀਤਾ। ਉਸ ਨੇ ਆਪਣੇ ਲੋਕਾਂ ਨੂੰ ਆਖਿਆ ਕਿ ਗਵਾਚੇ ਹੋਏ ਇਲਾਕਿਆਂ ਨੂੰ ਫਿਰ ਜਿੱਤਣ ਲਈ ਵਾਹਿਗੁਰੂ ਅਗੇ ਜੋਦੜੀਆਂ ਕੰਮ ਨਹੀਂ ਕਰ ਸਕਣਗੀਆਂ ਨਾ ਹੀ ਰਾਸ਼ਟਰ ਸੰਘ ਉੱਤੇ ਪਵਿੱਤਰ ਆਸਾ ਬੰਨ੍ਹ ਕੇ ਇਹ ਕੰਮ ਸੰਪੂਰਨ ਹੋ ਸਕੇਗਾ ਬਲਕਿ ਇਹ ਸਸਤ੍ਰਬੰਦ ਸ਼ਕਤੀ ਹੀ ਕਰ ਸਕੇਗੀ।

**(ii) ਰਾਇਨਲੈਂਡ ਤੇ ਫਿਰ ਕਬਜਾ :** ਇਹ ਖੇਤਰ ਬੈਲਜੀਅਮ ਦੀ ਲੁਕਸਮਬ੍ਰਗ ਤੇ ਫ੍ਰਾਂਸ ਸੀਮਾ ਤੇ ਹੈ। ਵਰਸਾਇ ਦੀ ਸੰਧੀ ਨੇ ਇਸਨੂੰ 15 ਸਾਲ ਲਈ ਮਿੱਤਰ-ਸ਼ਕਤੀਆਂ ਦੀਆਂ ਫੋਜਾਂ ਥੱਲੇ ਰਖਿਆ ਸੀ ਅਤੇ ਦਰਿਆ ਦੇ ਸੱਜੇ ਕੰਢੇ ਦੇ 30 ਮੀਲ ਖੇਤਰਨਿਸਸਤ੍ਰੀਕਰਣ ਕਰ ਦਿੱਤਾ ਸੀ ਕਿਉਂਕਿ ਜਰਮਨੀ ਦੇ ਹਰਜਾਨੇ ਦੀ ਰਕਮ ਉਤਾਰਨ ਵਿਚ ਢਿੱਲ ਪਾ ਦਿੱਤੀ ਸੀ। ਫ੍ਰਾਂਸ ਅਤੇ ਬੈਲਜੀਅਮ ਨੂੰ ਬਹਾਨਾ ਮਿਲ ਗਿਆ ਕਿ ਉਹ 1923 ਵਿਚ ਰੂਹਰ ਤਾਸ ਉੱਤੇ ਕਬਜ਼ਾ ਕਰ ਲੈਣ। ਇਹ ਜਰਮਨੀ ਦੀਆਂ ਖਾਨਾਂ ਅਤੇ ਉਦਯੋਗ ਦਾ ਮੁੱਖ ਕੇਂਦਰ ਸੀ। ਅੰਗਰੇਜ਼ ਅਤੇ ਅਮਰੀਕਨਾਂ ਨੇ ਇਸ ਕਦਮ ਦਾ ਵਿਰੋਧ ਕੀਤਾ ਪਰ ਜਰਮਨੀ ਨੂੰ ਇਹ ਡਰ ਸੀ ਕਿ ਫ੍ਰਾਂਸ ਇਸ ਤੇ ਫਿਰ ਕਬਜਾ ਕਰ ਲਏਗਾ। 1936 ਵਿਚ ਹਿਟਲਰ ਦੀਆਂ ਫੌਜਾਂ ਨੇ ਇਸ ਨਿਸ਼ਸਤ੍ਰਿਤ ਖੇਤਰ ਉਤੇ ਕਬਜ਼ਾ ਜਮਾ ਲਿਆ। ਇਹ ਵਰਸਾਯ ਅਤੇ ਲੋਕਾਰਨੋ ਸੰਧੀਆਂ ਦੀ ਖੁਲ੍ਹਮ-ਖੁਲ੍ਹਾ ਖਿਲਾਫ ਵਰਜੀ ਸੀ ਕਿਉਂਕਿ ਬ੍ਰਤਾਨਵੀ ਐਬੀਸੀਨੀਆ ਦੇ ਸੰਕਟ ਵਿੱਚ ਰੁੱਝ ਹੋਏ ਸਨ, ਉਹ ਰੋਸ਼ ਪ੍ਰਗਟ ਕਰਕੇ ਹੀ ਚੁਪ ਹੋ ਗਏ।

**(iii) ਆਸਟ੍ਰੀਆ ਨਾਲ ਮੇਲ** : ਵਰਸਾਯ ਤੇ ਸੈਂਟ ਜਰਮੇਨ ਦੀਆਂ ਸੰਧੀਆਂ ਨੇ ਇਨ੍ਹਾਂ ਦੋਨਾਂ ਦੇਸ਼ਾਂ ਦੇ ਏਕੀਕਰਣ ਦੀ ਮਨਾਹੀ ਕੀਤੀ ਸੀ। 1934 ਵਿਚ ਨਾਜ਼ੀਆਂ ਦੀ ਇਕ ਕੋਸ਼ਿਸ਼ ਵਿਚ ਚਾਂਸਲਰ ਡੇਲਫੱਸ (1892-1934) ਵਿਚ ਮਾਰਿਆ ਗਿਆ। ਚਾਰ ਸਾਲ ਜਰਮਨ ਫੌਜਾਂ ਨੂੰ ਆਸਟਰੀਆ ਉੱਤੇ ਕਬਜ਼ਾ ਕਰਨ ਲਈ ਸੱਦਾ ਭੇਜਿਆ। ਨਾਜੀਆਂ ਥਲੇ ਹੋਏ ਇਕ ਜਨ-ਮੱਤ ਨੇ ਇਸ ਕਬਜ਼ੇ ਨੂੰ 10 ਅਪਰੈਲ, 1938 ਨੂੰ ਕਾਨੂੰਨੀ ਬਣਾ ਦਿੱਤਾ।

**(iv) ਚੈਕੋਸਲੋਵਾਕੀਆ ਨੂੰ ਟੋਟੇ ਕਰਨਾ :** ਵਿਸਥਾਰ ਦੀ ਭੁੱਖ ਭੜਕ ਰਹੀ ਸੀ। ਆਪਣੇ ਸਮਝੌਤਿਆਂ ਤੇ ਦੋਸਤੀ ਦੇ ਵਿਖਾਵਿਆਂ ਨਾਲ ਹਿਟਲਰ ਨੇ ਲੋਰੀਆਂ ਦੇ ਕੇ ਆਪਣੇ ਦੁਸ਼ਮਣਾਂ ਨੂੰ ਸਵਾ ਰਖਿਆ ਸੀ। 1936 ਦੇ ਰੋਮ-ਬਰਲਿਨ ਗਠਜੋੜ ਨੇ ਉਸ ਨੂੰ ਦਲੇਰ ਬਣਾ ਦਿੱਤਾ ਸੀ। ਸੇਂਟ ਜਰਮੇਨ ਦੀ ਸੰਧੀ ਅਨੁਸਾਰ ਉੱਤਰੀ ਬੋਹੀਮੀਆ ਦੇ ਸੁਡੇਟਨਲੈਂਡ, ਜਿਸ ਵਿਚ ਤਲਖ ਜਰਮਨ ਲੋਕ ਆਬਾਦ ਸਨ, ਚੈਕੋਸਲੋਵਾਕੀਆ ਨੂੰ ਦੇ ਦਿੱਤਾ ਗਿਆ ਸੀ। 1935 ਕੋਨਾਰਡ ਹੈਨਲੇਨ ਦੀ ਪਾਰਟੀ, ਜਿਸਨੂੰ ਨਾਜੀ ਵਿਤੀ ਸਹਾਇਤਾ ਦਿੰਦੇ ਹਨ, ਜਰਮਨੀ ਨਾਲ ਏ ਕੀਕਰਣ ਲਈ ਅੰਦੋਲਨ ਚਲਾਇਆ। ਚੈਕ ਸਰਕਾਰ ਨੇ ਇਸ ਦਾ ਮੁਕਾਬਲਾ ਕੀਤਾ ਕਿਉਂਕਿ ਉਨ੍ਹਾਂ ਦੇ ਕਾਰਨਾਮੇ ਅਤੇ ਜੰਗੀ ਸਾਮਾਨ ਦਾ ਕੇਂਦਰ ਇਸ ਖੇਤਰ ਵਿਚ ਸਥਿਤ ਸਨ। ਹਿਟਲਰ ਨੇ ਜੰਗ ਦੀ ਧਮਕੀ ਦਿੱਤੀ ਅਤੇ ਯੂਰਪੀ ਕੌਮਾਂ ਇਸ ਸੰਭਾਵਨਾ ਤੋਂ ਡਰ ਗਈਆਂ। 25 ਸਤੰਬਰ 1938 ਨੂੰ ਨੇਵਿਲ ਚੈਂਬਰਲੇਨ,

ਮੁਸੋਲੀਨੀ ਤੇ ਦਾਲਾਦੀ ਹਿਟਲਰ ਨੂੰ ਮਿਲੇ ਅਤੇ ਮਿਊਨਿਖ ਸਮਝੌਤੇ ਤੇ ਦਸਤਖਤ ਹੋਏ ਜਿਸ ਨਾਲ ਹਿਟਲਰ ਦੀਆਂ ਮੰਗਾਂ ਇਸ ਸ਼ਰਤ ਤੇ ਮੰਨ ਲਈ ਗਈਆਂ ਕਿ ਉਹ ਹੋਰ ਕੁਝ ਨਹੀਂ ਮੰਗੇਗਾ। ਪਰ ਮਾਰਚ 1939 ਵਿਚ ਉਹ ਬੋਹੀਮੀਆ ਤੇ ਮੋਰੇਵੀਆ ਹੜਪ ਕਰ ਗਿਆ। ਇਸ ਤਰ੍ਹਾਂ ਚੈਕੋਸਲੋਵਾਕੀਆ ਦਾ ਅੰਤ ਹੋ ਗਿਆ।

**(v) ਮੇਮਲ ਤੇ ਕਬਜ਼ਾ :** ਚੈਕੋਸਲੋਵਾਕੀਆ ਦੇ ਮਗਰੋਂ ਲੀਥੁਆਨੀਆਂ ਦੀ ਵਾਰੀ ਆਈ। ਉਸ ਨੂੰ ਫੌਰੀ ਹੁਕਮ ਦਿੱਤਾ ਗਿਆ ਕਿ ਉਹ ਸੁਮੰਦਰ ਤਟੀ ਨਗਰ ਮੇਮਲ ਤੇ ਉਸ ਦੇ ਚੁਫੇਰੇ ਇਲਾਕੇ ਨੂੰ ਦੇ ਦੇਵੇ। ਜੰਗੀ ਮਨੋ-ਭਾਵਨਾ ਪੈਦਾ ਕੀਤੀ ਗਈ। ਪਰ ਮਾਰਚ 1939 ਵਿਚ ਲੀਥੁਆਨੀਆ ਨੇ ਮੇਮਲ ਹਿਟਲਰ ਦੇ ਹਵਾਲੇ ਕਰ ਦਿੱਤਾ।

“ਇਸ ਪ੍ਰਕਾਰ ਕਾਨੂੰਨ ਨਾਲ ਜਾਂ ਬੇ-ਕਾਨੂੰਨੀ ਨਾਲ, ਵਾਅਦੇ ਨਾਲ, ਧਮਕੀਆਂ ਨਾਲ ਜਾਂ ਜੋਰ ਨਾਲ, ਸਿੱਧੇ ਤਰੀਕੇ ਨਾਲ ਜਾਂ ਪੁਠੇ ਨਾਲ, ਉਸ ਨੇ ਆਪਣਾ ਉਲੂ ਸਿਧਾ ਕੀਤਾ।” (ਕੈਟਲਬੀ, ਪੰਨਾ 427)

**(vi) ਦਾਨਜਿਗ ਲੈਣ ਦੇ ਮਨਸੂਬੇ ਅਤੇ ਜੰਗ ਦਾ ਆਰੰਭ :** ਭਾਵੇਂ 1934 ਵਿਚ ਜਰਮਨ ਨੇ ਪੋਲੈਂਡ ਨਾਲ 10 ਸਾਲ ਦਾ ਆਕ੍ਰਮਣ ਨਾ ਕਰਨ ਦਾ ਸਮਝੌਤਾ ਕੀਤਾ ਹੋਇਆ ਸੀ, ਪ੍ਰੰਤੂ ਹਿਟਲਰ ਦੀਆਂ ਅੱਖਾਂ ਵਿਚ ਕੋਈ ਸਮਝੌਤਾ ਵੀ ਅਟੁਟ ਨਹੀਂ ਸੀ, ਅਤੇ ਉਸ ਨੇ ਪੋਰੈਂਤ ਅੱਗੇ ਆਪਣੀਆਂ ਮੰਗਾਂ ਰਖੀਆਂ।

ਵਰਸਾਇ ਦੀ ਸੰਧੀ ਨੇ ਪੋਲੈਂਡ ਨੂੰ ਸਮੁੰਦਰ ਤਕ ਰਾਹ (ਪੋਲਿਸ਼ ਕੌਰੀਡੋਰ) ਦੇਣ ਲਈ ਦਾਨਜਿਗ ਨੂੰ ਰਾਸ਼ਟਰ ਸੰਘ ਦੇ ਥਲੇ ਇਕ ਆਜ਼ਾਦ ਸ਼ਹਿਰ ਬਣਾਇਆ ਸੀ। ਇਸ ਦੀ ਵਸੋਂ ਬਹੁਤੀ ਜਰਮਨਾਂ ਦੀ ਸੀ, ਪਰ ਇਸ ਦੀ ਵਿਦੇਸ਼ੀ ਨੀਤੀ ਅਤੇ ਸਮੁੰਦਰੀ ਮਹਸੂਲ ਪੋਲੈਂਡ ਦੇ ਹੱਥਾਂ ਵਿਚ ਸਨ। ਇਕ ਸਥਾਨਕ ਲੀਡਰ ਫੋਰਸਟਰ ਨੇ 1939 ਵਿਚ ਇਸ ਦੇ ਜਰਮਨੀ ਨਾਲ ਏਕੀਕਰਣ ਦਾ ਐਲਾਨ ਕਰ ਦਿੱਤਾ। ਇਹ ਯੂਰਪੀ ਸ਼ਕਤੀਆਂ ਲਈ ਮੰਨਣਾ ਔਖਾ ਸੀ। ਉਨ੍ਹਾਂ ਦੀ ਰਿਆਇਤਾਂ ਦੇਣ ਦੀ ਨੀਤੀ ਅਸਫਲ ਹੋ ਚੁੱਕੀ ਸੀ ਅਤੇ ਉਨ੍ਹਾਂ ਦੇ ਸਬਰ ਦਾ ਪਿਆਲਾ ਭਰ ਚੁੱਕਾ ਸੀ। ਇਸ ਕਦਮ ਨੇ ਉਹ ਜੰਗ ਛੇੜ ਦਿੱਤੀ ਜਿਸਨੂੰ ਦੂਜੇ ਅਰਥਾਂ ਵਿਚ ਹਿਟਲਰ ਦੀ ਜੰਗ ਕਿਹਾ ਜਾ ਸਕਦਾ ਹੈ।

**7. ਆਤਮ-ਵਿਸ਼ਵਾਸ :** ਰੱਖਿਆ ਦੇ ਮਾਮਲਿਆਂ ਵਿਚ ਮਹਾਨ ਸ਼ਕਤੀਆਂ 1919 ਵਿਚ ਜਰਮਨੀ ਨੂੰ ਕੁਚਲਨ ਉਪਰੰਤ ਆਤਮ-ਸੰਤੋਸ਼ ਕਰ ਕੇ ਬੈਠ ਰਹੀਆਂ ਸਨ। ਉਨ੍ਹਾਂ ਨੇ ਆਪਣੇ ਆਪਨੂੰ ਧੋਖਾ ਦਿੱਤਾ ਕਿ ਹੁਣ ਜਰਮਨੀ ਕਦੇ ਵੀ ਨਹੀਂ ਉਠ ਸਕੇਗਾ। ਜਰਮਨੀ ਨੂੰ ਰਾਸ਼ਟਰ ਸੰਘ ਵਿਚ ਦਾਖਲ ਕਰ ਲਿਆ ਗਿਆ ਅਤੇ ਉਸ ਨੇ ਲੋਕਾਰਨੋ ਸਮਝੌਤੇ (1925) ਤੇ ਹਸਤਾਖਰ ਕੀਤੇ, ਜਿਸ ਨਾਲ ਵਾਤਾਵਰਣ ਸ਼ਾਂਤ ਹੋ ਗਿਆ। ਪੋਲੈਂਡ ਨਾਲ ਉਸ ਨੇ 10 ਸਾਲਾਂ ਲਈ ਆਕ੍ਰਮਣ ਨਾ ਕਰਨਾ ਸਮਝੌਤਾ ਕੀਤਾ, ਇਟਲੀ ਨਾਲ ਗਠਜੋੜ ਕੀਤਾ (1934), ਇੰਗਲੈਂਡ ਨਾਲੋਂ ਫੌਜੀ ਸ਼ਕਤੀ ਨੂੰ ਸੀਮਤ ਕਰਨ ਦਾ ਸਮਝੌਤਾ ਕੀਤਾ, ਇਸ ਦਾ ਬਾਅਦ ਵਿਚ ਵਿਸਥਾਰ ਕਰਕੇ ਜਾਪਾਨ ਨੂੰ ਸ਼ਾਮਲ ਕੀਤਾ ਗਿਆ (1937)। ਇਸ ਪ੍ਰਕਾਰ ਇਹ ਰੋਮ-ਬਰਲਿਨ ਟੋਕੀਓ ਗਠਜੋੜ ਬਣ ਗਿਆ। ਸਭ ਤੋਂ ਵੱਧ ਗੱਲ ਇਹ ਹੋਈ ਕਿ ਹਿਟਲਰ ਅਗਸਤ 1938 ਵਿਚ ਕਮਿਊਨਿਸਟ ਰੂਸ ਨੂੰ ਜਿਹੜਾ ਉਸ ਦਾ ਕੱਟੜ ਦੁਸ਼ਮਣ ਸੀ, ਆਪਣੇ ਘੇਰੇ ਵਿਚ ਲੈ ਆਇਆ। ਉਹ ਜਾਣਦੇ ਸਨ ਕਿ ਤਾਨਾਸ਼ਾਹੀ ਤੇ ਲੋਕ-ਤੰਤ੍ਰ ਦੀਆਂ ਦੋ ਵਿਚਾਰਧਾਰਾਵਾਂ ਵਿਚ ਇਕ ਨਾਲ ਇਕ ਦਿਨ ਟੱਕਰ ਹੋ ਜਾਣੀ ਲਾਜ਼ਮੀ ਹੈ। ਇਹ ਮਸੋਲੀਨੀ ਦੇ ਇਸ ਸਾਫ-ਸਾਫ ਕਥਨ ਤੋਂ ਬਿਲਕੁਲ ਸਪਸ਼ਟ ਸੀ ਕਿ “ਦੋਨਾਂ ਵਿਚ ਕੋਈ ਸਮਝੌਤਾ ਨਹੀਂ ਹੋ ਸਕਦਾ, ਜਾਂ ਅਸੀਂ ਰਹਾਂਗੇ ਜਾਂ ਉਹ।”

**8. ਲੜਾਕਾ ਫਰਾਂਸ :** ਫਰਾਂਸ ਤਿਆਰ ਬਰ ਤਿਆਰ ਸੀ ਕਿਉਂਕਿ ਇਸ ਦੇ ਦਿਮਾਗ ਵਿਚ ਆਪਣੀ ਰੱਖਿਆ ਦਾ ਭੂਤ ਸਵਾਰ ਰਹਿੰਦਾ ਸੀ। ਉਸ ਨੇ ਜਰਮਨੀ ਦੇ ਯੁੱਧ ਸੰਬੰਧੀ ਦੰਦ ਖੱਟੇ ਕਰ ਦਿੱਤੇ ਸਨ, ਅਤੇ ਉਸ ਨੇ ਇਟਲੀ ਤੇ ਚੈਕੋਸਲੋਵਾਕੀਆ ਨਾਲ ਪ੍ਰਸਪਰ ਰਖਿਅਕ ਸਮਝੌਤੇ ਕੀਤੇ। ਜਰਮਨ-ਆਸਟ੍ਰੀਆ ਏਕਤਾ ਨੂੰ ਪਿਛੇ ਸੁੱਟਣ ਲਈ ਉਸਨੇ ਇੰਗਲੈਂਡ ਨਾਲ ਸੰਧੀ ਕੀਤੀ (1935) ਅਤੇ ਇਕ ਸ਼ਕਤੀਸ਼ਾਲੀ ਸਾਥੀ ਦੀ ਹਿਮਾਇਤ ਪ੍ਰਾਪਤ ਕਰਲ ਲਈ ਅਮਰੀਕਾ ਨਾ ਸਮਝੌਤਾ (ਕੇਲੋਗ-ਬ੍ਰਾਯਡ) ਕੀਤਾ ਗਿਆ। ਪ੍ਰਸਪਰ ਸਹਾਇਤਾ ਲਈ ਰੂਸ ਨਾਲ ਦੋਸਤੀ ਗੱਠੀ ਗਈ।

**9. ਪਤਿਆਉਣ ਦੀ ਨੀਤੀ :** ਜੰਗ ਤੋਂ ਬਚਣ ਲਈ ਪੱਛਮੀ ਸ਼ਕਤੀਆਂ ਨੇ ਜਰਮਨੀ ਨੂੰ ਇਕ ਦੇ ਬਾਅਦ ਦੂਜੀਆਂ ਰਿਆਇਤਾਂ ਦਿੱਤੀਆਂ। ਇਨ੍ਹਾਂ ਨੇ ਵਾਧਾ ਵਧਣ ਦਿੱਤਾ, ਜਦੋਂ ਕਿ ਸੰਧੀਆਂ ਦੀ ਖਿਲਾਫਵਰਜ਼ੀ ਹੁੰਦੀ ਰਹੀ, ਵਾਅਦੇ ਟੁਟਦੇ ਰਹੇ, ਅੰਤਰ-ਰਾਸ਼ਟਰੀ ਕਾਨੂੰਨ ਨੂੰ ਚੁਨੌਤੀ ਦਿੱਤੀ ਗਈ। ਉਸਨੂੰ ਵਿਸ਼ਵਾਸ ਕਰਨ ਦਾ ਹੌਸਲਾ ਹੋ ਗਿਆ ਕਿ ਉਸਨੂੰ ਇਸ ਲਈ ਰਾਜ਼ੀ ਕੀਤਾ ਜਾ ਰਿਹਾ ਹੈ, ਕਿਉਂਕਿ ਉਸ ਦੇ ਵੈਰੀ ਕਮਜ਼ੋਰ ਹਨ। ਇਸ ਨੂੰ ਖੁਸ਼ ਕਰਨ ਦੀ ਨੀਤੀ ਦਾ ਸਿਖਰ ਮਿਉਨਿਖ ਸਮਝੌਤੇ (ਸਤੰਬਰ 1938) ਨਾਲ ਹੋਇਆ ਜਿਹੜਾ ਵਿੰਸਟਨ ਚਰਚਿਲ ਦੇ ਸ਼ਬਦਾਂ ਵਿਚ "ਬਰਤਾਨੀਆ ਦੀ ਪੂਰਨ ਅਮਿਟ ਹਾਰ ਸੀ।" ਇਹ ਸ਼ਾਂਤੀ ਮੁਸ਼ਕਲ ਨਾਂਲ 11 ਮਹੀਨੇ ਕਾਇਮ ਰਹੀ।

**10. ਰੋਮ-ਬਰਲਿਨ-ਟੋਕਿਓ ਗਠਜੋੜ :** ਜਾਪਾਨ ਇਕ ਸਾਮਰਾਜੀ ਸ਼ਕਤੀ ਬਣ ਚੁੱਕਾ ਸੀ। 1931 ਵਿਚ ਮੰਚੂਰੀਆ ਵਿਚ ਮੰਚੁਕੋ ਦੀ ਕਠ-ਪੁਤਲੀ ਸਰਕਾਰ ਕਾਇਮ ਕਰਨ ਮਗਰੋਂ ਉਹ 1933 ਵਿਚ ਰਾਸ਼ਟਰ ਸੰਘ ਵਿਚੋਂ ਬਾਹਰ ਨਿਕਲ ਆਇਆ ਸੀ। ਜਾਪਾਨ ਨੂੰ ਦੁੱਖ ਸੀ ਕਿ ਉਸ ਦੀ ਸਮੁੰਦਰੀ ਤਾਕਤ ਯੂ.ਐਸ.ਏ. ਤੋਂ 60 ਪ੍ਰਤੀਸ਼ਤ ਸੀਮਤ ਕੀਤੀ ਗਈ ਸੀ। (ਵਾਸ਼ਿੰਗਟਨ ਨਿਪਟਾਰਾ 1921) ਅਤੇ ਬਰਾਬਰੀ ਦੀ ਮੰਗ ਕਰਦਾ ਸੀ। ਉਸ ਦਾ ਵਿਚਾਰ ਸੀ ਕਿ ਉਹ ਸ਼ਾਂਤ ਸਾਗਰ ਦੀ ਰਾਣੀ ਹੈ ਜਿਸ ਦੇ ਭਾਗਾਂ ਵਿਚ ਇਸ ਦੀਆਂ ਲਹਿਰਾਂ ਤੇ ਰਾਜ ਕਰਨਾ ਲਿਖਿਆ ਹੋਇਆ ਹੈ। ਉਹ ਦੱਖਣ-ਪੂਰਬ ਏਸ਼ੀਆ ਵਿਚ ਸਾਮਰਾਜ ਸਥਾਪਤ ਕਰਨ ਦੀਆਂ ਤਜਵੀਜ਼ਾਂ ਘੜੀ ਬੈਠਾ ਸੀ। ਉਸ ਨੇ ਯੂ.ਐਸ.ਏ. ਦੇ ਨਾਲ ਕੀਤਾ ਨਿਪਟਾਰਾ 1936 ਵਿਚ ਖਤਮ ਕਰ ਦਿੱਤਾ ਅਤੇ ਜਰਮਨੀ ਨਾਲ ਕਮਿਊਨਿਜ਼ਮ ਵਿਰੁੱਧ ਸਮਝੌਤਾ ਕੀਤਾ ਤਾਂ ਕਿ ਕਮਿਊਨਿਜ਼ਮ ਦੀਆਂ ਉਠਦੀਆਂ ਲਹਿਰਾਂ ਦਾ ਵਿਰੋਧ ਕਰ ਸਕੇ। ਇਸ ਸਮਝੌਤੇ ਨੂੰ 1937 ਵਿਚ ਇਕ ਤਿਕੋਨੀ ਰੋਮ ਬਰਲਿਨ ਟੋਕੀਓ ਗਠਜੋੜ ਵਿਚ ਬਦਲ ਦਿੱਤਾ ਗਿਆ।

ਇਨ੍ਹਾਂ ਉਪਰੋਕਤ ਕਾਰਣਾਂ ਕਰਕੇ ਸੰਸਾਰ ਇਕ ਵਾਰੀ ਫਿਰ ਜੰਗ ਦੇ ਚੱਕਰ ਵਿਚ ਫਸ ਗਿਆ, ਜਿਸ ਵਿਚ ਬਰਤਾਨੀਆਂ ਮਹਾਨ, ਉਸ ਦੇ ਸੰਘੀ ਦੇਸ਼ (ਸਿਵਾਏ ਆਇਰਲੈਂਡ), ਫਰਾਂਸ, ਯੂ.ਐਸ.ਏ., ਯੂ.ਐਸ.ਐਸ.ਆਰ. (ਜਰਮਨ ਆਕ੍ਰਮਣ ਉਪਰੰਤ) ਤੇ ਪੋਲੈਂਡ ਇਕ ਪਾਸੇ ਸਨ, ਇਟਲੀ ਤੇ ਜਾਪਾਨ ਦੂਜੇ ਪਾਸੇ।

## ਦੂਜੇ ਵਿਸ਼ਵ ਯੁੱਧ ਦੇ ਪ੍ਰਭਾਵ

14 ਅਗਸਤ 1945 ਨੂੰ ਜਾਪਾਨ ਦੇ ਬਿਨਾਂ ਸ਼ਰਤ ਹਥਿਆਰ ਸੁੱਟ ਦੇਣ ਪਿੱਛੋਂ ਦੂਜਾ ਵਿਸ਼ਵ ਯੁੱਧ ਸਮਾਪਤ ਹੋ ਗਿਆ। ਦੂਜੇ ਮਹਾਂ-ਯੁੱਧ ਦੇ ਅੰਤਿਮ ਸਾਲ ਵਿਚ ਦੇਸ਼ਾਂ ਵਿਚਕਾਰ ਕਈ ਅੰਤਰ-ਰਾਸ਼ਟਰੀ ਸੰਮੇਲਨ ਹੋਏ ਜਿਨ੍ਹਾਂ ਵਿਚੋਂ ਯਾਲਟਾ (Yalta) ਅਤੇ ਪੋਟਸਡਮ (Potsdam) ਸੰਮੇਲਨ ਵਿਸ਼ੇਸ਼ ਕਰਕੇ ਪ੍ਰਸਿੱਧ ਹਨ। ਚਾਰ ਪ੍ਰਮੁੱਖ ਸ਼ਕਤੀਆਂ (ਯੂ.ਐਸ.ਏ. ਰੂਸ, ਇੰਗਲੈਂਡ ਅਤੇ ਫਰਾਂਸ) ਨੇ ਹਾਰੇ ਹੋਏ ਦੇਸ਼ਾਂ ਨਾਲ ਸੰਧੀਆਂ ਦੇ ਕੰਮ ਨੂੰ ਪੂਰਾ ਕੀਤਾ। ਕੁਝ ਵਿਸ਼ੇਸ਼ ਫੈਸਲਿਆਂ ਦਾ ਵੇਰਵਾ ਇਸ ਪ੍ਰਕਾਰ ਸੀ।

### ਸੰਧੀਆਂ

ਇਟਲੀ : ਇਟਲੀ ਨੂੰ ਆਪਣੀਆਂ ਸਾਰੀਆਂ ਅਫਰੀਕੀ ਬਸਤੀਆਂ (ਲਿਬੀਆ, ਏਰੀਟ੍ਰੀਆ, ਸੋਮਾਲੀਲੈਂਡ, ਇਥੋਪੀਆ) ਤੋਂ ਹੱਥ ਧੋਣੇ ਪਏ। ਉਸਨੂੰ ਯੁੱਧ ਦੇ ਹਰਜ਼ਾਨੇ ਵਜੋਂ ਵੀ ਭਾਰੀ ਧਨ-ਰਾਸ਼ੀ ਦੇਣੀ ਪਈ।

ਰੁਮਾਨੀਆ : ਰੁਮਾਨੀਆ ਨੂੰ ਸਰਬੀਆ ਤੇ ਬੁਕੇਬੀਨ ਦਾ ਕੁਝ ਭਾਗ ਰੂਸ ਅਤੇ ਦੱਖਣੀ ਡੋਬਰੂਜਾ ਬਲਗਾਰੀਆ ਨੂੰ ਦੇਣਾ ਪਿਆ। ਉਸ ਦੀ ਸੈਨਿਕ ਸ਼ਕਤੀ ਵੀ ਘਟਾ ਦਿੱਤੀ ਗਈ।

ਬਲਗਾਰੀਆ : ਬਲਗਾਰੀਆ ਨੂੰ ਯੂਨਾਨ ਅਤੇ ਯੂਗੋਸਲਾਵੀਆ ਨੂੰ ਯੁੱਧ ਦੇ ਹਰਜ਼ਾਨੇ ਵਜੋਂ ਵੱਡੀ ਰਕਮ ਦੇਣੀ ਪਈ।

ਹੰਗਰੀ : ਹੰਗਰੀ ਨੇ ਕੁਝ ਸ਼ਹਿਰ ਚੈਕੋਸਲੋਵਾਕੀਆ ਨੂੰ ਅਤੇ ਟਰਾਂਸਿਲਵਾਨੀਆਂ ਦੇ ਕੁੱਝ ਇਲਾਕੇ ਰੁਮਾਨੀਆਂ ਨੂੰ ਦਿੱਤੇ।

ਜਰਮਨੀ : ਜਰਮਨੀ ਤੋਂ ਉਹ ਸਾਰੇ ਇਲਾਕੇ ਵਾਪਿਸ ਲੈ ਲਏ ਗਏ ਜਿਹੜੇ ਹਿਟਲਰ ਦੇ ਸ਼ਾਸਨ-ਕਾਲ ਅਤੇ ਮਹਾ-ਯੁੱਧ ਦੇ ਦੌਰਾਨ ਜਿੱਤੇ ਸਨ। ਜਰਮਨੀ ਨੂੰ ਚਾਰ ਹਿੱਸਿਆਂ ਵਿਚ ਵੰਡ ਦਿੱਤਾ ਗਿਆ। ਪੂਰਬੀ ਜਰਮਨੀ ਰੂਸ ਦੇ ਅਧੀਨ, ਪੱਛਮੀ ਜਰਮਨੀ ਯੂ.ਐਸ.ਏ. ਦੇ ਅਧੀਨ, ਉੱਤਰ-ਪੱਛਮੀ ਭਾਗ ਇੰਗਲੈਂਡ ਦੇ ਅਧੀਨ ਅਤੇ ਦੱਖਣੀ-ਪੱਛਮੀ ਭਾਗ ਨੂੰ ਯੂ.ਐਸ.ਏ. ਤੇ ਫਰਾਂਸ ਦੇ ਅਧੀਨ ਕਰ ਦਿੱਤਾ ਗਿਆ।

ਆਸਟਰੀਆ : ਆਸਟਰੀਆ ਨੂੰ ਵੀ ਜਰਮਨੀ ਵਾਂਗ ਚਾਰ ਹਿੱਸਿਆਂ ਵਿਚ ਵੰਡ ਦਿੱਤਾ ਗਿਆ, ਜਿਨ੍ਹਾਂ ਉੱਤੇ ਪ੍ਰਮੁੱਖ ਸ਼ਕਤੀਆਂ ਦਾ ਅਧਿਕਾਰ ਸਥਾਪਤ ਕਰ ਦਿੱਤਾ ਗਿਆ।

ਜਾਪਾਨ : 1945 ਈ. ਵਿਚ ਜਾਪਾਨ ਦੇ ਮਿੱਤਰ ਦੇਸ਼ਾਂ ਅੱਗੇ ਹਥਿਆਰ ਸੁੱਟ ਦੇਣ ਨਾਲ ਦੂਜਾ ਮਹਾਂ-ਯੁੱਧ ਸਮਾਪਤ ਹੋ ਗਿਆ। ਜਾਪਾਨ ਨੇ ਸਾਰੇ ਜਿੱਤੇ ਹੋਏ ਇਲਾਕੇ ਖਾਲੀ ਕਰ ਦਿੱਤੇ।

## ਪ੍ਰਭਾਵ

ਦੂਜਾ ਮਹਾਂਯੁੱਧ ਮਾਨਵ ਜਾਤੀ ਲਈ ਬੜਾ ਮਾਰੂ ਸਿੱਧ ਹੋਇਆ। ਇਸ ਯੁੱਧ ਵਿਚ ਹੋਏ ਜਾਨੀ ਅਤੇ ਮਾਲੀ ਨੁਕਸਾਨ ਦਾ ਅੰਦਾਜ਼ਾ ਲਾਉਣਾ ਔਖਾ ਹੈ। ਇਸ ਯੁੱਧ ਵਿਚ ਲਗਭਗ ਇਕ ਕਰੋੜ ਸੈਨਿਕ ਅਤੇ ਕਰੋੜ ਨਾਗਰਿਕ ਮਾਰੇ ਗਏ। ਇਨ੍ਹਾਂ ਤੋਂ ਇਲਾਵਾ ਲੱਖਾਂ ਲੋਕ ਜ਼ਖਮੀ ਅਤੇ ਬੀਮਾਰੀਆਂ ਦਾ ਸ਼ਿਕਾਰ ਹੋ ਗਏ। ਅਰਬਾਂ ਡਾਲਰ ਖਰਚ ਤੋਂ ਇਲਾਵਾ ਲੱਖਾਂ ਡਾਲਰਾਂ ਦੀ ਸੰਪਤੀ ਵੀ ਤਬਾਹ ਹੋ ਗਈ।

ਇਹ ਯੁੱਧ ਜਰਮਨੀ ਲਈ ਸਭ ਤੋਂ ਜ਼ਿਆਦਾ ਹਾਨੀਕਾਰਕ ਸਿੱਧ ਹੋਇਆ। ਜਰਮਨੀ ਤੋਂ ਹਿਟਲਰ ਦੁਆਰਾ ਜਿੱਤੇ ਹੋਏ ਇਨਾਕੇ ਖੋਹ ਲਏ ਗਏ। ਜਰਮਨੀ ਨੂੰ ਚਾਰ ਪ੍ਰਮੁੱਖ ਸ਼ਕਤੀਆਂ ਨੇ ਚਾਰ ਹਿੱਸਿਆਂ ਵਿਚ ਵੰਡ ਲਿਆ। ਇਸ ਤਰ੍ਹਾਂ ਜਰਮਨੀ ਨੂੰ ਬਿਲਕੁਲ ਹੀ ਸ਼ਕਤੀਹੀਣ ਕਰ ਦਿੱਤਾ ਗਿਆ।

ਦੂਜੇ ਮਹਾਂ-ਯੁੱਧ ਤੋਂ ਇਟਲੀ ਨੂੰ ਭਾਰੀ ਨੁਕਸਾਨ ਹੋਇਆ। ਇਟਲੀ ਤੋਂ ਲਿਬੀਆ, (ਏਰੀਟ੍ਰੀਆ, ਸੋਮਾਲੀਲੈਂਡ ਤੇ ਇਥੋਪੀਆ) ਸਾਰੀਆ ਅਫਰੀਕੀ ਬਸਤੀਆਂ ਖੋਹ ਲਈਆਂ ਗਈਆਂ। ਉਸ ਦੀ ਸੈਨਿਕ ਸ਼ਕਤੀ ਘੱਟ ਕਰ ਦਿੱਤੀ ਗਈ ਅਤੇ ਉਸ ਉੱਤੇ ਯੁੱਧ ਦੇ ਹਰਜਾਨੇ ਵਜੋਂ ਭਾਰੀ ਧਨ-ਰਾਸ਼ੀ ਥੋਪੀ ਗਈ।

ਇਸ ਯੁੱਧ ਦੇ ਨਤੀਜੇ ਜਾਪਾਨ ਬਿਲਕੁਲ ਹੀ ਸ਼ਕਤੀਹੀਣ ਹੋ ਗਿਆ। ਇਸ ਯੁੱਧ ਦੇ ਦੌਰਾਨ ਜਾਪਾਨ ਏਸ਼ੀਆ ਦੀ ਪ੍ਰਮੁੱਖ ਸ਼ਕਤੀ ਬਣ ਗਿਆ ਸੀ। ਪਰ ਬਾਅਦ ਵਿਚ ਉਸ ਦੀ ਇੰਨੀ ਤਬਾਹੀ ਹੋਈ ਕਿ ਵਰ੍ਹਿਆਂ ਤਕ ਮਿੱਤਰ ਦੇਸ਼ਾਂ ਵਲੋਂ ਉਸ ਉਪਰ ਅਮਰੀਕਾ ਦਾ ਕਬਜ਼ਾ ਰਿਹਾ।

ਇਹ ਯੁੱਧ ਰੂਸ ਲਈ ਲਾਭਕਾਰੀ ਸਿੱਧ ਹੋਇਆ। ਉਸਨੂੰ ਕਈ ਨਵੇਂ ਇਲਾਕੇ ਮਿਲ ਗਏ, ਜਿਵੇਂ ਏਸਟੋਨੀਆ, ਲਿਥੁਆਨੀਆਂ ਅਤੇ ਕੁਝ ਭਾਗ ਪੋਲੈਂਡ ਅਤੇ ਫਿਨਲੈਂਡ ਆਦਿ ਦੇ ਵੀ ਪ੍ਰਾਪਤ ਹੋ ਗਏ।

ਇਸ ਦੇ ਫਲਸਰੂਪ ਯੂ.ਐਸ.ਏ. ਵਿਸ਼ਵ ਦੀ ਸਭ ਤੋਂ ਵੱਡੀ ਸ਼ਕਤੀ ਬਣ ਗਈ। ਯੂ. ਐਸ. ਏ. ਨੇ ਯੂਰਪੀ ਦੇਸ਼ਾਂ ਦੀ ਆਰਥਿਕ ਸਹਾਇਤਾ ਕਰਨੀ ਵੀ ਸ਼ੁਰੂ ਕਰ ਦਿੱਤੀ।

ਦੂਜੇ ਵਿਸ਼ਵ ਯੁੱਧ ਦੌਰਾਨ ਫਰਾਂਸ ਨੂੰ ਬਹੁਤ ਨੁਕਸਾਨ ਉਠਾਉਣਾ ਪਿਆ। ਉਸ ਦੇ ਡੇਢ ਲੱਖ ਸੈਨਿਕ ਅਤੇ ਦੋ ਲੱਖ ਨਾਗਰਿਕ ਮਾਰੇ ਗਏ ਅਤੇ ਭਾਰੀ ਆਰਥਿਕ ਨੁਕਸਾਨ ਵੀ ਹੋਇਆ।

ਦੂਜੇ ਮਹਾਂ ਯੁੱਧ ਵਿਚ ਇੰਗਲੈਂਡ ਦਾ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਹੋਇਆ। ਲਗਭਗ ਛੇ ਲੱਖ ਅੰਗਰੇਜ਼ ਮਾਰੇ ਗਏ। ਇਸ ਯੁੱਧ ਪਿੱਛੋਂ ਇੰਗਲੈਂਡ ਵਿਸ਼ਵ ਦੀ ਮਹਾਨ ਸ਼ਕਤੀ ਨਾ ਰਿਹਾ।

ਇਸ ਯੁੱਧ ਦੇ ਸਿੱਟੇ ਵਜੋਂ ਵਿਸ਼ਵ ਦੇ ਵਿਰੋਧੀ ਧਾਰਾਵਾਂ ਦੇ ਆਧਾਰ ਉੱਤੇ ਦੋ ਗੁੱਟਾਂ ਵਿਚ ਵੰਡਿਆ ਗਿਆ। ਇਕ ਕਮਿਊਨਿਸਟ ਗੁੱਟ ਜਿਸ ਦਾ ਨੇਤਾ ਰੂਸ ਸੀ ਅਤੇ ਦੂਜਾ ਅਮਰੀਕਾ ਦੀ ਅਗਵਾਈ ਹੇਠ ਪੂੰਜੀਵਾਦੀ ਅਤੇ ਲੋਕਤੰਤਰੀ ਸ਼ਕਤੀਆਂ ਦਾ ਗੁੱਟ ਸੀ।

ਇਸ ਯੁੱਧ ਦਾ ਏਸ਼ੀਆ ਉੱਤੇ ਵੀ ਭਾਰੀ ਪ੍ਰਭਾਵ ਪਿਆ। ਯੁੱਧ ਤੋਂ ਛੇਤੀ ਪਿੱਛੋ ਇੰਗਲੈਂਡ ਨੂੰ ਭਾਰਤ, ਪਾਕਿਸਤਾਨ ਬਰਮਾ ਅਤੇ ਮਲਾਇਆ ਆਦਿ ਦੇਸ਼ਾਂ ਨੂੰ ਆਜ਼ਾਦੀ ਦੇਣੀ ਪਈ।

ਇਸ ਯੁੱਧ ਦੇ ਉਪਰੰਤ ਸੰਯੁਕਤ ਰਾਸ਼ਟਰ ਸੰਘ ਦੀ ਸਥਪਾਨਾ ਹੋਈ। ਹੌਲੀ-ਹੌਲੀ ਸੰਸਾਰ ਦੇ ਬਹੁਤ ਸਾਰੇ ਦੇ ਸ਼ ਇਸ ਦੇ ਮੈਂਬਰ ਬਣ ਗਏ।

## ਹੋਰ ਪੜ੍ਹਨ ਲਈ ਪੁਸਤਕਾਂ ਦੇ ਸੰਬੰਧਿਤ ਪੰਨੇ

1. Hazen, C.D. : Modern Europe, pp. 649-76.
2. Ketelbey, C.D.M. : A History of Modern Europe, pp. 470-76.
3. Palmer & Parkins : International Relations, pp. 138-162.
4. Southgate, G.W. : Short History of Europe, pp. 1304-6.
5. ਅਰੋੜਾ, ਏ. ਸੀ. : ਵਿਸ਼ਵ ਦਾ ਇਤਿਹਾਸ (1500–1950)

## Key words

1. ਅੰਤਰ-ਰਾਸ਼ਟਰੀਵਾਦ (Internationalism) : ਸੰਸਾਰ ਦੇ ਪ੍ਰਮੁੱਖ ਨੇਤਾਵਾਂ ਨੇ ਯੂਰਪ ਅਤੇ ਵਿਸ਼ਵ ਵਿਚ ਸਥਾਈ ਸ਼ਾਂਤੀ ਤੇ ਸਹਿਯੋਗ ਦੀ ਸਥਾਪਨਾ ਲਈ ਅੰਤਰ-ਰਾਸ਼ਟਰੀਵਾਦ ਦਾ ਵੱਧ ਤੋਂ ਵੱਧ ਪ੍ਰਚਾਰ ਕੀਤਾ। ਇਸ ਉਦੇਸ਼ ਨਾਲ 1919 ਈ. ਰਾਸ਼ਟਰ ਸੰਘ ਦੀ ਸਥਾਪਨਾ ਕੀਤੀ ਗਈ ਸੀ।
2. ਧੁਰੀ ਰਾਸ਼ਟਰ (Axis Powers) : ਪਹਿਲੇ ਮਹਾਂ-ਯੁੱਧ ਵਾਂਗ ਦੂਜੇ ਮਹਾਂ-ਯੁੱਧ ਦੇ ਆਰੰਭ ਤੋਂ ਪਹਿਲਾਂ ਵੀ ਯੂਰਪ ਦੀ ਦੋ ਵਿਰੋਧੀ ਸੈਨਿਕ ਧੜਿਆਂ ਵੰਡ ਹੋ ਗਈ। ਇਕ ਧੜਾ ਜਿਸ ਵਿਚ ਜਰਮਨੀ, ਇਟਲੀ ਅਤੇ ਜਾਪਾਨ ਆਦਿ ਦੇਸ਼ ਸਨ, ਉਨ੍ਹਾਂ ਨੂੰ ਧੁਰ ਰਾਸ਼ਟਰ ਕਿਹਾ ਜਾਂਦਾ ਸੀ, ਦੂਜੇ ਧੜਾ ਜਿਸ ਵਿਚ ਇੰਗਲੈਂਡ ਅਤੇ ਫਰਾਂਸ ਆਦਿ ਦੇਸ਼ ਸਨ, ਉਨ੍ਹਾਂ ਨੂੰ ਮਿੱਤਰ ਦੇਸ਼ (Allies) ਕਿਹਾ ਜਾਂਦਾ।
3. ਸੰਯੁਕਤ ਰਾਸ਼ਟਰੀ ਸੰਘ (The United Nations) : ਦੂਜੇ ਮਹਾਂ ਯੁੱਧ ਉਪਰੰਤ 24 ਅਕਤੂਬਰ 1945 ਈ. ਸੰਯੁਕਤ ਰਾਸ਼ਟਰ ਸੰਘ ਸਥਾਪਨਾ ਕੀਤੀ ਗਈ। ਇਸ ਮੁੱਖ ਉਦੇਸ਼ ਸਥਾਈ ਸ਼ਾਂਤੀ ਸਥਾਪਿਤ ਕਰਨ ਅਤੇ ਅੰਤਰ-ਰਾਸ਼ਟਰੀ ਸਮੱਸਿਆਵਾਂ ਨੂੰ ਸੁਲਝਾਉਣਾ ਸੀ।

## ਆਪਣੇ ਗਿਆਨ ਨੂੰ ਪਰਖੋ

1. ਦੂਜੇ ਮਹਾਂ-ਯੁੱਧ ਵਿਚ ਲੜਨ ਵਾਲੇ ਦੋ ਵਿਰੋਧੀ ਗੁੱਟ ਕਿਹੜੇ ਸਨ ?
2. ਦੂਜੇ ਮਹਾਂ-ਯੁੱਧ ਵਿਚ ਰੂਸ ਨੇ ਕਿਸ ਦਾ ਸਾਥ ਦਿੱਤਾ ?
3. ਦੂਜੇ ਮਹਾਂ-ਯੁੱਧ ਵਿਚ ਇਟਲੀ ਨੇ ਕਦੋਂ ਅਤੇ ਕਿਉਂ ਪ੍ਰਵੇਸ਼ ਕੀਤਾ ?
4. ਜਰਮਨੀ ਨੇ ਰੂਸ ਉੱਤੇ ਹਮਲਾ ਕਦੋਂ ਅਤੇ ਕਿਸ ਵਿਚਾਰ ਨਾਲ ਕੀਤਾ ?
5. ਅਮਰੀਕਾ ਨੇ ਦੂਜੇ ਮਹਾਂ-ਯੁੱਧ ਵਿਚ ਕਦੋਂ ਪ੍ਰਵੇਸ਼ ਕੀਤਾ ?
6. ਦੂਜੇ ਵਿਸ਼ਵ-ਯੁੱਧ ਦੌਰਾਨ ਜਰਮਨੀ ਨੇ ਹਥਿਆਰ ਕਦੋਂ ਸੁੱਟੇ ?
7. ਦੂਜੇ ਮਹਾਂ-ਯੁੱਧ ਦਾ ਅੰਤ ਕਦੋਂ ਹੋਇਆ ?
8. ਦੂਜੇ ਮਹਾਂ-ਯੁੱਧ ਦਾ ਜਰਮਨੀ ਉੱਤੇ ਕੀ ਪ੍ਰਭਾਵ ਪਿਆ ?

## ਤੁਹਾਡੇ ਅਭਿਆਸ ਲਈ ਪ੍ਰਸ਼ਨ

1. 1919 ਈ. ਤੋਂ ਬਾਅਦ ਪੈਦਾ ਹੋਣ ਵਾਲੀਆਂ ਪਰਿਸਥਿਤੀਆਂ ਤੇ ਸ਼ਕਤੀਆਂ ਦਾ ਵੇਰਵਾ ਦਿਓ ਜੋ ਦੂਜੇ ਵਿਸ਼ਵ-ਯੁੱਧ ਲਈ ਜ਼ਿੰਮੇਵਾਰ ਹੋਈਆਂ।
2. ਵਰਸਾਇ ਦੀ ਸੰਧੀ ਦੂਜੇ ਮਹਾਂ-ਯੁੱਧ ਲਈ ਕਿਥੋ ਤਕ ਜਿੰਮੇਵਾਰ ਸੀ ?
3. ਕੀ ਦੂਜਾ ਮਹਾਂ-ਯੁੱਧ ਸੱਚਮੁਚ ਜ਼ਰੂਰੀ ਸੀ ?
4. ਦੂਜਾ ਮਹਾਂ-ਯੁੱਧ ਲਿਆਉਣ ਵਿਚ ਜਰਮਨੀ ਦਾ ਕੀ ਰੋਲ ਸੀ ?

**ਪਾਠ ਨੰਬਰ : 2.6**

# *1949* ਈ. ਦੀ ਚੀਨ ਦੀ ਕ੍ਰਾਂਤੀ
## (The Chinese Revolution of 1949)

**ਉਦੇਸ਼ (Objectives)**

ਇਸ ਪਾਠ ਨੂੰ ਪੜ੍ਹਨ ਉਪਰੰਤ ਤੁਹਾਨੂੰ ਇਸ ਤਰ੍ਹਾਂ ਦੀ ਜਾਣਕਾਰੀ ਮਿਲੇਗੀ :

* **ਚੀਨੀ ਕ੍ਰਾਂਤੀ ਦੇ ਵੱਖ-ਵੱਖ ਕਾਰਨ**

1. 1911 ਈ. ਦੀ ਕ੍ਰਾਂਤੀ
2. ਚਾਰ ਮਈ ਦਾ ਅੰਦੋਲਨ
3. ਵਾਸ਼ਿੰਗਟਨ ਕਾਨਫਰੰਸ, 1921-22 ਈ.
4. ਕਿਓਮਿਨਤੋਂਗ ਦਾ ਉਭਾਰ
5. ਚਿਆਂਗ ਕਾਈ ਸ਼ੇਕ ਦਾ ਤਾਕਤ ਵਿਚ ਆਉਣਾ
6. ਚਿਆਂਗ ਕਾਈ ਸ਼ੇਕ ਦਾ ਉੱਤਰੀ ਹਮਲਾ ਅਤੇ ਚੀਨ ਦਾ ਏਕੀਕਰਨ
7. ਰਾਸ਼ਟਰ ਵਾਦੀਆਂ ਅਤੇ ਕਮਿਊਨਿਸਟਾਂ ਦਾ ਸੰਘਰਸ਼
8. ਜਾਪਾਨੀ ਹਮਲਾ ਅਤੇ ਸੰਯੁਕਤ ਮੋਰਚੇ ਦੀ ਸਥਾਪਨਾ
9. ਚੀਨ-ਜਾਪਾਨ ਯੁੱਧ 1937-45 ਈ.
10. ਸਰਵ-ਉੱਚਤਾ ਲਈ ਸੰਘਰਸ਼ ਅਤੇ ਸਾਮਵਾਦੀਆਂ ਦੀ ਜਿੱਤ
11. ਚੀਨ ਵਿਚ ਲੋਕ-ਗਣਤੰਤਰ ਦੀ ਸਥਾਪਨਾ

* **ਕ੍ਰਾਂਤੀ ਦੇ ਪ੍ਰਭਾਵ**

1. ਰਾਸ਼ਟਰੀ ਏਕਤਾ ਅਤੇ ਸ਼ਕਤੀਸ਼ਾਲੀ ਕੇਂਦਰੀ ਸਰਕਾਰ ਦੀ ਸਥਾਪਨਾ
2. ਸ਼ਾਂਤੀ ਤੇ ਸੁਰੱਖਿਆ
3. ਸਮਾਜਿਕ ਬੁਰਾਈਆਂ ਦਾ ਅੰਤ
4. ਨਵੇਂ ਸੰਵਿਧਾਨ ਦਾ ਨਿਰਮਾਣ
5. ਭੂਮੀ ਸੁਧਾਰ
6. ਉਦਯੋਗਿਕ ਵਿਕਾਸ
7. ਵਿਦੇਸ਼ੀ ਖੇਤਰ ਵਿਚ ਪ੍ਰਭਾਵ

ਚੀਨ ਦੀ 1911 ਈ. ਦੀ ਕ੍ਰਾਂਤੀ ਦੇ ਫਲਸਰੂਪ ਦੇਸ਼ ਵਿਚ ਨਿਰੰਕੁਸ਼ ਮਾਂਚੂ ਰਾਜਤੰਤਰ ਦਾ ਖਾਤਮਾ ਹੋ ਗਿਆ ਸੀ। ਇਸ ਕ੍ਰਾਂਤੀ ਦੇ 38 ਸਾਲ ਪਿਛੋਂ 1949 ਈ. ਵਿਚ ਦੂਜੀ ਕ੍ਰਾਂਤੀ ਹੋਈ, ਜਿਸ ਦੇ ਕਾਰਣ ਦੇਸ਼ ਵਿਚ ਮਾਓ-ਸੇ-ਤੁੰਗ ਅਧੀਨ ਸਾਮਵਾਦੀ ਸਰਕਾਰ ਦੀ ਸਥਾਪਨਾ ਹੋਈ ਜਿਸ ਨੇ ਆਧੁਨਿਕ ਚੀਨ ਦਾ ਨਿਰਮਾਣ ਕੀਤਾ।

**ਕਾਰਣ**

ਇਸ ਕ੍ਰਾਂਤੀ ਦੇ ਬੀਜ 1911 ਈ. ਦੀ ਕ੍ਰਾਂਤੀ ਨੇ ਹੀ ਬੀਜ ਦਿੱਤੇ ਸਨ। ਪਹਿਲੀ ਕ੍ਰਾਂਤੀ ਤੋਂ ਪਿੱਛੋਂ ਦੇਸ਼ ਵਿਚ ਅਜਿਹੀਆਂ ਘਟਨਾਵਾਂ ਦਾ ਸਿਲਸਿਲਾ ਸ਼ੁਰੂ ਹੋਇਆ ਜੋ ਦੇਸ਼ ਵਿਚ ਦੂਜੀ ਕ੍ਰਾਂਤੀ ਲਿਆਉਣ ਵਿਚ ਸਹਾਈ ਹੋਈ। ਕ੍ਰਾਂਤੀ ਦੇ ਪ੍ਰਮੁੱਖ ਕਾਰਣਾਂ ਦਾ ਵੇਰਵਾ ਇਸ ਪ੍ਰਕਾਰ ਹੈ :

**1911 ਈ. ਦੀ ਕ੍ਰਾਂਤੀ :** 1949 ਈ. ਦੀ ਕ੍ਰਾਂਤੀ ਦਾ ਮੂਲ ਕਾਰਣ 1911 ਈ. ਦੀ ਕ੍ਰਾਂਤੀ ਹੀ ਸੀ। ਇਸ ਕ੍ਰਾਂਤੀ ਦੇ ਕਾਰਣ ਦੇਸ਼ ਵਿਚ ਮਾਚੂ ਰਾਜਵੰਸ ਦਾ ਰਾਜ ਖਤਮ ਹੋ ਗਿਆ ਸੀ, ਪਰ ਫਿਰ ਵੀ ਰਾਜ ਸ਼ਕਤੀ ਲਈ ਲਗਾਤਾਰ ਸੰਘਰਸ਼ ਚਲਦਾ ਰਿਹਾ। ਇਸ ਸੰਘਰਸ਼ ਕਾਰਣ ਦੇਸ਼ ਵਿਚ ਕਈ ਰਾਜਨੀਤਕ ਦਲਾਂ ਦਾ ਉਥਾਨ ਜਿਨ੍ਹਾਂ ਵਿਚੋਂ ਕਿਓਮਿਨਤੇਂਗ ਅਤੇ ਸਾਮਵਾਦੀ ਦਲ ਸਭ ਤੋਂ ਮਹੱਤਵਪੂਰਨ ਸਨ।

**ਚਾਰ ਮਈ ਦਾ ਅੰਦੋਲਨ :** 1919 ਈ. ਦੇ ਪੈਰਿਸ ਸ਼ਾਂਤੀ ਸੰਮੇਲਨ ਨੇ ਚੀਨੀ ਲੋਕਾਂ ਵਿਚ ਰਾਸ਼ਟਰੀ ਭਾਵਨਾ ਜਾਗ੍ਰਿਤ ਕਰ ਦਿੱਤੀ। ਇਸ ਸੰਮੇਲਨ ਵਿਚ ਮਿੱਤਰ ਦੇਸ਼ ਚੀਨ ਉੱਤੇ ਜਾਪਾਨ ਦਾ ਪ੍ਰਭਾਵ ਘੱਟ ਕਰਨ ਵਿਚ ਅਸਫਲ ਰਹੇ। ਇਸ ਲਈ 4 ਮਈ 1919 ਨੂੰ ਪੀਕਿੰਗ ਵਿਖੇ 3000 ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਇਕ ਭਾਰੀ ਮੁਜਾਹਰਾ ਕੀਤਾ। ਇਸ ਘਟਨਾ ਨੇ ਵਿਦੇਸ਼ੀ ਤਾਕਤਾਂ ਨੂੰ ਚੀਨ ਪ੍ਰਤੀ ਨਰਮ ਰਵੱਈਆ ਅਪਨਾਉਣ ਲਈ ਪ੍ਰੇਰਿਤ ਕੀਤਾ।

**ਵਾਸ਼ਿੰਗਟਨ ਕਾਨਫਰੰਸ 1921-22 :** ਯੂ.ਐਸ.ਏ. ਯਤਨਾਂ ਕਾਰਣ ਵਾਸ਼ਿੰਗਟਨ ਵਿਖੇ ਨਵੰਬਰ 1921 ਈ. ਵਿਚ ਇਕ ਅੰਤਰਰਾਸ਼ਟਰੀ ਕਾਨਫਰੰਸ ਹੋਈ ਜਿਸ ਵਿਚ 9 ਵੱਡੇ ਦੇਸ਼ਾਂ ਨੇ ਭਾਗ ਲਿਆ। ਇਸ ਕਾਨਫਰੰਸ ਵਿਚ ਚੀਨ ਨਾਲ ਸੰਬੰਧਿਤ ਕਈ ਸਮੱਸਿਆਵਾਂ ਉਤੇ ਵਿਚਾਰ ਕਰਨ ਉਪਰੰਤ ਇਹ ਫੈਸਲੇ ਕੀਤੇ ਗਏ :

1. ਚੀਨ ਦੀ ਏਕਤਾ, ਅਖੰਡਤਾ ਅਤੇ ਸੁਤੰਤਰਤਾ ਬਣਾਏ ਰੱਖਣ ਦਾ ਬਚਨ ਦਿੱਤਾ।
2. ਸਾਰੇ ਦੇਸ਼ਾਂ ਨੂੰ ਚੀਨ ਵਿਚ ਬਰਾਬਰ ਦੀਆਂ ਵਪਾਰਕ ਉਦਯੋਗਿਕ ਸਹੂਲਤਾਂ ਦਿੱਤੀਆਂ ਜਾਣਗੀਆਂ।
3. ਚੀਨ ਵਿਚੋਂ ਸਾਰੀਆਂ ਵਿਦੇਸ਼ੀ ਡਾਕ ਏਜੰਸੀਆਂ 1 ਜਨਵਰੀ 1923 ਈ. ਤਕ ਸਮਾਪਤ ਕਰ ਦਿੱਤੀਆ ਜਾਣਗੀਆਂ।
4. ਵਿਦੇਸ਼ੀ ਸ਼ਕਤੀਆਂ ਨੇ ਆਪਣੀਆਂ ਸਾਰੀਆਂ ਸੈਨਾਵਾਂ ਨੂੰ ਚੀਨ ਵਿਚੋਂ ਬਾਹਰ ਕਢਣ ਅਤੇ ਬਕਸਰ ਵਿਦਰੋਹ ਉਪਰੰਤ ਲਗਾਏ ਹਰਜਾਨੇ ਦੀ ਰਕਮ ਦੀ ਅਦਾਇਗੀ ਰੱਦ ਕਰ ਦੇਣ ਦਾ ਫੈਸਲਾ ਕੀਤਾ। ਇਸ ਤਰ੍ਹਾਂ ਵਾਸ਼ਿੰਗਟਨ ਕਾਨਫਰੰਸ ਨੇ ਚੀਨ ਨੂੰ ਇਕ ਨਵਾਂ ਜੀਵਨ ਪ੍ਰਦਾਨ ਕੀਤਾ ਅਤੇ ਵਿਦੇਸ਼ੀ ਤਾਕਤਾਂ ਦੇ ਪ੍ਰਭਾਵ ਨੂੰ ਚੀਨ ਵਿਚ ਘਟਾਇਆ।

**ਕਿਓਮਿਨਤੇਂਗ ਦਾ ਉਭਾਰ :** ਪਹਿਲੇ ਵਿਸ਼ਵ ਯੁੱਧ ਪਿੱਛੋਂ ਚੀਨ ਵਿਚ ਕਿਓਮਿਤੇਂਗ ਦਲ ਦਾ ਪ੍ਰਭਾਵ ਵੱਧਣ ਲੱਗਾ। ਭਾਰੀ ਗਿਣਤੀ ਵਿਚ ਵਿਦਿਆਰਥੀ ਇਸ ਦਲ ਦੇ ਮੈਂਬਰ ਬਣਨ ਲੱਗੇ। 1917 ਈ. ਰੂਸੀ ਕ੍ਰਾਂਤੀ ਪਿੱਛੋਂ ਚੀਨ ਵਿਚ ਬੁੱਧੀਜੀਵੀਆਂ ਨੇ ਚੀਨ ਵਿਚ ਸਾਮਵਾਦੀ ਪਾਰਟੀ ਦਾ ਨਿਰਮਾਣ ਕਰ ਲਿਆ। ਇਹ ਦੋਨੋਂ ਦਲ ਹੌਲੀ-ਹੌਲੀ ਇਕ ਦੂਜੇ ਦੇ ਨੇੜੇ ਆਉਣ ਲਗੇ। ਡਾ. ਸਨਯਾਤ ਸੇਨ ਨੇ ਦੇਸ਼ ਵਿਚੋਂ ਵਿਦੇਸ਼ੀ ਪ੍ਰਭਾਵ ਨੂੰ ਖਤਮ ਦੇ ਉਦੇਸ਼ ਨਾਲ ਰੂਸ ਦੀ ਸਹਾਇਤਾ ਲੈਣ ਦਾ ਫੈਸਲਾ ਕੀਤਾ। ਛੇਤੀ ਹੀ ਰੂਸੀ ਸਹਾਇਤਾ ਅਤੇ ਕਮਿਊਨਿਸਟਾਂ ਦੇ ਸਹਿਯੋਗ ਨਾਲ ਕਿਓਮਿਤੇਂਗ ਦਲ ਨੂੰ ਸ਼ਕਤੀ ਮਿਲ ਗਈ।

**ਚਿਆਂਗ ਕਾਈ ਸ਼ੇਕ ਦਾ ਤਾਕਤ ਵਿਚ ਆਉਣਾ :** ਡਾ. ਸਨਯਾਤ ਸੇਨ ਦੀ ਮੌਤ ਪਿਛੋਂ ਚਿਆਂਗ ਕਾਈ ਸ਼ੇਕ ਕਿਓਮਿਨਤੇਂਗ ਦਾ ਨੇਤਾ ਬਣਿਆ। ਉਸ ਨੇ ਸੈਨਿਕ ਟ੍ਰੇਨਿੰਗ ਲਈ ਅਤੇ ਚੀਨੀ ਸੈਨਾ ਦਾ ਪੁਨਰਗਠਨ ਕਰਨ ਦਾ ਨਿਸ਼ਚਾ ਕੀਤਾ। ਉਸ ਨੇ ਸੰਗਠਿਤ ਚੀਨ ਦੇ ਸਨਯਤ ਸੇਨ ਦਾ ਸੁਪਨਾ ਪੂਰਾ ਕਰਨ ਦਾ ਸੰਕਲਪ ਕੀਤਾ। ਆਪਣੇ ਜੀਵਨ ਦੇ ਸ਼ੁਰੂ ਵਿਚ ਚਿਆਂਗ ਨੇ ਸੈਨਿਕ ਜੀਵਨ ਅਪਨਾਉਣ ਦਾ ਨਿਰਣਾ ਕੀਤਾ। ਜਾਪਾਨ ਵਿਚ ਜਿਥੇ ਉਹ 1907 ਵਿਚ ਗਿਆ ਸੀ ਉਸ ਨੇ ਇਕ ਕੈਡਿਟ ਦੇ ਰੂਪ ਵਿਚ ਟਰੇਨਿੰਗ ਹਾਸਲ ਕੀਤੀ ਅਤੇ

ਬਾਅਦ ਵਿਚ ਉਹ ਸਨਯਤ ਸੇਨ ਦੀ ਕ੍ਰਾਂਤੀਕਾਰੀ ਬਰਾਦਰੀ ਵਿਚ ਸ਼ਾਮਿਲ ਹੋਇਆ। ਚੀਨ ਪਰਤਣ ਤੋਂ ਬਾਅਦ ਉਸ ਨੇ 1911 ਈ. ਦੀ ਕ੍ਰਾਂਤੀ ਵਿਚ ਹਿੱਸਾ ਲਿਆ ਅਤੇ ਇਸ ਤੋਂ ਬਾਅਦ ਉਸ ਨੇ 1920 ਈ. ਤਕ ਸਨ-ਯਾਤ ਸੇਨ ਦੇ ਨਿੱਜੀ ਸਕੱਤਰ ਦੇ ਰੂਪ ਵਿਚ ਕੰਮ ਕੀਤਾ। ਉਸ ਨੇ ਕੁਝ ਸਮਾਂ ਸੰਘਾਈ ਵਿਚ ਹੀ ਬਿਤਾਇਆ ਅਤੇ ਸ਼ਾਇਦ ਸ਼ਹਿਰ ਦੇ ਵਿਉਪਾਰਕ ਜਗਤ ਵਿਚ ਰਹਿਣ ਲਗ ਪਿਆ। ਸੰਘਾਈ ਵਿਚ ਉਹ ਸ਼ਹਿਰ ਦੀਆਂ ਕਈ ਗੁਪਤ ਸੁਸਾਇਟੀਆਂ ਦੇ ਸੰਪਰਕ ਵਿਚ ਆਇਆ। 1923 ਈ. ਵਿਚ ਉਹ ਵਾਪਿਸ ਕੈਂਟਨ ਚਲਾ ਗਿਆ। ਇਸ ਸਮੇਂ ਤਕ ਕੈਂਟਨ ਗਣਤੰਤਰ ਆਪਣੀ ਗਣਤੰਤਰ ਆਪਣੀ ਇਕ ਵੱਖ ਸੈਨਾ ਤਿਆਰ ਕਰ ਰਿਹਾ ਸੀ। ਚਿਆਂਗ ਕਾਈ ਸ਼ੇਕ ਇਸ ਨਵੀਂ ਸੈਨਾ ਦਾ ਮੁੱਖੀ ਨਿਯੁਕਤ ਕੀਤਾ ਗਿਆ ਅਤੇ ਉਸ ਨੂੰ ਸੈਨਿਕ ਟਰੇਨਿੰਗ ਲੈਣ ਲਈ ਰੂਸ ਭੇਜਿਆ ਗਿਆ। ਮਾਸਕੋ ਤੋਂ ਵਾਪਸ ਆਉਣ ਪਿਛੋਂ ਉਸ ਨੂੰ ਕਿਓਮਿਨਤੋਂਗ ਸੈਨਾ ਦਾ ਕਮਾਂਡਰ ਇਨ ਚੀਫ ਨਿਯੁਕਤ ਕੀਤਾ ਗਿਆ ਅਤੇ ਨਾਲ ਹੀ ਉਸ ਨੂੰ ਵੈਸ਼ਪੋ ਮਿਲਟਰੀ ਅਕਾਡਮੀ ਦਾ ਡਾਇਰੈਕਟਰ ਵੀ ਬਣਾਇਆ ਗਿਆ। ਉਸਨੇ ਆਪਣਾ ਪੂਰਾ ਕੰਟਰੋਲ ਸਥਾਪਿਤ ਕਰਨ ਲਈ ਕਈ ਕਦਮ ਚੁੱਕੇ ਅਤੇ ਇਸ ਤਰ੍ਹਾਂ ਸਾਰੇ ਅਫਸਰ ਉਸ ਨਾਲ ਨਿਜੀ ਤੌਰ ਤੇ ਜੁੜ ਗਏ। ਕਿਉਂਕਿ ਉਸ ਨੂੰ ਸੈਨਾ ਦਾ ਅਤੇ ਸੈਨਿਕ ਅਫਸਰਾਂ ਦੀ ਪੂਰੀ ਤਰ੍ਹਾਂ ਸਹਿਯੋਗ ਪ੍ਰਾਪਤ ਸੀ। ਇਸ ਲਈ ਉਸ ਨੂੰ ਪੂਰੀ ਤਰ੍ਹਾਂ ਤੇ ਪਾਰਟੀ ਸੰਗਠਨ ਨੂੰ ਆਪਣੇ ਪ੍ਰੋਗਰਾਮਾਂ ਨੂੰ ਪ੍ਰਾਪਤ ਕਰਨ ਵਿਚ ਇਸਤੇਮਾਲ ਕਰਨ ਵਿਚ ਕਾਮਯਾਬੀ ਪ੍ਰਾਪਤ ਹੋਈ।

ਸਨ-ਯਤ ਸੇਨ ਨੇ ਮਰਨ ਤੋਂ ਪਹਿਲਾਂ ਵਾਂਗ ਚਿਆਂਗ ਨੂੰ ਆਪਣਾ ਵਾਰਿਸ ਨਿਯੁਕਤ ਕੀਤਾ ਸੀ ਕਿਉਂਕਿ ਉਹ ਸਨਯਤ ਸੇਨ ਦਾ ਵਿਸ਼ਵਾਸਪਾਤਰ ਸਾਥੀ ਸੀ। ਕਿਓਮਿਤੋਂਗ ਦੀ ਕੈਂਟਨ ਸਰਕਾਰ ਨੇ ਕੈਂਟਨ ਵਿਚ ਆਪਣਾ ਕੰਮ 1925 ਈ. ਦੇ ਮੱਧ ਵਿਚ ਵਾਂਗ ਦੀ ਚੇਅਰਮੈਨਸ਼ਿਪ ਹੇਠ ਕਰਨਾ ਸ਼ੁਰੂ ਕੀਤਾ ਕਿਓਮਿਤੋਂਗ ਤਾਂਗ ਦੀ ਅਗਵਾਈ ਹੇਠ ਇਸ ਸਰਕਾਰ ਨੇ ਚੀਨ ਦੇ ਨਵੇਂ ਰਾਸ਼ਟਰਵਾਦ ਨੂੰ ਸੰਗਠਿਤ ਕਰਨਾ ਸੀ। ਸੈਨਾ ਇਸ ਸਮੇਂ ਚਿਆਂਗ ਕਾਈ ਸ਼ੇਕ ਦੇ ਅਧੀਨ ਸੀ। ਚਿਆਂਗ ਨੇ ਦੱਖਣੀ ਕਰਾਂਤੀਕਾਰੀ ਅੰਦੋਲਨ ਦੀ ਵਾਗਡੋਰ ਆਪਣੇ ਹੱਥ ਵਿਚ ਲਈ। ਇਹ ਚਿਆਂਗ ਸੀ ਜਿਸ ਨੇ ਵਿਰੋਧ ਦੇ ਬਾਵਜੂਦ ਵੀ ਉੱਤਰੀ ਹਮਲੇ ਦੀ ਯੋਜਨਾ ਬਣਾਈ।

## ਚਿਆਂਗ ਕਾਈ ਸ਼ੇਕ ਦਾ ਉੱਤਰੀ ਹਮਲਾ ਅਤੇ ਚੀਨ ਦਾ ਏਕੀਕਰਣ (Chang Kai Shaik's North Attack and Unification of China)

ਇਸ ਸਮੇਂ ਦੇ ਆਸ-ਪਾਸ ਉੱਤਰੀ ਚੀਨ ਦਾ ਇਲਾਕਾ ਜਿਸ ਵਿਚ ਮਾਨਚੂਰੀਆ ਵੀ ਸ਼ਾਮਿਲ ਸੀ ਲਗਭਗ 12 ਸੈਨਿਕ ਸਰਦਾਰਾਂ ਦੇ ਅਧੀਨ ਸੀ। ਦੇਸ਼ ਦੀ ਏਕਤਾ ਲਈ ਇਹ ਜ਼ਰੂਰੀ ਸੀ ਕਿ ਇਹਨਾਂ ਸੈਨਿਕ ਕਮਾਂਡਰਾਂ ਨੂੰ ਸਮਾਪਤ ਕਰਕੇ ਸਮਯਾਤ ਸੇਨ ਦੇ ਚੀਨ ਦੇ ਸੰਗਠਨ ਦੇ ਸੁਪਨੇ ਨੂੰ ਪ੍ਰਾਪਤ ਕੀਤਾ ਜਾਏ। ਸੈਨਿਕ ਤਿਆਰੀਆਂ ਤੋਂ ਇਲਾਵਾ ਚਾਂਗ ਕਾਈ ਸ਼ੇਕ ਨੇ ਉੱਤਰ ਸੈਨਿਕ ਅਫਸਰਾਂ ਦੇ ਵਿਰੁੱਧ ਵੱਡੇ ਪੈਮਾਨੇ ਤੇ ਪ੍ਰਚਾਰ ਸ਼ੁਰੂ ਕਰ ਦਿੱਤਾ ਸੀ ਅਤੇ ਇਸ ਪ੍ਰਚਾਰ ਰਾਹੀਂ ਉਹਨਾਂ ਨੂੰ ਕਾਫੀ ਬਦਨਾਮ ਤੇ ਕਮਜ਼ੋਰ ਬਣਾ ਦਿੱਤਾ ਸੀ। ਸ਼ੁਰੂ ਵਿਚ ਚਾਂਗ ਕਾਈ ਸ਼ੇਕ ਨੇ ਕਮਿਊਨਿਸਟਾਂ ਨਾਲ ਮਿਲ ਕੇ ਕੰਮ ਕੀਤਾ। ਨੈਸ਼ਨਲਿਸਟ ਸੈਨਾਵਾਂ ਨੇ ਲਗਭਗ ਮਹੱਤਵਪੂਰਨ ਸ਼ਹਿਰਾਂ ਤੇ ਜਿਸ ਤਰ੍ਹਾਂ ਚੰਗਸਾ, ਵੂਦਾਂਗ ਅਤੇ ਹਨਕਾਊ ਤੇ ਕਬਜਾ ਕਰ ਲਿਆ ਫਿਰ ਵੀ ਇਸ ਸਮੇਂ ਕਾਓਮਿਤੇਂਗ ਵਿਚ ਵੰਡ ਜਾਂ ਆਪਸੀ ਮਤਭੇਦ ਸਾਫ ਦਿੱਸਣ ਲਗ ਪਿਆ ਸੀ। ਉਸ ਸਮੇਂ ਰਾਈਟ ਵਿੰਗ ਅਤੇ ਕਮਿਊਨਿਸਟਾਂ ਦੇ ਲੈਫਟ ਵਿੰਗ ਵਿਚ ਕਾਫੀ ਮਤਭੇਦ ਆ ਚੁੱਕਿਆ ਸੀ। ਪਰ ਕਮਿਊਨਿਸਟ ਸੈਕਸ਼ਨ ਜਿਹੜਾ ਉਸ ਸਮੇਂ ਨੈਸ਼ਨਲਿਸਟ ਸੈਨਾ ਵਿਚ ਸੀ ਉਸ ਨੇ ਇਕ ਤਰ੍ਹਾਂ ਦੀ ਸਮਾਨ ਸਰਕਾਰ ਸਥਾਪਿਤ ਕਰ ਲਈ ਸੀ। ਇਹ ਸਰਕਾਰ ਹਨਕਾਊ ਵਿਚ ਸਥਾਪਿਤ ਕੀਤੀ ਗਈ ਕਿਉਂਕਿ ਉਥੇ ਕਮਿਊਨਿਸਟ ਕਾਫੀ ਸ਼ਕਤੀਵਾਨ ਸਨ। ਉਸ ਤੋਂ ਬਾਅਦ ਉਹਨਾਂ ਨੇ ਹਾਨਕਿੰਗ ਤੇ ਅਧਿਕਾਰ ਜਮਾ ਲਿਆ ਅਤੇ ਨਾਲ ਹੀ ਵਿਦੇਸ਼ੀਆਂ ਨਾਲ ਬਹੁਤ ਭੈੜਾ ਸਲੂਕ ਕੀਤਾ ਗਿਆ। ਹਾਨਕਿੰਗ ਮਾਮਲੇ ਨੇ ਵਿਦੇਸ਼ੀਆਂ ਨੂੰ ਉਤੇਜਿਤ ਕੀਤਾ ਅਤੇ ਵਿਦੇਸ਼ੀਆਂ ਨੇ ਇਸ ਨਵੀਂ ਵਿਵਸਥਾ ਦੀ ਸਖਤ ਸ਼ਬਦਾਂ ਵਿਚ ਆਲੋਚਨਾ ਕਰਨੀ ਸ਼ੁਰੂ ਕਰ ਦਿੱਤੀ। ਇਥੋਂ ਤਕ ਕਿ ਜਾਪਾਨ ਨੇ ਕਈ ਹਜਾਰ ਸੈਨਿਕ ਚੀਨ ਵਿਚ ਭੇਜੇ। ਚਾਂਗ ਨੂੰ ਇਹੋ ਜਿਹੀਆਂ ਘਟਨਾਵਾਂ ਦੇ ਵਾਪਰਨ ਦਾ ਡਰ ਸੀ। ਇਸ ਲਈ ਉਸਨੇ ਕਿਓਮਿਤੇਂਗ ਨੂੰ ਕਮਿਊਨਿਸਟਾਂ ਅਤੇ ਰੈਡੀਕਲਾਂ ਤੋਂ ਵੱਖ ਕਰ ਲਿਆ ਅਤੇ ਨਾਲ ਹੀ ਹਨਕਾਓ ਤੇ ਆਪਣਾ ਅਧਿਕਾਰ ਸਥਾਪਿਤ ਕਰ ਲਿਆ। ਉਸ ਤੋਂ ਬਾਅਦ

ਸੰਘਾਈ ਪੁੱਜਿਆ ਅਤੇ ਉਥੇ ਕਮਿਊਨਿਸਟਾਂ ਨਾਲੋਂ ਵੀ ਆਪਣੇ ਸੰਬੰਧ ਤੋੜ ਲਏ ਅਤੇ 1927 ਈ. ਵਿਚ ਹਾਨਕਿੰਗ ਵਿਚ ਇਕ ਨੈਸ਼ਨਲਿਸਟ ਸਰਕਾਰ ਦੀ ਸਥਾਪਨਾ ਕੀਤੀ। 1928 ਈ. ਵਿਚ ਨੈਸ਼ਨਲਿਸਟ ਸੈਨਾ ਨੇ ਪੀਕਿੰਗ ਤੇ ਅਧਿਕਾਰ ਕਰ ਲਿਆ। ਇਸ ਸ਼ਹਿਰ ਤੇ ਕਬਜ਼ਾ ਇਸ ਗੱਲ ਦਾ ਪ੍ਰਤੀਕ ਸੀ ਕਿ ਚਾਂਗ ਦੇ ਉੱਤਰੀ ਚੀਨ ਤੇ ਪੂਰੀ ਤਰ੍ਹਾਂ ਕੰਟਰੋਲ ਹੋ ਗਿਆ ਸੀ। ਇਸ ਤਰ੍ਹਾਂ ਨੈਸ਼ਨਲਿਸਟ ਸਰਕਾਰ ਦੇ ਅਧੀਨ ਚੀਨ ਨੂੰ ਸੰਗਠਿਤ ਕੀਤਾ ਗਿਆ ਅਤੇ ਸੰਗਠਤ ਚੀਨ ਦੀ ਰਾਜਧਾਨੀ ਨੂੰ ਪੀਕਿੰਗ ਤੋਂ ਬਦਲ ਕੇ ਹਾਨਕਿੰਗ ਵਿਚ ਲਿਜਾਇਆ ਗਿਆ।

## ਰਾਸ਼ਟਰਵਾਦੀਆਂ ਅਤੇ ਕਮਿਊਨਿਸਟਾਂ ਵਿਚ ਸੰਘਰਸ਼

ਰਾਸ਼ਟਰਵਾਦੀ ਸਰਕਾਰ ਨੂੰ ਅੰਦਰੂਨੀ ਖੇਤਰ ਵਿਚ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਇਨ੍ਹਾਂ ਵਿਚ ਸਭ ਤੋਂ ਪ੍ਰਮੁੱਖ ਸਾਮਵਾਦੀਆਂ ਦਾ ਵਿਰੋਧ ਸੀ। 1928 ਈ. ਪਿਛੋਂ ਚੀਨ ਵਿਚ ਸਾਮਵਾਦੀਆਂ ਦੀ ਸ਼ਕਤੀ ਵਧਣ ਲੱਗੀ। ਰੂਸ ਦੀ ਸਹਾਇਤਾ ਨਾਲ ਇਨ੍ਹਾਂ ਨੇ ਇਕ ਸ਼ਕਤੀਸ਼ਾਲੀ ਰੈਡ ਆਰਮੀ ਦਾ ਨਿਰਮਾਣ ਕਰ ਲਿਆ। ਚਿਆਂਗ ਦੀ ਸਰਕਾਰ ਧਰਮ-ਵਾਦੀਆਂ ਦੀ ਸ਼ਕਤੀ ਨੂੰ ਖਤਮ ਕਰਨ ਵਿਚ ਅਸਫਲ ਰਹੀ। 1931 ਈ. ਵਿਚ ਸਾਮਵਾਦੀਆਂ ਨੇ ਕਿਆਂਗਸੀ ਪ੍ਰਾਂਤ ਵਿਚ ਆਪਣੀ ਸ਼ਕਤੀ ਕਾਇਮ ਕਰ ਲਈ। 1934 ਈ. ਚਿਆਂਗ ਨੇ ਇਨ੍ਹਾਂ ਦੀ ਸ਼ਕਤੀ ਨੂੰ ਖਤਮ ਕਰਨ ਲਈ ਸੈਨਿਕ ਕਾਰਵਾਈ ਕਰਨ ਦਾ ਫੈਸਲਾ ਕੀਤਾ। ਉਸ ਨੇ ਕਿਆਂਗਸੀ ਖੇ ਤਰ ਨੂੰ ਤਿੰਨ ਪਾਸਿਓਂ ਘੇਰਾ ਪਾ ਲਿਆ ਅਤੇ ਸਾਮਵਾਦੀਆਂ ਨੂੰ ਉੱਤਰ-ਪੱਛਮ ਵਲੋਂ ਇਕ ਕਠਿਨ ਰਸਤੇ ਵਲ ਜਾਣ ਲਈ ਮਜ਼ਬੂਰ ਕਰ ਦਿੱਤਾ। ਵੀਹ ਹਜਾਰ ਸਾਮਵਾਦੀ 370 ਦਿਨਾਂ ਵਿਚ 6 ਹਜ਼ਾਰ ਮੀਲ ਦਾ ਕਸ਼ਟਮਈ ਸਫਰ ਕਰਕੇ ਸੈਂਸੀ ਪੁੱਜੇ। ਇਸ ਘਟਨਾ ਨੂੰ ਚੀਨ ਦੇ ਇਤਿਹਾਸ ਵਿਚ ਲੰਮੀ ਯਾਤਰਾ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ।

**ਜਾਪਾਨੀ ਹਮਲਾ ਅਤੇ ਸੰਯੁਕਤ ਮੋਰਚੇ ਦੀ ਸਥਾਪਨਾ :** 1931 ਈ. ਵਿਚ ਜਾਪਾਨ ਨੇ ਮਾਂਚੂਰੀਆ ਉੱਤੇ ਅਧਿਕਾਰ ਕਰ ਲਿਆ ਅਤੇ ਅਗਲੇ ਕੁਝ ਸਾਲਾਂ ਵਿਚ ਉਸ ਨੇ ਚੀਨ ਦੇ ਉੱਤਰ ਪੂਰਬ ਵੱਲ ਆਪਣਾ ਪ੍ਰਭਾਵ ਵਧਾਉਣਾ ਸ਼ੁਰੂ ਕਰ ਦਿੱਤਾ। ਚਿਆਂਗ ਨੇ ਜਾਪਾਨ ਦੀ ਸ਼ਕਤੀ ਤੋਂ ਡਰਦੇ ਹੋਏ ਯੁਧ ਦੀ ਥਾਂ ਸਮਝੌਤੇ ਦੀ ਨੀਤੀ ਦਾ ਪਾਲਣ ਕੀਤਾ। ਪਰੰਤੂ ਚੀਨ ਦੇ ਸਾਮਵਾਦੀਆ ਨੇ ਜਾਪਾਨ ਵਿਰੁੱਧ ਲੜਾਈ ਦਾ ਐਲਾਨ ਕਰ ਦਿੱਤਾ ਅਤੇ ਚਿਆਂਗ ਨੂੰ ਅੰਦਰੂਨੀ ਮਤਭੇਦ ਖਤਮ ਕਰਕੇ ਜਾਪਾਨੀ ਖਤਰੇ ਦਾ ਮੁਕਾਬਲਾ ਕਰਨ ਲਈ ਸੰਯੁਕਤ ਮੋਰਚਾ ਬਣਾਉਣ ਦਾ ਸੁਝਾਅ ਦਿੱਤਾ। ਚਿਆਂਗ ਦੇ ਇਸ ਪ੍ਰਸਤਾਵ ਨੂੰ ਨਾ ਮੰਨਣ ਤੇ ਦੇਸ਼ ਵਿਚ ਉਸ ਦੇ ਵਿਰੁੱਧ ਸੰਯੁਕਤ ਮੋਰਚੇ ਦੀ ਮੰਗ ਨੂੰ ਸਵੀਕਾਰ ਕਰਨ ਲਈ ਮਜ਼ਬੂਰ ਕਰ ਦਿੱਤਾ। ਚਿਆਂਗ ਇਸ ਸਮਝੌਤੇ ਨੇ ਚੀਨ ਵਿਚ ਚਲ ਰਹੇ ਅੰਦਰੂਨੀ ਸੰਕਟ ਨੂੰ ਥੋੜੇ ਸਮੇਂ ਲਈ ਖਤਮ ਕਰ ਦਿੱਤਾ ਅਤੇ ਦੇਸ਼ ਵਿਚ ਰਾਜਨੀਤਿਕ ਏਕਤਾ ਸਥਾਪਿਤ ਕਰ ਦਿੱਤੀ ਜਿਸ ਨੇ ਦੇਸ਼ ਨੂੰ ਜਾਪਾਨ ਵਿਰੁੱਧ ਯੁੱਧ ਲਈ ਸ਼ਕਤੀ ਪ੍ਰਦਾਨ ਕੀਤੀ।

**ਚੀਨ-ਜਾਪਾਨ ਯੁੱਧ (1937-45) :** ਚੀਨ-ਜਾਪਾਨ ਯੁੱਧ ਅੱਠ ਸਾਲ ਚਲਦਾ ਰਿਹਾ। ਜਾਪਾਨ ਨੇ ਚੀਨ ਦੇ ਵੱਡੇ ਇਲਾਕੇ ਉੱਤੇ ਕਬਜ਼ਾ ਕਰ ਲਿਆ ਅਤੇ ਰਾਸ਼ਟਰਵਾਦੀ ਸਰਕਾਰ ਨੂੰ ਨੈਕਿੰਗ ਛੱਡ ਕੇ ਦੱਖਣ-ਪੂਰਬ ਵਿਚ ਚੁੰਗਕਿੰਗ ਵਲੋਂ ਜਾਣ ਲਈ ਮਜ਼ਬੂਰ ਕਰ ਦਿੱਤਾ। ਇਸ ਯੁੱਧ ਨੇ ਚਿਆਂਗ ਦੀ ਸਰਕਾਰ ਨੂੰ ਕਮਜ਼ੋਰ ਕਰ ਦਿੱਤਾ ਅਤੇ ਦੂਜੇ ਪਾਸੇ ਸਾਮਵਾਦੀਆਂ ਨੂੰ ਆਪਣੀ ਸਥਿਤੀ ਦ੍ਰਿੜ ਕਰਨ ਦਾ ਮੌਕਾ ਪ੍ਰਦਾਨ ਕੀਤਾ। ਸਾਮਵਾਦੀਆਂ ਨੇ ਮੱਧ ਚੀਨ ਦੇ ਉਨ੍ਹਾਂ ਇਲਾਕਿਆਂ ਵਿਚ ਆਪਣਾ ਪ੍ਰਭਾਵ ਵਧਾਉਣਾ ਸ਼ੁਰੂ ਕਰ ਦਿੱਤਾ ਜਿਹੜਾ ਰਾਸ਼ਟਰਵਾਦੀ ਸਰਕਾਰ ਜਾਪਾਨ ਨੂੰ ਗੁਆ ਬੈਠੀ ਸੀ। ਇਨ੍ਹਾਂ ਇਲਾਕਿਆਂ ਵਿਚ ਜਾਪਾਨੀ ਸਾਮਰਾਜਵਾਦ ਦੇ ਵਿਰੋਧ ਅਤੇ ਖੇ ਤੀ ਸੰਬੰਧੀ ਸੁਧਾਰਾਂ ਦਾ ਭਰੋਸਾ ਦਿਵਾ ਕੇ ਸਾਮਵਾਦੀ ਨੇਤਾਵਾਂ ਨੇ ਕਿਸਾਨਾਂ ਦਾ ਸਮਰਥਨ ਪ੍ਰਾਪਤ ਕਰ ਲਿਆ। ਯੁੱਧ ਦੇ ਦੌਰਾਨ ਸਾਮਵਾਦੀਆਂ ਦੀ ਆਪਣੀ ਰੈਡ ਆਰਮੀ ਦੀ ਗਿਣਤੀ 40 ਹਜ਼ਾਰ ਤੋਂ ਵੱਧ ਕੇ 20 ਲੱਖ ਤਕ ਪਹੁੰਚ ਗਈ। ਇਸ ਪ੍ਰਕਾਰ 1945 ਈ. ਵਿਚ ਮਾਓ-ਸੇ-ਤੁੰਗ ਦੀ ਯੋਗ ਅਵਗਾਈ ਹੇਠ ਸਾਮਵਾਦੀ ਚਿਆਂਗ ਦੀ ਰਾਸ਼ਟਰੀ ਸਰਕਾਰ ਨੂੰ ਵੰਗਾਰਣ ਨੂੰ ਤਿਆਰ ਹੋ ਗਏ।

**ਸਰਵ-ਉੱਚਤਾ ਲਈ ਸੰਘਰਸ਼ ਅਤੇ ਸਾਮਵਾਦੀਆਂ ਦੀ ਜਿੱਤ :** ਹੀਰੋਸ਼ੀਮਾ ਅਤੇ ਨਾਗਾਸਾਕੀ ਸ਼ਹਿਰਾਂ

ਉੱਤੇ ਐਟਮ ਬੰਬ ਦੇ ਹਮਲੇ ਪਿੱਛੋਂ ਜਾਪਾਨ ਨੇ ਹਥਿਆਰ ਸੁੱਟ ਦਿੱਤੇ। ਹੁਣ ਚੀਨ ਵਿਚ ਜਾਪਾਨ ਵਲੋਂ ਖਾਲੀ ਕੀਤੇ ਇਲਾਕਿਆਂ ਨੂੰ ਪ੍ਰਾਪਤ ਕਰਨ ਲਈ ਰਾਸ਼ਟਰਵਾਦੀਆ ਅਤੇ ਸਾਮਵਾਦੀਆਂ ਵਿਚ ਸੰਘਰਸ਼ ਸ਼ੁਰੂ ਹੋ ਗਿਆ। ਇਸ ਸੰਘਰਸ਼ ਵਿਚ ਸਾਮਵਾਦੀਆਂ ਸਫਲਤਾ ਮਿਲੀ ਤੇ ਲੋਕਾਂ ਵਿਚ ਲੋਕ ਪ੍ਰਿਯ ਬਣ ਗਏ। ਸਾਮਵਾਦੀਆਂ ਨੇ ਆਪਣੀ ਰੈਡ ਆਰਮੀ ਦਾ ਨਾਂ ਬਦਲ ਕੇ ਲੋਕ-ਸੈਨਾ ਰੱਖ ਦਿੱਤਾ। 1947 ਈ. ਤੱਕ ਸਾਮਵਾਦੀ ਰਾਸ਼ਟਰਵਾਦੀਆਂ ਨੂੰ ਮਾਚੂਰੀਆ ਟਾਂਇੰਟਸਨ ਅਤੇ ਪੀਕਿੰਗ ਅਤੇ ਅਪ੍ਰੈਲ ਵਿਚ ਨੈਕਿੰਗ ਉੱਤੇ ਵੀ ਸਾਮਵਾਦੀਆਂ ਨੇ ਕਬਜ਼ਾ ਕਰ ਲਿਆ। ਹੌਲੀ-ਹੌਲੀ ਉਨ੍ਹਾਂ ਸੰਘਾਈ, ਹੈਂਕੋ ਅਤੇ ਹਿਨਯਾਂਗ ਦੇ ਇਲਾਕੇ ਵੀ ਆਪਣੇ ਅਧਿਕਾਰ ਹੇਠ ਕਰ ਲਏ। ਚਿਆਂਗ ਨੂੰ ਆਪਣੇ ਸਾਥੀਆਂ ਸਮੇਤ ਫਾਰਮੋਸਾਂ ਦੇ ਟਾਪੂ ਵਿਚ ਸ਼ਰਣ ਲੈਣੀ ਪਈ ਜਿੱਥੇ ਉਸ ਨੇ ਆਪਣੀ ਮੌਤ ਤਕ (1975 ਈ.) ਰਾਜ ਕੀਤਾ।

**ਚੀਨ ਵਿਚ ਲੋਕ-ਗਣਤੰਤਰ ਦੀ ਸਥਾਪਨਾ :** ਪਹਿਲੀ ਅਕਤੂਬਰ 1949 ਈ. ਨੂੰ ਮਾਓ-ਸੇ-ਤੁੰਗ ਨੇ ਚੀਨ ਵਿਚ ਲੋਕਾਂ ਦੀ ਗਣਤੰਤਰੀ ਸਰਕਾਰ ਦੀ ਸਥਾਪਨਾ ਕੀਤੀ। ਮਾਓ-ਸੇ-ਤੁੰਗ ਦੇਸ਼ ਦਾ ਪਹਿਲਾ ਰਾਸ਼ਟਰਪਤੀ ਅਤੇ ਚਾਓ-ਐਨ-ਲਾਈ ਪਹਿਲਾ ਪ੍ਰਧਾਨ ਮੰਤਰੀ ਬਣਿਆ। ਰੂਸ ਨੇ ਅਗਲੇ ਹੀ ਦਿਨ ਇਸ ਸਰਕਾਰ ਨੂੰ ਮਾਨਤਾ ਦੇ ਦਿੱਤੀ। ਛੇਤੀ ਹੀ ਭਾਰਤ ਤੇ ਦੁਨੀਆਂ ਦੇ ਹੋਰ ਦੇਸ਼ਾਂ ਨੇ ਵੀ ਸਾਮਵਾਦੀ ਸਰਕਾਰ ਨੂੰ ਮਾਨਤਾ ਦੇ ਦਿੱਤੀ। ਨਵੀਂ ਸਰਕਾਰ ਨੇ ਪੀਕਿੰਗ ਨੂੰ ਆਪਣੀ ਰਾਜਧਾਨੀ ਬਣਾਇਆ। ਯੂ. ਐਸ. ਏ. ਨੇ ਇਸ ਸਰਕਾਰ ਨੂੰ 1972 ਈ. ਵਿਚ ਮਾਨਤਾ ਦਿੱਤੀ।

## ਕ੍ਰਾਂਤੀ ਦੇ ਪ੍ਰਭਾਵ

*1949* ਈ. ਦੀ ਚੀਨੀ ਕ੍ਰਾਂਤੀ ਨੇ ਸਿਰਫ ਚੀਨ ਦੇ ਇਤਿਹਾਸ ਵਿਚ ਹੀ ਸਗੋਂ ਵਿਸ਼ਵ ਦੇ ਇਤਿਹਾਸ ਵਿਚ ਇਕ ਮਹੱਤਵਪੂਰਨ ਘਟਨਾ ਮੰਨੀ ਜਾਂਦੀ ਹੈ। ਇਸ ਘਟਨਾ ਨੇ ਨਾ ਸਿਰਫ ਚੀਨ ਦੇ ਲੋਕਾਂ ਦੇ ਜੀਵਨ ਵਿਚ ਤਬਦੀਲੀ ਲਿਆਂਦੀ ਸਗੋਂ ਵਿਸ਼ਵ ਦੇ ਸ਼ਕਤੀ ਸੰਤੁਲਨ ਵਿਚ ਵੀ ਵੱਡਾ ਪਰਿਵਰਤਨ ਲਿਆਂਦਾ।

**ਰਾਸ਼ਟਰੀ ਏਕਤਾ ਅਤੇ ਸ਼ਕਤੀਸ਼ਾਲੀ ਕੇਂਦਰੀ ਸਰਕਾਰ ਦੀ ਸਥਾਪਨਾ :** ਇਸ ਕ੍ਰਾਂਤੀ ਨੇ ਚੀਨ ਵਿਚ ਏਕਤਾ ਦੀ ਸਥਾਪਨਾ ਕੀਤੀ। ਫਾਰਮੋਸਾਂ ਦੇ ਟਾਪੂ ਨੂੰ ਛੱਡ ਕੇ ਸਾਰੇ ਦੇਸ਼ ਦੇ ਵੱਖ-ਵੱਖ ਭਾਗਾਂ ਨੂੰ ਕੇਂਦਰੀ ਸਰਕਾਰ ਦੇ ਪ੍ਰਭਾਵ ਹੇਠ ਲਿਆਂਦਾ। ਸਾਰੇ ਦੇਸ਼ ਵਿਚ ਇਕ ਤਰ੍ਹਾਂ ਦਾ ਸ਼ਾਸਨ ਸਥਾਪਿਤ ਕੀਤਾ ਗਿਆ। ਨਿਰਸੰਦੇਹ ਚੀਨ ਦੇ ਲੋਕਾਂ ਨੂੰ ਦੁਨੀਆਂ ਵਿਚ ਹੁਣ ਇਕ ਮਾਣ-ਭਰਿਆ ਸਥਾਨ ਹਾਸਿਲ ਹੋਇਆ।

**ਸ਼ਾਂਤੀ ਅਤੇ ਸੁਰੱਖਿਆ :** ਦੇਸ਼ ਵਿਚ 1916 ਈ. ਤੋਂ ਚਲੀ ਆ ਰਹੀ ਅਰਾਜਕਤਾ ਦੇ ਦੌਰ ਦਾ ਅੰਤ ਕਰਕੇ ਸਾਮਵਾਦੀ ਸਰਕਾਰ ਨੇ ਦੇਸ਼ ਵਿਚ ਸਥਾਈ ਸ਼ਾਂਤੀ ਦੀ ਸਥਾਪਨਾ ਕੀਤੀ। ਕੁਸ਼ਲ ਪੁਲੀਸ ਵਿਵਸਥਾ ਅਤੇ ਖੁਫੀਆ ਪੁਲੀਸ ਦੀ ਸਹਾਇਤਾ ਨਾਲ ਕ੍ਰਾਂਤੀ ਵਿਰੋਧੀ ਅਤੇ ਸਮਾਜ ਵਿਰੋਧੀ ਤੱਤਾਂ ਦਾ ਦਮਨ ਕਰ ਦਿੱਤਾ ਗਿਆ।

**ਸਮਾਜਿਕ ਬੁਰਾਈਆਂ ਦਾ ਅੰਤ :** ਸਾਮਵਾਦੀ ਸਰਕਾਰ ਨੇ ਦੇਸ਼ ਵਿਚ ਪ੍ਰਚਲਿਤ ਬੁਰਾਈਆਂ-ਅਫੀਮ ਦੀ ਵਰਤੋਂ, ਸ਼ਰਾਬਨੋਸ਼ੀ, ਵੇਸ਼ਵਾਪਨ, ਜੂਆ ਆਦਿ ਵਿਰੁੱਧ ਕਾਨੂੰਨ ਬਣਾ ਕੇ ਇਨ੍ਹਾਂ ਦਾ ਅੰਤ ਕਰ ਦਿੱਤਾ। ਇਸਤਰੀਆਂ ਨੂੰ ਪੁਰਸ਼ਾਂ ਦੇ ਬਰਾਬਰ ਦੇ ਹੱਕ ਦੇ ਕੇ ਸਦੀਆਂ ਤੋਂ ਚਲੇ ਆ ਰਹੇ ਵਿਤਕਰੇ ਨੂੰ ਖਤਮ ਕਰ ਦਿੱਤਾ।

**ਨਵੇਂ ਸੰਵਿਧਾਨ ਦਾ ਨਿਰਮਾਣ :** ਮਾਓ-ਸੇ-ਤੁੰਗ ਦੀ ਪ੍ਰਧਾਨਗੀ ਹੇਠ ਨਵਾਂ ਸੰਵਿਧਾਨ ਬਣਾਉਣ ਲਈ ਇਕ ਕਮੇਟੀ ਦਾ ਗਠਨ ਕੀਤਾ ਗਿਆ। ਪੱਛਮੀ ਦੇਸ਼ਾਂ ਦੇ ਪ੍ਰਜਾਤੰਤਰੀ ਨਮੂਨੇ ਤੇ ਨਵਾਂ ਸੰਵਿਧਾਨ ਬਣਾਇਆ ਗਿਆ। ਸਾਰੀ ਸ਼ਕਤੀ ਇਕ-ਰਾਸ਼ਟਰੀ ਲੋਕ ਕਾਂਗਰਸ ਨੂੰ ਮਿਲ ਗਈ। ਇਹ ਦੇਸ਼ ਦੀ ਸਭ ਤੋਂ ਸ੍ਰੇਸ਼ਟ ਤੇ ਸ਼ਕਤੀਸ਼ਾਲੀ ਸਭਾ ਸੀ ਜਿਸ ਨੂੰ ਸੰਵਿਧਾਨ ਲਾਗੂ ਕਰਨ ਤੇ ਇਸ ਵਿਚ ਸੋਧ ਕਰਨ ਦਾ ਅਧਿਕਾਰ ਸੀ। ਸੰਵਿਧਾਨ ਅਨੁਸਾਰ ਦੇਸ਼ ਦੇ ਨਾਗਰਿਕਾਂ ਨੂੰ ਬਾਲਗ ਵੋਟ ਅਧਿਕਾਰ, ਕਾਨੂੰਨ ਸਾਹਮਣੇ ਬਰਾਬਰੀ, ਬੋਲਣ, ਲਿਖਣ ਅਤੇ ਧਾਰਮਿਕ ਸੁਤੰਤਰਤਾ ਆਦਿ ਮੌਲਿਕ ਅਧਿਕਾਰ ਪ੍ਰਦਾਨ ਕੀਤੇ ਗਏ।

**ਭੂਮੀ ਸੰਬੰਧੀ ਸੁਧਾਰ :** ਚੀਨ ਆਰਥਿਕ ਪੱਖ ਤੋਂ ਇਕ ਪਛੜਿਆ ਹੋਇਆ ਦੇਸ਼ ਸੀ। ਦੇਸ਼ ਦੀ ਆਰਥਿਕ ਦਸ਼ਾ ਬਹੁਤ ਹੀ ਵਿਗੜ ਚੁੱਕੀ ਸੀ। ਸਾਮਵਾਦੀ ਸਰਕਾਰ ਨੇ ਇਕ ਭੂਮੀ ਸੁਧਾਰ ਬਿਲ ਪਾਸ ਕਰਕੇ ਭੂਮੀ ਪਤੀਆਂ ਦੀ ਜਮੀਨ ਭੂਮੀਹੀਣ ਕਿਸਾਨਾਂ ਵਿਚ ਵੰਡ ਦਿੱਤੀ। ਇਸ ਤੋਂ ਇਲਾਵਾ ਧਾਰਮਿਕ ਅਤੇ ਵਿਦਿਅਕ ਸਥਾਨਾਂ ਦੀ ਭੂਮੀ ਉੱਤੇ ਵੀ ਕਬਜਾ ਕਰ ਲਿਆ ਅਤੇ ਇਹ ਭੂਮੀ ਦੀ ਵੀ ਗਰੀਬ ਕਿਸਾਨਾਂ ਵਿਚ ਵੰਡ ਕਰ ਦਿੱਤੀ। ਕਿਸਾਨਾਂ ਦੀ ਸਹਾਇਤਾ ਲਈ ਸਰਕਾਰੀ ਸਹਿਕਾਰੀ ਸੰਮਤੀਆਂ ਦਾ ਨਿਰਮਾਣ ਕੀਤਾ ਗਿਆ ਜੋ ਖੇਤੀਬਾੜੀ ਦੇ ਉਤਪਾਦਨ ਵਿਚ ਵਾਧਾ ਕਰਨ ਵਿਚ ਸਹਾਇਕ ਸਿੱਧ ਹੋਈਆਂ।

**ਵਿਦੇਸ਼ੀਆਂ ਦੀ ਸੰਮਤੀ ਦਾ ਰਾਸ਼ਟਰੀਕਰਣ :** ਯੂਰਪੀ ਲੋਕਾਂ ਨੇ ਚੀਨ ਦੀ ਅਰਥ-ਵਿਵਸਥਾ, ਵਪਾਰ ਅਤੇ ਉਦਯੋਗ ਉੱਤੇ ਆਪਣਾ ਪ੍ਰਭੁਤਵ ਕਰ ਲਿਆ ਸੀ। ਚੀਨੀ ਲੋਕ ਵਿਦੇਸ਼ੀਆਂ ਦੇ ਇਸ ਪ੍ਰਭਾਵ ਤੋਂ ਬਹੁਤ ਤੰਗ ਸਨ। ਸਾਮਵਾਦੀ ਸਰਕਾਰ ਨੇ ਦੇਸ਼ ਦੀ ਵਾਗਡੋਰ ਸੰਭਾਲਦੇ ਹੀ ਵਿਦੇਸ਼ੀਆ ਨੂੰ ਦੇਸ਼ ਵਿਚੋਂ ਬਾਹਰ ਕੱਢਣ ਦੀ ਮੁਹਿੰਮ ਆਰੰਭ ਕਰ ਦਿੱਤੀ। 1950 ਈ. ਤਕ ਵਿਦੇਸ਼ੀਆਂ ਦੇ ਵਪਾਰਕ ਅਦਾਰਿਆ ਤੇ ਕਾਰਖਾਨਿਆਂ ਦਾ ਰਾਸ਼ਟਰੀਕਰਣ ਕਰ ਦਿੱਤਾ ਗਿਆ। ਵਿਦੇਸ਼ੀਆਂ ਦੀ ਚੀਨ ਵਿਚ ਸਾਰੀ ਜਾਇਦਾਦ ਉੱਤੇ ਬਿਨਾ ਮੁਆਵਜਾ ਦਿੱਤੇ ਅਧਿਕਾਰ ਕਰ ਲਿਆ ਅਤੇ ਉਨ੍ਹਾਂ ਨੂੰ ਦੇਸ਼ ਛੱਡਣ ਦਾ ਆਦੇਸ਼ ਦੇ ਦਿੱਤਾ।

**ਉਦਯੋਗਿਕ ਵਿਕਾਸ :** ਸਾਮਵਾਦੀ ਸਰਕਾਰ ਦਾ ਖੇਤੀ ਪ੍ਰਧਾਨ ਚੀਨ ਨੂੰ ਇਕ ਉੱਨਤ ਉਦਯੋਗਿਕ ਦੇਸ਼ ਬਣਾਉਣ ਦਾ ਮੁੱਖ ਉਦੇਸ਼ ਸੀ। ਦੇਸ਼ ਵਿਚ ਪੰਜ ਸਾਲਾਂ ਯੋਜਨਾਵਾਂ ਅਧੀਨ ਉਦਯੋਗਿਕ ਵਿਕਾਸ ਦੇ ਨਿਸ਼ਚਿਤ ਟੀਚੇ ਮਿਥੇ ਗਏ। ਛੇਤੀ ਹੀ ਚੀਨ ਦੁਨੀਆਂ ਦਾ ਇਕ ਮਹੱਤਵਪੂਰਣ ਉਦਯੋਗਿਕ ਦੇਸ਼ ਬਣ ਗਿਆ।

**ਵਿਦੇਸ਼ ਖੇਤਰ ਵਿਚ ਪ੍ਰਭਾਵ :** 1949 ਈ. ਦੀ ਚੀਨੀ ਕ੍ਰਾਂਤੀ ਨੇ ਵਿਦੇਸ਼ੀ ਖੇਤਰ ਵਿਚ ਡੂੰਘਾ ਪ੍ਰਭਾਵ ਪਾਇਆ। ਇਸ ਕ੍ਰਾਂਤੀ ਨੇ ਯੂ. ਐਸ. ਏ. ਦੇ ਪ੍ਰਭਾਵ ਨੂੰ ਗਹਿਰੀ ਚੋਟ ਮਾਰੀ। ਇਸ ਕ੍ਰਾਂਤੀ ਦੇ ਫਲਸਰੂਪ ਚੀਨ-ਰੂਸ ਸੰਬੰਧਾਂ ਵਿਚ ਭਾਰੀ ਅੰਤਰ ਆਇਆ। ਰੂਸੀਆਂ ਨੇ ਸਾਮਵਾਦੀਆਂ ਦੇ ਗ੍ਰਹਿ ਯੁੱਧ ਵਿਚ ਸਹਾਇਤਾ ਕੀਤੀ। ਸਾਮਵਾਦੀ ਚੀਨ ਦੇ ਉਭਾਰ ਨਾਲ ਪੱਛਮੀ ਸ਼ਕਤੀਆ ਦੇ ਸਾਮਵਾਦੀ ਸ਼ਕਤੀਆਂ ਵਿਚ ਇਕ ਸ਼ਕਤੀ ਸੰਤੁਲਨ ਸਥਾਪਿਤ ਹੋ ਗਿਆ। ਇਸ ਕ੍ਰਾਂਤੀ ਦੇ ਸਿੱਟੇ ਵਜੋਂ ਏਸ਼ੀਆ ਦੇ ਕਈ ਦੇਸ਼ਾਂ ਵਿਚ ਸਾਮਵਾਦੀ ਲਹਿਰ ਆਰੰਭ ਹੋ ਗਈ। ਚੀਨੀ ਕ੍ਰਾਂਤੀ ਦਾ ਅਫਰੀਕੀ ਦੇਸ਼ਾਂ ਦੇ ਲੋਕਾਂ ਉੱਤੇ ਵੀ ਪ੍ਰਭਾਵ ਪਿਆ। ਚੀਨ ਦੀ ਸਾਮਵਾਦੀ ਸਰਕਾਰ ਨੇ ਸਾਰੇ ਰਾਸ਼ਟਰੀ ਅੰਦੋਲਨਾਂ ਦਾ ਸਮਰਥਨ ਦੇਣ ਦਾ ਐਲਾਨ ਕੀਤਾ। ਸਿੱਟੇ ਵਜੋਂ ਸੁਤੰਤਰਤਾ ਲਈ ਸੰਘਰਸ਼ ਕਰ ਰਹੇ ਅਫਰੀਕੀ ਦੇਸ਼ਾਂ ਦੇ ਅੰਦੋਲਨਾਂ ਵਿਚ ਤੇਜੀ ਆ ਗਈ।

## ਤੁਹਾਡੇ ਅਭਿਆਸ ਲਈ ਪ੍ਰਸ਼ਨ

1. 1930-1949 ਈ. ਦੌਰਾਨ ਰਾਸ਼ਟਰਵਾਦੀਆਂ ਅਤੇ ਸਾਮਵਾਦੀਆ ਵਿਚ ਹੋਏ ਸੰਘਰਸ਼ ਦਾ ਸੰਖੇਪ ਵਰਣਨ ਕਰੋ।
2. ਮਾਓ-ਸੇ-ਤੁੰਗ ਦੀ ਭੂਮਿਕਾ ਦਾ ਵਿਸ਼ੇਸ਼ ਹਵਾਲਾ ਦਿੰਦੇ ਹੋਏ 1949 ਈ. ਦੀ ਚੀਨ ਦੀ ਕ੍ਰਾਂਤੀ ਲਈ ਜ਼ਿੰਮੇਵਾਰ ਪਰਿਸਥਿਤੀਆਂ ਦਾ ਵਰਣਨ ਕਰੋ।
3. 1949 ਈ. ਦੀ ਚੀਨ ਕ੍ਰਾਂਤੀ ਦੇ ਮੁੱਖ ਪਰਿਣਾਮਾਂ ਦਾ ਵਰਣਨ ਕਰੋ।
4. ਹੇਠ ਲਿਖਿਆਂ ਉੱਤੇ ਸੰਖੇਪ ਨੋਟ ਲਿਖੋ :
   (ੳ) ਸਨ-ਯਾਤ ਸੇਨ
   (ਅ) ਚਿਆਂਗ-ਕਾਈ-ਸ਼ੇਕ

## Key words

1. ਰੈਡ ਆਰਮੀ (Red Army) : ਰੂਸ ਦੀ ਸਹਾਇਤਾ ਲਈ ਸਾਮਵਾਦੀਆਂ ਨੇ ਇਕ ਸ਼ਕਤੀਸ਼ਾਲੀ ਸੈਨਾ ਦਾ ਨਿਰਮਾਣ ਕੀਤਾ ਜਿਸ ਨੂੰ ਰੈਡ ਆਰਮੀ ਕਿਹਾ ਜਾਂਦਾ ਸੀ।
2. ਲੰਮੀ ਯਾਤਰਾ (Long March) :- 1934 ਈ. ਵਿਚ ਚਿਆਂਗ ਨੇ ਸਾਮਵਾਦੀ ਪ੍ਰਭਾਵ ਨੂੰ ਖਤਮ ਕਰਨ ਲਈ ਕਿਆਂਗਸੀ ਖੇਤਰ ਨੂੰ ਤਿੰਨ ਪਾਸਿਓਂ ਘੇਰਾ ਪਾ ਲਿਆ ਅਤੇ ਸਾਮਵਾਦੀਆਂ ਨੂੰ ਉੱਤਰ-ਪੱਛਮ ਵਲੋਂ ਇਕ ਲੰਮੇ ਤੇ ਕਠਿਨ ਮਾਰਗ ਵੱਲ ਜਾਣ ਲਈ ਮਜ਼ਬੂਰ ਕਰ ਦਿੱਤਾ। ਸਿੱਟੇ ਵਜੋਂ 20 ਹਜ਼ਾਰ ਸਾਮਵਾਦੀ 370 ਦਿਨਾਂ ਵਿਚ 6 ਹਜ਼ਾਰ ਮੀਲ ਦਾ ਕਸ਼ਟਮਈ ਪਹਾੜੀ ਰਸਤਾ ਤਹਿ ਕਰਕੇ ਸੈਂਸੀ (Shensi) ਪਹੁੰਚੇ। ਇਹ ਘਟਨਾ ਚੀਨ ਦੇ ਇਤਿਹਾਸ ਵਿਚ ਲੰਮੀ ਯਾਤਰਾ ਵਜੋਂ ਪ੍ਰਸਿੱਧ ਹੈ।

## ਆਪਣੇ ਗਿਆਨ ਨੂੰ ਪਰਖੋ

1. ਕਿਉਮਿਨਤੋਂਗ ਤੋਂ ਕੀ ਭਾਵ ਹੈ ? ਇਸ ਦਾ ਸੰਸਥਾਪਕ ਤੇ ਪ੍ਰਸਿੱਧ ਨੇਤਾ ਕੌਣ ਸੀ ?
2. ਚੀਨ ਵਿਚ ਵਾਪਰੀ ਲੰਮੀ ਯਾਤਰਾ ਦੀ ਘਟਨਾ ਤੋਂ ਕੀ ਭਾਵ ਹੈ ? ਇਸ ਵਿਚ ਕਿੰਨੇ ਵਿਅਕਤੀਆਂ ਦੀ ਮੌਤ ਹੋਈ ?
3. ਮਾਓ-ਸੇ-ਤੁੰਗ ਦੀ ਅਗਵਾਈ ਹੇਠ ਚੀਨ ਗਣਤੰਤਰੀ ਸਰਕਾਰ ਦੀ ਸਥਾਪਨਾ ਕਦੋਂ ਹੋਈ ?
4. 1949 ਈ. ਦੀ ਚੀਨੀ ਕ੍ਰਾਂਤੀ ਪਿਛੋਂ ਚੀਨ ਦਾ ਪ੍ਰਧਾਨ ਮੰਤਰੀ ਕੌਣ ਬਣਿਆ ?
5. 1949 ਈ. ਚੀਨੀ ਕ੍ਰਾਂਤੀ ਵਿਚ ਸਾਮਵਾਦੀਆਂ ਦੀ ਸਫਲਤਾ ਦੇ ਦੋ ਮੁੱਖ ਕਾਰਣ ਦੱਸੋ ?
6. ਚੀਨ ਦੀ 1949 ਈ. ਦੀ ਕ੍ਰਾਂਤੀ ਦੇ ਦੋ ਅੰਤਰ-ਰਾਸ਼ਟਰੀ ਪ੍ਰਭਾਵ ਦੱਸੋ ?
7. ਚੀਨੀ ਕ੍ਰਾਂਤੀ ਦਾ ਅਫਰੀਕੀ ਦੇਸ਼ਾਂ ਉੱਤੇ ਕੀ ਪ੍ਰਭਾਵ ਪਿਆ ?